## CORE COURSE (CC): RELIGIOUS STUDIES

**SEMESTER II PAPER I: ਧਰਮ ਸੰਸਕਾਰ (ਜਨਮ, ਧਰਮ-ਪ੍ਰਵੇਸ਼, ਵਿਆਹ ਅਤੇ ਮ੍ਰਿਤਕ ਸੰਸਕਾਰ) Section - A**

**(RELIGIOUS RITES)**

### UNIT-1 ਧਾਰਮਿਕ ਸੰਸਕਾਰ: ਅਰਥ ਅਤੇ ਸਰੂਪ

0.1 ਉਦੇਸ਼

1.1 ਜਾਣ-ਪਛਾਣ

1.2 ਅਰਥ ਅਤੇ ਪਰਿਭਾਸ਼ਾ

1.3 ਉਦੇਸ਼ ਅਤੇ ਸਰੂਪ

1.4 ਧਾਰਮਿਕ ਸੰਸਕਾਰਾਂ ਦੇ ਵਿਭਿੰਨ ਰੂਪ

1.5 ਮਨੁੱਖੀ ਜੀਵਨ ਵਿਚ ਧਾਰਮਿਕ ਸੰਸਕਾਰਾਂ ਦੀ ਭੂਮਿਕਾ

1.6 ਵਰਤਮਾਨ ਸਮੇਂ ਵਿਚ ਧਰਮ ਸੰਸਾਕਰਾਂ ਦੀ ਪ੍ਰਸੰਗਕਿਤਾ

1.7 ਸਾਰ

1.8 ਪੜ੍ਹਣਯੋਗ ਪੁਸਤਕਾਂ

1.9 ਅਭਿਆਸ ਲਈ ਪ੍ਰਸ਼ਨ

## 0.1 **ਉਦੇਸ਼-**

ਹੱਥਲੀ ਯੂਨਿਟ ਦਾ ਉਦੇਸ਼ ਵਿਦਿਆਰਥੀਆਂ ਨੂੰ ਧਰਮ ਸੰਸਕਾਰ ਦੇ ਅਰਥ, ਪਰਿਭਾਸ਼ਾ ਅਤੇ ਸਰੂਪ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ। ਇਸ ਯੂਨਿਟ ਵਿਚ ਵਿਦਿਆਰਥੀਆਂ ਨੂੰ ਧਰਮ, ਸੰਸਕਾਰ ਦੇ ਸਮਾਜਿਕ-ਧਾਰਮਿਕ ਪੱਖ, ਇਸ ਦੀ ਮਹੱਤਤਾ ਅਤੇ ਵਿਭਿੰਨ ਪੱਖਾਂ ਬਾਰੇ ਪਾਠ ਸਮੱਗਰੀ ਪ੍ਰਦਾਨ ਕੀਤੀ ਜਾਵੇਗੀ ਤਾਂ ਜੋ ਇਸ ਵਿਸ਼ੇ ਨੂੰ ਭਲੀ-ਭਾਂਤ ਸਮਝਿਆ ਜਾ ਸਕੇ।

## 1.1 **ਜਾਣ-ਪਛਾਣ-**

ਧਰਮ ਸੰਸਕਾਰ ਮਨੁੱਖੀ ਜੀਵਨ ਨਾਲ ਧਰਮ ਵਾਂਗ ਹੀ ਆਦਿ ਕਾਲ ਤੋਂ ਜੁੜੇ ਹੋਏ ਹਨ ਜਿਨ੍ਹਾਂ ਤੋਂ ਬਿਨਾਂ ਮਨੁੱਖੀ ਜੀਵਨ ਦੀ ਸਮਾਜਿਕ ਗਤੀਸ਼ੀਲਤਾ ਸ਼ਾਇਦ ਸੰਭਵ ਨਹੀਂ। ਮਨੁੱਖ ਦੇ ਸਮਾਜ ਨਾਲ ਜੁੜੇ ਹੋਣ ਕਾਰਨ ਸੰਸਕਾਰ ਮਨੁੱਖੀ ਜੀਵਨ ਦਾ ਅਨਿਖੜਵਾਂ ਅੰਗ ਹਨ। ਧਰਮ ਨਾਲ ਸੰਬੰਧਿਤ ਹੋਣ ਕਾਰਨ ਇਹ ਸੰਸਕਾਰ, ਧਰਮ ਸੰਸਕਾਰ ਦੇ ਰੂਪ ਵਿਚ ਮਨੁੱਖੀ ਜੀਵਨ ਦੇ ਹਰ ਅਹਿਮ ਮੌਕੇ ਤੇ ਅਹਿਮ ਰੋਲ ਅਦਾ ਕਰਦੇ ਹਨ। ਮਨੁੱਖ ਦੇ ਜਨਮ, ਵਿਆਹ ਅਤੇ ਮੌਤ ਆਦਿ ਅਹਿਮ ਮੌਕਿਆਂ ਦੇ ਰਸਮ ਰਿਵਾਜ ਧਰਮ ਸੰਸਕਾਰਾਂ ਨਾਲ ਹੀ ਸੰਪੂਰਨ ਹੁੰਦੇ ਹਨ। ਇਨ੍ਹਾਂ ਸੰਸਕਾਰਾਂ ਨਾਲ ਹਰ ਵਰਗ ਦੀਆਂ ਪਿਤਾ ਪੁਰਖੇ ਅਤੇ ਸਮਾਜਿਕ ਭਾਵਨਾਵਾਂ ਜੁੜੀਆਂ ਹੁੰਦੀਆਂ ਹਨ ਜਿਸ ਕਾਰਨ ਇਕ ਨਾਸਤਿਕ ਮਨੁੱਖ ਵੀ ਇਨ੍ਹਾਂ ਤੋਂ ਬਿਨਾਂ ਆਪਣੇ ਜੀਵਨ ਦੇ ਅਹਿਮ ਮੌਕਿਆਂ ਨੂੰ ਪੂਰਾ ਨਹੀਂ ਕਰਦਾ।

## 1.2 **ਅਰਥ ਅਤੇ ਪਰਿਭਾਸ਼ਾ**-

ਸ਼ਾਬਦਿਕ ਰੂਪ ਵਿਚ ਸੰਸਕਾਰ ਤੋਂ ਭਾਵ ਹੈ ਅਜਿਹਾ ਕਰਾਜ ਜੋ ਵਿਧੀਵਤ ਢੰਗ ਰਾਹੀਂ ਵਿਸ਼ੇਸ਼ ਧਾਰਮਿਕ ਅਕੀਦਿਆਂ ਨੂੰ ਧਿਆਨ ਵਿਚ ਰੱਖ ਕੇ ਕੀਤਾ ਜਾਵੇ। ਅਜਿਹਾ ਕਾਰਜ ਸੰਬੰਧਿਤ ਵਰਗ ਦੁਆਰਾ ਉਸ ਦੇ ਪੁਰਖਿਆਂ ਦੁਆਰਾ ਤੈਅ ਕੀਤੇ ਨਿਯਮਾਂ ਅਨੁਸਾਰ ਕੀਤਾ ਜਾਂਦਾ ਹੈ ਜਿਸ ਵਿਚ ਅਣਗਹਿਲੀ ਕੀਤੇ ਜਾਣ ਦੀ ਸੂਰਤ ਵਿਚ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਹ ਅਣਗਹਿਲੀ ਨੁਕਸਾਨ ਦਾ ਕਾਰਨ ਬਣ ਸਕਦੀ ਹੈ।

ਜੇਕਰ ਅਸੀਂ 'ਸੰਸਕਾਰ' ਸ਼ਬਦ ਦੀ ਵਿਆਕਰਣ ਅਨੁਸਾਰ ਵਿਉਂਤਪੱਤੀ ਦੀ ਗੱਲ ਕਰੀਏ ਤਾਂ ਇਹ ਸ਼ਬਦ ਸੰਸਕ੍ਰਿਤ ਭਾਸ਼ਾ ਦੇ ਤਿੰਨ ਸ਼ਬਦਾਂ – 'ਸ੍ਮ' ਅਗੇਤਰ ਦੇ ਨਾਲ-ਨਾਲ ਮੂਲ 'ਕ੍ਰਿ' ਧਾਤੂ ਤੋਂ ਪਿਛੇਤਰ 'ਘਨ' ਸ਼ਬਦ ਜੋੜ ਕੇ ਬਣਿਆ ਹੈ।

'ਸੰਸਕਾਰ' ਸ਼ਬਦ ਦੀਆਂ ਪ੍ਰਾਪਤ ਹੋਣ ਵਾਲੀਆਂ ਵੱਖ-ਵੱਖ ਵਿਦਵਾਨਾਂ ਦੀਆਂ ਪਰਿਭਾਸ਼ਾਵਾਂ ਵਿਚੋਂ ਕੁੱਝ ਪ੍ਰਮੁੱਖ ਇਸ ਪ੍ਰਕਾਰ ਹਨ-

ੳ) ਭਾਈ ਕਾਨ੍ਹ ਸਿੰਘ ਨਾਭਾ- ਧਰਮਰੀਤਿ ਨਾਲ ਕੀਤਾ ਗਿਆ ਉਹ ਕਰਮ, ਜਿਸ ਦਾ ਅਸਰ ਚਿਤ ਤੇ ਬਣਿਆ ਰਹੇ, ਜੈਸੇ- ਜਨਮ, ਅੰਮ੍ਰਿਤ, ਵਿਆਹ ਆਦਿ ਸੰਸਕਾਰ।

ਅ) ਐਵਿਲਿਨ ਅੰਡਰਹਿਲ- ਕੁਦਰਤ ਦੀ ਕਠੋਰਤਾ ਅਤੇ ਅਥਾਹ ਸ਼ਕਤੀ ਸਾਹਮਣੇ ਮਨੁੱਖ ਲਾਚਾਰੀ ਵੱਸ ਜਦੋਂ ਜਜ਼ਬਿਆਂ ਦਾ ਪ੍ਰਗਟਾਵਾ ਕਰਦਾ ਹੈ ਤਾਂ ਉਸ ਸਮੇਂ ਉਹ ਜਿਹੜੇ ਢੰਗ ਤਰੀਕੇ ਵਰਤਦਾ ਹੈ ਕਦੀ ਉਹ ਬੜੇ ਉਟ ਪਟਾਂਗ ਲਗਦੇ ਹਨ, ਕਦੀ ਬੜੇ ਪਿਆਰੇ, ਕਦੀ ਇਹ ਸੰਸਕਾਰ ਬੜੇ ਸੁੰਦਰ ਲਗਦੇ ਹਨ , ਕਦੇ ਇਵੇਂ ਕਿਸੇ ਹੋਰ ਸੰਸਾਰ ਨਾਲ ਸੰਬੰਧਿਤ ਹੋਣ। ਇਹ ਸਾਰੇ ਢੰਗ ਤਰੀਕੇ ਧਰਮ ਸੰਸਕਾਰ ਹਨ।

ੲ) ਕਰਨੈਲ ਸਿੰਘ ਥਿੰਦ- ਜਦ ਕੋਈ ਵਿਅਕਤੀ ਕਿਸੇ ਕੰਮ ਨੂੰ ਬਾਰ-ਬਾਰ ਕਰਦਾ ਹੈ ਤਾਂ ਇਹ ਉਸ ਦੀ ਆਦਤ ਵੀ ਬਣ ਜਾਂਦੀ ਹੈ ਪ੍ਰੰਤੂ ਜਦੋਂ ਸਾਰਾ ਭਾਈਚਾਰਾ ਹੀ ਉਸ ਨੂੰ ਦੁਹਰਾਉਣ ਲਗ ਜਾਂਦਾ ਹੈ ਤਾਂ ਇਹ ਸੰਸਕਾਰ ਦਾ ਰੂਪ ਧਾਰਨ ਕਰ ਜਾਂਦਾ ਹੈ।

ਸ) W.C. Summer – ਸੰਸਕਾਰਾਂ ਵਿਚ ਕੋਈ ਨਵੀਂ ਨਵੀਨਤਾ ਜਾਂ ਮੌਲਿਕਤਾ ਨਹੀਂ ਹੁੰਦੀ ਅਤੇ ਨਾ ਹੀ ਇਹਨਾਂ ਦੀ ਪ੍ਰਗਤੀ ਲਈ ਵਿਸ਼ੇਸ਼ ਯਤਨ ਕੀਤੇ ਜਾਂਦੇ ਹਨ।

ਹ) ਧੀਰੇਂਦਰ ਨਾਥ ਮਜੂਮਦਾਰ – ਧਰਮ ਵਿਚ ਵਿਸ਼ਵਾਸ ਅਤੇ ਸੰਸਕਾਰ ਹੀ ਹੁੰਦੇ ਹਨ ਪਵਿੱਤਰ ਵਸਤਾਂ ਪ੍ਰਤੀ ਵਿਸ਼ਵਾਸ ਅਤੇ ਇਹਨਾਂ ਨਾਲ ਸੰਬੰਧਿਤ ਸੰਸਕਾਰ ਕੇਵਲ ਵਿਸ਼ਵਾਸ ਨਾਲ ਹੀ ਧਰਮ ਦੀ ਸਿਰਜਣਾ ਨਹੀਂ ਹੁੰਦੀ। ਇਹ ਸੰਸਕਾਰ ਹੀ ਹੁੰਦੇ ਹਨ ਜਿਹੜੇ ਧਰਮ ਨੂੰ ਚੇਤਨ ਸ਼ਕਤੀ ਦਿੰਦੇ ਹਨ।

ਕ) ਅਦਵੈਤ ਵੇਦਾਂਤ ਦੇ ਆਚਾਰੀਆ ਜੀਵਾਂ ਉੱਤੇ ਸਰੀਰਕ ਗਤੀਵਿਧੀਆਂ ਦੇ ਝੂਠੇ ਦੋਸ਼ ਨੂੰ ਸੰਸਕਾਰ ਮੰਨਦੇ ਹਨ।

ਖ) ਨਿਆਂ ਸ਼ਾਸਤਰ ਦੇ ਅਧਿਆਪਕ ਭਾਵਨਾਵਾਂ ਦੇ ਪ੍ਰਗਟਾਵੇ ਦੀ ਸਵੈ-ਪ੍ਰਗਟਾਵੇ ਦੀ ਸ਼ਕਤੀ ਨੂੰ ਸੰਸਕਾਰ ਮੰਨਦੇ ਹਨ। ਜਿਸ ਨੂੰ ਵੈਸ਼ੇਸ਼ਿਕ ਦਰਸ਼ਨ ਵਿਚ 24 ਗੁਣਾਂ ਦੇ ਅਧੀਨ ਗਿਣਿਆਂ ਗਿਆ ਹੈ। ਜਿਵੇਂ ਰੂਪ, ਗੰਧ, ਛੋਹ, ਸੰਖਿਆ, ਆਕਾਰ, ਵੱਖਰਾਪਨ, ਪਦਾਰਥ , ਸਨੇਹ, ਸ਼ਬਦ , ਅਕਲ, ਸੁਹਾਵਣਾ, ਅਨੰਦ, ਨਫ਼ਰਤ, ਵੈਰ, ਜਤਨ, ਧਰਮ , ਸਭਿਆਚਾਰ।

ਗ) ਰੀਵਰ ਅਤੇ ਬੇਸਵੇਲ ਅਨੁਸਾਰ ਸੰਸਕਾਰ ਪਰੰਪਰਾਗਤ ਤੌਰ ’ਤੇ ਪ੍ਰਦਾਨ ਕਰ ਲਈ ਗਈ ਧਾਰਣਆ ਹੈ ਜਿਸ ਵਿਚ ਅਦਭੁਤ (ਪਰਾ ਸਰੀਰਕ) ਵਿਸ਼ਵਾਸ ਵੀ ਆ ਜਾਂਦੇ ਹਨ ਜਿਹਨਾਂ ਨੂੰ ਲੋਕਾਂ ਨਾਲ ਸੰਬੰਧਿਤ ਕਰਨ ਅਤੇ ਹੋਰ ਪ੍ਰਭਾਵਾਂ ਦੀ ਭਾਵਾਤਮਕ ਸਾਂਝ ਦੇ ਨਤੀਜੇ ਵਜੋਂ ਉਸਾਰਨ ਵਿਚ ਅਣਗਿਣਤ ਪੀੜ੍ਹੀਆਂ ਬੀਤ ਚੁਕੀਆਂ ਹਨ।

1.3 **ਉਦੇਸ਼ ਅਤੇ ਸਰੂਪ-**

ਧਰਮ ਸੰਸਕਾਰ ਆਪਣੇ ਭਾਵ ਅਨੁਸਾਰ ਸ਼ੁੱਧਤਾ ਅਤੇ ਪਵਿੱਤਰਤਾ ਦੇ ਸਰੂਪ ਦੇ ਧਾਰਨੀ ਹਨ, ਜਿਨ੍ਹਾਂ ਦਾ ਉਦੇਸ਼ ਮਨੁੱਖ ਨੂੰ ਸ਼ੁੱਧਤਾ ਪ੍ਰਦਾਨ ਕਰਨਾ ਹੈ। ਅਸਲ ਵਿਚ ਸੰਸਕਾਰ ਉਨ੍ਹਾਂ ਧਾਰਮਿਕ ਕੰਮਾਂ ਨੂੰ ਦਰਸਾਉਂਦੇ ਹਨ ਜੋ ਕਿਸੇ ਵਿਅਕਤੀ ਦੇ ਸਰੀਰ, ਮਨ, ਅਤੇ ਦਿਮਾਗ ਨੂੰ ਸ਼ੁੱਧ ਕਰਨ ਦੇ ਉਦੇਸ਼ ਨਾਲ ਉਸ ਨੂੰ ਆਪਣੇ ਸਮਾਜ ਦਾ ਇੱਕ ਪੂਰਨ ਯੋਗ ਮੈਂਬਰ ਬਣਾਉਣ ਲਈ ਕੀਤੇ ਜਾਂਦੇ ਹਨ।

ਵੱਖ-ਵੱਖ ਵਰਗਾਂ ਅਤੇ ਸਮੁਦਾਇ ਵੱਲੋਂ ਆਪਣੇ ਧਾਰਮਿਕ ਅਕੀਦਿਆਂ ਅਨੁਸਾਰ ਸੰਸਕਾਰ ਕੀਤੇ ਜਾਣਾ, ਉਸ ਵਰਗ ਦੇ ਲੋਕਾਂ ਦਾ ਆਪਣੇ ਧਰਮ ਪ੍ਰਤੀ ਵਿਸ਼ਵਾਸ ਅਤੇ ਸਮਾਜਕਿ ਜੀਵਨ ਦੀ ਧਰਮ ਨਾਲ ਸਾਂਝ ਨੂੰ ਦਰਸਾਉਂਦਾ ਹੈ।

ਸੰਸਾਰ ਦੇ ਹਰ ਧਾਰਮਿਕ ਵਰਗ ਦੇ ਆਪਣੇ-ਆਪਣੇ ਵਿਭਿੰਨ ਧਾਰਮਿਕ ਸੰਸਕਾਰ ਹੁੰਦੇ ਹਨ ਜਿਨ੍ਹਾਂ ਦਾ ਆਧਾਰ ਸੰਬੰਧਿਤ ਧਰਮ ਦੀਆਂ ਭੂਗੋਲਿਕ, ਸਮਾਜਿਕ ਅਵਸਥਾਵਾਂ ਅਤੇ ਪਿਤਾ ਪੁਰਖੀ ਵਿਸ਼ਵਾਸ ਹੁੰਦੇ ਹਨ। ਇਹ ਧਾਰਮਿਕ ਸੰਸਾਕਰਾਂ ਸੰਬੰਧੀ ਇਹ ਵੀ ਸੰਭਵ ਹੋ ਸਕਦਾ ਹੈ ਕਿ ਇਕ ਧਾਰਮਿਕ ਵਰਗ ਦੇ ਸੰਸਕਾਰਾਂ ਵਿਚ ਸ਼ਾਮਿਲ ਜੋ ਵਿਸ਼ਵਾਸ ਜਾਂ ਵਸਤੂ ਇਕ ਵਰਗ ਲਈ ਪਵਿੱਤਰ ਅਤੇ ਮੰਨਣਯੋਗ ਹੋਵੇ, ਉਹੀ ਵਿਸ਼ਵਾਸ ਜਾਂ ਵਸਤੂ ਦੂਸਰੇ ਵਰਗ ਲਈ ਉਸ ਪੱਧਰ ਤੇ ਪਵਿੱਤਰ ਨਾ ਹੋਵੇ। ਉਦਾਹਰਣ ਵਜੋਂ ਹਿੰਦੂ ਧਰਮ ਵਿਚ ਮ੍ਰਿਤਕ ਸਰੀਰ ਨੂੰ ਅੰਤਿਮ ਰਸਮਾਂ ਦੌਰਾਨ ਅਗਨੀ

ਨੂੰ ਪਵਿੱਤਰ ਮੰਨਦੇ ਹੋਏ ਅਗਨੀ ਭੇਂਟ ਕੀਤਾ ਜਾਂਦਾ ਹੈ ਪ੍ਰੰਤੂ ਦੂਸਰੇ ਪਾਸੇ ਇਸਲਾਮ ਧਰਮ ਵਿਚ ਮ੍ਰਿਤਕ ਸਰੀਰ ਨੂੰ ਮਿੱਟੀ ਵਿੱਚ ਦਫਨ ਕੀਤਾ ਜਾਂਦਾ ਹੈ ਅਤੇ ਅਗਨੀ ਨਾਲ ਮ੍ਰਿਤਕ ਸਰੀਰ ਜਲਾਇਆ ਜਾਣਾ ਚੰਗਾ ਨਹੀਂ ਮੰਨਿਆ ਜਾਂਦਾ। ਇਸੇ ਪ੍ਰਕਾਰ ਨਵਜੰਮੇ ਪੁਰਖ ਬੱਚੇ ਦੀ ਸੁੰਨਤ ਕੀਤੇ ਜਾਣ ਅਤੇ ਸੁੰਨਤ ਨਾ ਕੀਤੇ ਜਾਣ ਵਾਲੇ ਵਿਸ਼ਵਾਸ ਨੂੰ ਇਸ ਪ੍ਰਸੰਗ ਵਿਚ ਸਮਝਿਆ ਜਾ ਸਕਦਾ ਹੈ।

ਧਾਰਮਿਕ ਸੰਸਕਾਰ ਕਿਸੇ ਸਮੂਹ ਧਾਰਮਿਕ ਵਰਗ ਦੁਆਰਾ ਇਕ ਸਮਾਨ ਰੂਪ ਵਿਚ ਹੀ ਨਿਭਾਏ ਜਾਂਦੇ ਹਨੁ। ਇਹ ਸੰਸਕਾਰ ਧਾਰਮਿਕ ਰਹਿਨੁਮਾ ਜਾਂ ਧਾਰਮਿਕ ਵਿਦਵਾਨਾਂ ਅਤੇ ਆਗੂਆਂ ਦੁਆਰਾ ਆਰੰਭ ਕੀਤੇ ਜਾਂਦੇ ਹਨ ਜੋ ਪੀੜ੍ਹੀ-ਦਰ ਪੀੜ੍ਹੀ ਉਸ ਧਰਮ ਦੇ ਅਨੁਯਾਈਆਂ ਦੁਆਰਾ ਬਿਨਾਂ ਕਿਸੇ ਫੇਰ ਬਦਲ ਦੇ ਨਿਰੰਤਰ ਨਿਭਾਏ ਜਾਂਦੇ ਹਨ। ਇਨ੍ਹਾਂ ਸੰਸਕਾਰਾਂ ਵਿਚ ਕਿਸੇ ਇਕ ਦੁਆਰਾ ਵਾਧਾ ਘਾਟਾ ਕਰਨਾ ਨਿਜੀ ਰੂਪ ਵਿਚ ਸੰਭਵ ਨਹੀਂ ਹੁੰਦਾ। ਅਜਿਹਾ ਕੀਤੇ ਜਾਣਾ ਧਾਰਮਿਕ ਅਤੇ ਸਮਾਜਿਕ ਵਿਰੋਧ ਦਾ ਕਾਰਣ ਬਣ ਸਕਦਾ ਹੈ। ਇਨ੍ਹਾਂ ਸੰਸਾਕਾਰਾਂ ਦੀ ਬੌਧਿਕ ਪੱਧਰ ’ਤੇ ਵਿਆਖਿਆ ਭਾਵੇਂ ਕੀਤੀ ਜਾ ਸਕਦੀ ਹੈ ਜੋ ਕਿ ਇਨ੍ਹਾਂ ਦੇ ਅਧਿਐਨ ਲਈ ਕੀਤੀ ਵੀ ਜਾਂਦੀ ਹੈ ਪ੍ਰੰਤੂ ਇਨ੍ਹਾਂ ਸੰਸਕਾਰਾਂ ਦੀ ਬੌਧਿਕ ਵਿਆਖਿਆ ਨਾਲੋਂ ਵਧੇਰੇ ਅਹਿਮ ਪੱਖ ਇਨ੍ਹਾਂ ਦੇ ਵਿਹਾਰਕ ਪੱਖ ਨੂੰ ਮੰਨਿਆ ਜਾਂਦਾ ਹੈ ਅਤੇ ਵਿਹਾਰਕ ਪੱਖ ’ਤੇ ਹੀ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਹੈ। ਇਸ ਦਾ ਭਾਵ ਹੈ ਕਿ ਕਿਸੇ ਸੰਸਕਾਰ ਨੂੰ ‘ਕਿਉਂ’ ਕੀਤੇ ਜਾਣ ਵਾਲੀ ਗੱਲ ਨਾਲੋਂ ਉਸ ਸੰਸਕਾਰ ਨੂੰ ‘ਕਿਵੇਂ’ ਕੀਤੇ ਜਾਣ ਵਾਲੀ ਗੱਲ ਜ਼ਿਆਦਾ ਮਹੱਤਵਪੂਰਣ ਹੈ। ਇਸ ਵਿਚਾਰ ਦਾ ਦੂਸਰਾ ਪੱਖ ਇਹ ਵੀ ਹੈ ਕਿ ਧਾਰਮਿਕ ਸੰਸਕਾਰ ਕਿਉਂ ਨਿਭਾਇਆ ਜਾਂਦਾ ਹੈ, ਇਸ ਸੰਬੰਧੀ ਹਰ ਸੰਸਕਾਰ ਬਾਰੇ ਉੱਤਰ ਦੇਣਾ ਸੰਭਵ ਨਹੀਂ, ਸਿਰਫ ਆਪਣੇ ਦ੍ਰਿਸ਼ਟੀਕੋਣਾਂ ਰਾਹੀਂ ਵਿਆਖਿਆ ਹੀ ਕੀਤਾ ਜਾ ਸਕਦੀ ਹੈ। ਇਸ ਸੰਬੰਧੀ ਇਹ ਕਿਹਾ ਜਾ ਸਕਦਾ ਹੈ ਕਿ ਕੋਈ ਵੀ ਧਾਰਮਿਕ ਸੰਸਕਾਰ ਇਸ ਉਦੇਸ਼ ਨਾਲ ਆਰੰਭ ਨਹੀਂ ਹੁੰਦਾ ਕਿ ਉਸ ਦੀ ਵਧੀਆ ਢੰਗ ਨਾਲ ਵਿਆਖਿਆ ਕੀਤੀ ਜਾ ਸਕੇ ਸਗੋਂ ਇਸ ਦਾ ਉਦੇਸ਼ ਧਾਰਮਿਕ ਵਿਸ਼ਵਾਸ ਹੁੰਦਾ ਹੈ ਜਿਸ ਨੂੰ ਮੰਨਣ ਲਈ ਅਤੇ ਨਿਭਾਉਣ ਲਈ ਆਰੰਭ ਕੀਤੇ ਜਾਂਦਾ ਹੈ। ਇਸ ਪੱਖ ਨੂੰ ਸਪੱਸ਼ਟਤਾ ਸਾਹਿਤ ਸਮਝਣ ਲਈ ਚੀਨੀ ਮਨੁੱਖ ਦੇ ਸੰਸਕਾਰਾਂ ਦਾ ਉਦਾਹਰਣ ਲਿਆ ਜਾ ਸਕਦਾ ਹੈ।

ਜਿਨ੍ਹਾਂ ਉਪਰ ਵਹਿਮ ਪ੍ਰਸਤੀ ਅਤੇ ਸਰਲਤਾ ਦਾ ਪ੍ਰਭਾਵ ਵੇਖਿਆ ਜਾ ਸਕਦਾ ਹੈ। ਇਨ੍ਹਾਂ ਵਿਚ ਟੋਟਮ ਅਨੁਸਾਰ ਕੀਤੀਆਂ ਜਾਣ ਵਾਲੀਆਂ ਕਿਰਿਆਵਾਂ ਵੀ ਬੌਧਿਕ ਪੱਧਰ ਰਾਹੀਂ ਮਿਆਰੀ ਵਿਆਖਿਆ ਸੰਭਵ ਨਹੀਂ ਕਿਉਂਕਿ

ਇਨ੍ਹਾਂ ਦਾ ਕੋਈ ਵਿਵੇਕ-ਪੂਰਨ ਆਧਾਰ ਨਹੀਂ ਮਿਲਦਾ। ਕੇਵਲ ਇਹੀ ਗੱਲ ਇਨ੍ਹਾਂ ਕਿਰਿਆਵਾਂ ਦਾ ਦਾ ਆਧਾਰ ਹੈ ਕਿ ਪ੍ਰਾਚੀਨ ਮਨੁੱਖ ਆਪਣੀਆਂ ਭਾਵਨਾਵਾਂ ਰਾਹੀਂ ਇਨ੍ਹਾਂ ਨਾਲ ਜੁੜਿਆ ਹੋਇਆ ਸੀ। ਜਿਨ੍ਹਾਂ ਦੀ ਉਲੰਘਣਾ ਕੀਤੇ ਜਾਣ ’ਤੇ ਕਰੋਪੀ ਆ ਜਾਣ ਦਾ ਵਿਸ਼ਵਾਸ ਬਣਿਆ ਹੋਇਆ ਸੀ।

ਸੰਸਕਾਰ ਕਿਵੇਂ ਪੈਦਾ ਹੋਏ ਅਤੇ ਇਹ ਕਿਉਂ ਕੀਤੇ ਜਾਂਦੇ ਹਨ, ਇਹ ਪ੍ਰਸ਼ਨ ਸੰਸਕਾਰਾਂ ਦੇ ਉਦੇਸ਼ ਵਿਚ ਸ਼ਾਮਿਲ ਹੈ। ਇਸ ਪ੍ਰਸ਼ਨ ਦਾ ਉੱਤਰ ਆਦਿ ਕਾਲੀਨ ਮਨੁੱਖ ਦੀ ਕੁਦਰਤ ਨਾਲ ਜੁੜੀਆਂ ਭਾਵਨਾਵਾਂ ਵਿਚੋਂ ਲੱਭਿਆ ਜਾ ਸਕਦਾ ਹੈ। ਆਦਿ ਮਨੁੱਖਾਂ ਲਈ ਕੁਦਰਤੀ ਵਰਤਾਰੇ ਜਿਵੇਂ – ਮੀਂਹ, ਗੜ੍ਹੇ ਪੈਣੇ, ਹਨੇਰੀ, ਤੂਫਾਨ, ਅੱਗਾਂ ਦਾ ਲੱਗਣਾ, ਗਰਮੀ, ਸਰਦੀ ਆਦਿ ਵੱਡੇ ਰਹੱਸ ਵਾਂਗ ਸਨ ਜਿਨ੍ਹਾਂ ਵਿਚ ਰੂਹਾਨੀ ਸ਼ਕਤੀਆਂ ਦਾ ਹੱਥ ਮੰਨਿਆ ਜਾਂਦਾ ਹੈ। ਕੁਦਰਤ ਦੇ ਅਜਿਹੇ ਵਰਤਾਰੇ ਮਨੁੱਖ ਦਾ ਫਾਇਦਾ ਵੀ ਕਰਦੇ ਸਨ ਅਤੇ ਨੁਕਸਾਨ ਵੀ। ਜਿਸ ਕੁਦਰਤੀ ਵਰਤਾਰੇ ਤੋਂ ਮਨੁੱਖ ਨੂੰ ਲਾਭ ਪ੍ਰਾਪਤ ਹੁੰਦਾ, ਉਹ ਉਸ ਨੂੰ ਦੁਬਾਰਾ ਦੁਹਰਾਉਣ ਦੀ ਇੱਛਾ ਰੱਖਦਾ ਅਤੇ ਨੁਕਸਾਨ ਕਰਨ ਵਾਲੇ ਵਰਤਾਰੇ ਤੋਂ ਉਸ ਦੀ ਬਚਾਅ ਕਰਨ ਦੀ ਇੱਛਾ ਹੁੰਦੀ।

ਇਨ੍ਹਾਂ ਫਾਇਦਾ ਕੀਤੇ ਜਾਣ ਵਾਲੇ ਵਰਤਾਰਿਆਂ ਅਤੇ ਨੁਕਸਾਨ ਕੀਤੇ ਜਾਣ ਵਾਲੀਆਂ ਘਟਨਾਵਾਂ ਪਿਛੇ ਦੇਵੀ-ਦੇਵਤਿਆਂ ਅਤੇ ਨੁਕਸਾਨ ਵਾਲੀ ਇੱਛਾ ਦੀ ਪੂਰਤੀ ਲਈ ਇਨ੍ਹਾਂ ਦੇਵੀ-ਦੇਵਤਿਆਂ ਦੀ ਆਰਧਨਾ ਆਰੰਭ ਕੀਤੀ ਅਤੇ ਇਨ੍ਹਾਂ ਦੀ ਆਰਧਨਾ ਕਰਨ ਲਈ ਵਿਸ਼ੇਸ਼ ਵਿਧੀਆਂ ਦਾ ਸਹਾਰਾ ਲਿਆ ਗਿਆ ਜਿਨ੍ਹਾਂ ਤੋਂ ਵੱਖ-ਵੱਖ ਸੰਸਕਾਰ ਵਿਕਸਿਤ ਹੋਏ।

ਆਪਣੀਆਂ ਧਾਰਮਿਕ ਮਾਨਤਾਵਾਂ ਦੇ ਆਧਾਰ ’ਤੇ ਆਦਿ ਮਨੁੱਖ ਦੁਆਰਾ ਕੁਦਰਤੀ ਤਾਕਤਾਂ ਨੂੰ ਵੱਖ-ਵੱਖ ਚਾਰ ਭਾਗਾਂ ਵਿਚ ਵੰਡਿਆਂ ਹੋਇਆ ਸੀ। ਇਕ ਭਾਗ ਵਿਚ ਉਹ ਤਾਕਤਾਂ ਸਨ ਜੋ ਮਨੁੱਖ ਲਈ ਲਾਭਦਾਇਕ ਅਤੇ ਉਨ੍ਹਾਂ ਤੋਂ ਮਨੁੱਖ ਨੂੰ ਲਾਭ ਪਹੁੰਚਦਾ ਸੀ। ਅਜਿਹੀਆਂ ਤਾਕਤਾਂ ਨੂੰ ਪਵਿੱਤਰ ਅਤੇ ਸ਼ੁੱਭ ਮੰਨ ਕੇ ਇਨ੍ਹਾਂ ਦੀ ਵਿਧੀਵਤ ਢੰਗ ਨਾਲ ਪੂਜਾ ਕੀਤੀ ਜਾਂਦੀ ਅਤੇ ਹਰ ਵਿਸ਼ੇਸ਼ ਮੌਕੇ ’ਤੇ ਧਾਰਮਿਕ ਸੰਸਕਾਰ ਕੀਤੇ ਜਾਂਦੇ। ਇਸੇ ਪ੍ਰਕਾਰ ਹੀ ਦੂਸਰੇ ਵਰਗ ਵਿਚ ਉਨ੍ਹਾਂ ਤਾਕਤਾਂ ਨੂੰ ਸ਼ਾਮਿਲ ਕੀਤਾ ਗਿਆ ਜੋ ਮਨੁੱਖ ਲਈ ਨੁਕਸਾਨ ਦਾ ਕਾਰਨ ਬਣਦੀਆਂ। ਇਨ੍ਹਾਂ ਦੁਆਰਾ ਕੀਤੇ ਨੁਕਸਾਨ ਤੋਂ ਬਚਣ ਲਈ ਮਨੁੱਖ ਇਨ੍ਹਾਂ ਨੂੰ ਵਿਸ਼ੇਸ਼ ਪੂਜਾ ਦੁਆਰਾ ਪ੍ਰਸੰਨ ਕਰਦਾ, ਇਨ੍ਹਾਂ ਨੂੰ ਭੇਟਾਵਾਂ ਚੜ੍ਹਾਉਂਦਾ ਅਤੇ ਵਿਸ਼ੇਸ਼ ਮੌਕਿਆਂ ਤੇ ਇਨ੍ਹਾਂ ਦੀ ਵਿਧੀਵਤ ਢੰਗ ਰਾਹੀਂ ਆਰਧਨਾ ਕਰਦਾ ਤਾਂ ਕਿ ਮਨੁੱਖ ਦਾ ਕਿਸੇ ਕਿਸਮ ਦਾ ਨੁਕਸਾਨ

ਨਾ ਹੋਵੇ। ਇਹੀ ਪੂਜਾ ਵਿਧੀਆਂ ਮਨੁੱਖ ਦੇ ਹਰ ਖੁਸ਼ੀ ਗਮੀ ਦੇ ਮੌਕੇ ਵਿਚ ਸ਼ਾਮਿਲ ਹੋ ਕੇ ਧਾਰਮਿਕ ਸੰਸਕਾਰਾਂ ਵਜੋਂ ਵਿਕਸਤਿ ਹੋਈਆਂ।

1.4 **ਮਨੁੱਖੀ ਜੀਵਨ ਵਿਚ ਧਾਰਮਿਕ ਸੰਸਕਾਰਾਂ ਦੀ ਭੂਮਿਕਾ-**

ਧਾਰਮਿਕ ਸੰਸਕਾਰ ਮਨੁੱਖੀ ਜੀਵਨ ਦਾ ਅਹਿਮ ਅੰਗ ਹਨ ਜਿਨ੍ਹਾਂ ਤੋਂ ਬਿਨਾਂ ਮਨੁੱਖੀ ਜੀਵਨ ਦੀ ਸੰਪੂਰਨਤਾ ਸ਼ਾਇਦ ਸੰਭਵ ਨਹੀਂ ਕਿਉਂਕਿ ਧਾਰਮਿਕ ਸੰਸਕਾਰ ਧਰਮ ਦਾ ਵੀ ਹਿੱਸਾ ਹਨ ਅਤੇ ਮਨੁੱਖ ਸਮਾਜਿਕ ਜੀਵਨ ਨਾਲ ਵੀ ਜੁੜੇ ਹੋਏ ਹਨ। ਧਾਰਮਿਕ ਸੰਸਕਾਰਾਂ ਨਾਲ ਮਨੁੱਖ ਦਾ ਸੰਬੰਧ ਜਨਮ ਤੋਂ ਆਰੰਭ ਹੋ ਜਾਂਦਾ ਹੈ ਅਤੇ ਮਨੁੱਖ ਦੀ ਮੌਤ ਤੱਕ ਇਹ ਸੰਬੰਧ ਨਿਰੰਤਰ ਬਰਕਰਾਰ ਰਹਿੰਦਾ ਹੈ। ਜੇਕਰ ਅਸਲ ਅਰਥਾਂ ਵਿਚ ਵੇਖਿਆ ਜਾਵੇ ਤਾਂ ਧਾਰਮਿਕ ਸੰਸਕਾਰ ਜਨਮ ਤੋਂ ਵੀ ਪਹਿਲਾਂ ਮਨੁੱਖ ਨਾਲ ਜੁੜ ਜਾਂਦੇ ਹਨ ਅਤੇ ਮੌਤ ਤੋਂ ਬਾਅਦ ਵੀ ਮਨੁੱਖਾਂ ਨਾਲ ਜੁੜੇ ਰਹਿੰਦੇ ਹਨ।

ਮਨੁੱਖੀ ਜੀਵਨ ਦੇ ਅਹਿਮ ਮੌਕਿਆਂ ਜਿਵੇਂ – ਜਨਮ, ਧਰਮ ਪ੍ਰਵੇਸ਼, ਵਿਆਹ, ਮੌਤ ਆਦਿ ਦੌਰਾਨ ਧਾਰਮਿਕ ਸੰਸਕਾਰਾਂ ਦੀ ਅਹਿਮ ਭੂਮਿਕਾ ਹੁੰਦੀ ਹੈ। ਕਿਸੇ ਵੀ ਧਰਮ ਜਾਂ ਖਿੱਤੇ ਦੇ ਜੀਵਨ ਨਾਲ ਸੰਬੰਧਿਤ ਅਜਿਹੇ ਅਹਿਮ ਮੌਕੇ ਧਾਰਮਿਕ ਸੰਸਕਾਰਾਂ ਤੋਂ ਬਿਨਾਂ ਪੂਰੇ ਨਹੀਂ ਹੁੰਦੇ।

ਜੇਕਰ ਅਸੀਂ ਮਨੁੱਖ ਦੇ ਜਨਮ ਦੀ ਗੱਲ ਕਰੀਏ ਤਾਂ ਧਾਰਮਿਕ ਸੰਸਕਾਰ ਮਨੁੱਖ ਦੇ ਗਰਭ ਪ੍ਰਵੇਸ਼ ਸਮੇਂ ਦੌਰਾਨ ਹੀ ਜਨਮ ਲੈਣ ਤੋਂ ਪਹਿਲਾਂ ਆਰੰਭ ਹੋ ਜਾਂਦੇ ਹਨ। ਮਾਂ ਅਤੇ ਬੱਚੇ ਦੀ ਹਰ ਪੱਖੋਂ ਸਲਾਮਤੀ ਅਤੇ ਮਾੜੇ ਪ੍ਰਭਾਵਾਂ ਤੋਂ ਬਚਾਉਣ ਲਈ ਬੱਚੇ ਦੇ ਗਰਭ ਵਿਚ ਹੋਣ ਸਮੇਂ ਹੀ ਅਨੇਕਾਂ ਸੰਸਕਾਰਾਂ ਦੀ ਸ਼ੁਰੂਆਤ ਹੋ ਜਾਂਦੀ ਹੈ। ਇਹ ਵੀ ਵਿਸ਼ਵਾਸ ਕੀਤੇ ਜਾਂਦਾ ਹੈ ਗਰਭ ਸਮੇਂ ਦੌਰਾਨ ਬੱਚੇ ਨੂੰ ਪ੍ਰਦਾਨ ਕੀਤੀ ਗਈ ਦੀਖਿਆ ਅਤੇ ਸਿੱਖਿਆ ਸਾਰੀ ਉਮਰ ਬੱਚੇ ਉੱਪਰ ਪ੍ਰਭਾਵ ਬਣਾਈ ਰੱਖਦੀ ਹੈ। ਇਸ ਲਈ ਬੱਚੇ ਦੇ ਜਨਮ ਤੋਂ ਪਹਿਲਾਂ ਮਾਂ ਨੂੰ ਇਕ ਪਵਿੱਤਰ ਅਤੇ ਸੁਖਾਵਾਂ ਮਾਹੌਲ ਪ੍ਰਦਾਨ ਕੀਤਾ ਜਾਂਦਾ ਹੈ ਅਤੇ ਉਸ ਨੂੰ ਅਪਵਿੱਤਰਤਾ ਦੇ ਪ੍ਰਭਾਵ ਤੋਂ ਦੂਰ ਰੱਖਣ ਲਈ ਅਨੇਕਾਂ ਧਾਰਮਿਕ ਸੰਸਕਾਰ ਵੀ ਕੀਤੇ ਜਾਂਦੇ ਹਨ। ਅਜਿਹੇ ਧਾਰਮਿਕ ਸੰਸਕਾਰਾਂ ਵਿਚ ਮਨਾਹੀਆਂ ਦੇ ਭਾਵ ਵੀ ਹੁੰਦੇ ਹਨ ਅਤੇ ਕਰਨ ਯੋਗ ਜ਼ਰੂਰੀ ਕਾਰਜ ਵੀ।

ਬੱਚੇ ਦੇ ਜਨਮ ਲੈਣ ਤੋਂ ਬਾਅਦ ਵੀ ਅਨੇਕਾਂ ਅਰਦਾਸਾਂ ਅਤੇ ਪੂਜਾ-ਪਾਠ ਧਾਰਮਿਕ ਸੰਸਕਾਰਾਂ ਦੇ ਰੂਪ ਵਿਚ ਨਿਭਾਏ ਜਾਂਦੇ ਹਨ ਅਤੇ ਨਵਜੰਮੇ ਬੱਚੇ ਨੂੰ ਮਾੜੇ ਪ੍ਰਭਾਵਾਂ ਤੋਂ ਬਚਾਉਣ ਲਈ ਵੀ ਧਾਰਮਿਕ ਸੰਸਕਾਰ ਕੀਤੇ ਜਾਂਦੇ ਹਨ।

ਧਰਮ ਨਾਲ ਕਿਸੇ ਨਾ ਕਿਸੇ ਰੂਪ ਵਿਚ ਜੁੜੇ ਮਨੁੱਖ ਦੇ ਜੀਵਨ ਵਿਚ ਜਨਮ ਤੋਂ ਬਾਅਦ ਧਾਰਮਕ ਸੰਸਕਾਰਾਂ ਦਾ ਅਗਲਾ ਪੜਾਅ ਧਰਮ ਪ੍ਰਵੇਸ਼ ਸੰਸਾਕਰ ਦੇ ਰੂਪ ਵਿਚ ਆਉਂਦਾ ਹੈ। ਜਿਸ ਪ੍ਰਕਾਰ ਇਸ ਸੰਸਕਾਰ ਦੇ ਨਾਮ ਤੋਂ ਹੀ ਸਪੱਸ਼ਟ ਹੈ ਕਿ ਇਸ ਸੰਸਕਾਰ ਦਾ ਉਦੇਸ਼ ਮਨੁੱਖ ਨੂੰ ਸੰਬੰਧਿਤ ਧਰਮ ਵਿਚ ਵਿਧੀਵਤ ਢੰਗ ਨਾਲ ਪ੍ਰਵੇਸ਼ ਕਰਵਾਉਣਾ ਹੈ ਜਿਸ ਧਰਮ ਦਾ ਉਸਦਾ ਪਰਿਵਾਰ ਅਨੁਯਾਈ ਹੈ। ਸੰਸਾਰ ਦੇ ਹਰ ਧਰਮ ਵਿਚ ਪ੍ਰਵੇਸ਼ ਕਰਨ ਦੀ ਇਕ ਨਿਰਧਾਰਿਤ ਵਿਸ਼ੇਸ਼ ਵਿਧੀ ਹੁੰਦੀ ਹੈ ਜਿਸ ਦੇ ਅਨੁਸਾਰ ਹੀ ਉਸ ਧਰਮ ਦਾ ਧਾਰਨੀ ਹੋਇਆ ਜਾ ਸਕਦਾ ਹੈ। ਇਸ ਲਈ ਹਰ ਧਰਮ ਵਿਚ ਜਦੋਂ ਬੱਚਾ ਆਪਣੀ ਸੁਰਤ ਸੰਭਾਲਣ ਦੇ ਜੋਗ ਹੋ ਜਾਂਦਾ ਹੈ ਤਾਂ ਉਸ ਨੂੰ ਧਰਮ ਪ੍ਰਵੇਸ਼ ਸੰਸਕਾਰ ਰਾਹੀਂ ਧਰਮ ਵਿਚ ਪ੍ਰਵੇਸ਼ ਕਰਵਾਇਆ ਜਾਂਦਾ ਹੈ। ਇਹ ਸੰਸਕਾਰ ਸੰਬੰਧਿਤ ਧਰਮ ਦੇ ਧਰਮ ਪੁਰੋਹਿਤ ਜਾਂ ਧਾਰਮਿਕ ਰਸਮਾਂ ਕਰਨ ਵਾਲੇ ਵਿਅਕਤੀ ਦੁਆਰਾ ਕੀਤੇ ਜਾਂਦਾ ਹੈ ਜਿਸ ਵਿਚ ਧਰਮ ਗ੍ਰੰਥ ਦੇ ਪਾਠ ਜਾਂ ਮੰਤਰਾਂ ਦਾ ਪ੍ਰਯੋਗ ਹੁੰਦਾ ਹੈ। ਇਸ ਸੰਸਕਾਰ ਦਾ ਮੁੱਖ ਉਦੇਸ਼ ਸੰਬੰਧਿਤ ਧਰਮ ਦੇ ਧਾਰਮਿਕ ਪੈਗੰਬਰ/ਰਹਿਨੁਮਾ/ਦੇਵੀ-ਦੇਵਤਿਆਂ ਦੀ ਖੁਸ਼ੀ ਅਤੇ ਕਿਰਪਾ ਪ੍ਰਾਪਤ ਕਰਨਾ ਹੈ ਤਾਂ ਜੋ ਧਰਮ ਵਿਚ ਪ੍ਰਵੇਸ਼ ਕਰਨ ਵਾਲਾ ਬੱਚਾ ਆਪਣੀ ਸਮੁੱਚੀ ਜ਼ਿੰਦਗੀ ਆਪਣੇ ਵਡੇਰਿਆਂ ਦੇ ਧਰਮ ਅਨੁਸਾਰ ਬਤੀਤ ਕਰੇ। ਧਰਮ ਵਿਚ ਪ੍ਰਵੇਸ਼ ਕਰਵਾਉਣ ਲਈ ਵੱਖ-ਵੱਖ ਧਰਮਾਂ ਵਿਚ ਧਰਮਾਂ ਦੇ ਅਨੁਸਾਰ ਬੱਚਿਆਂ ਤੋਂ ਵਿਸ਼ੇਸ਼ ਪੂਜਾ-ਪਾਠ ਜਾਂ ਧਾਰਮਿਕ ਵਿਧੀ ਵਿਧਾਨ ਕਰਵਾਏ ਜਾਂਦੇ ਹਨ, ਧਾਰਮਿਕ ਪਹਿਰਾਵਾ ਪਹਿਨਾਇਆ ਜਾਂਦਾ ਹੈ, ਸਰੀਰ ਉੱਪਰ ਧਾਰਮਿਕ ਚਿੰਨ੍ਹ ਧਾਰਨ ਕਰਵਾਏ ਜਾਂਦੇ ਹਨ ਆਦਿ। ਬੱਚੇ ਨੂੰ ਧਰਮ ਵਿਚ ਪ੍ਰਵੇਸ਼ ਕਰਵਾਉਣ ਤੋਂ ਇਲਾਵਾ ਦੂਸਰੇ ਵਿਅਕਤੀ ਨੂੰ ਆਪਣੇ ਧਰਮ ਵਿਚ ਪ੍ਰਵੇਸ਼ ਕਰਵਾਉਣ ਸਮੇਂ ਵੀ ਧਰਮ ਪ੍ਰਵੇਸ਼ ਸੰਸਕਾਰ ਕਰਵਾਇਆ ਜਾਂਦਾ ਹੈ। ਪ੍ਰਮੁੱਖ ਧਰਮ ਪ੍ਰਵੇਸ਼ ਸੰਸਕਾਰਾਂ ਵਿਚ ਜੇਨਊ ਧਾਰਨ ਸੰਸਕਾਰ, ਅੰਤਿਮ ਸੰਸਕਾਰ, ਬਪਤਿਸਤਮਾ ਆਦਿ ਸ਼ਾਮਿਲ ਹਨ।

ਵਿਆਹ ਸੰਸਕਾਰ , ਧਰਮ ਪ੍ਰਵੇਸ਼ ਸੰਸਕਾਰ ਤੋਂ ਬਾਅਦ ਧਰਮ ਸੰਸਕਾਰ ਦਾ ਅਗਲਾ ਪੜਾਅ ਹੈ ਜਿਸ ਰਾਹੀਂ ਮਨੁੱਖ ਆਪਣੇ ਗ੍ਰਹਿਸਥ ਜੀਵਨ ਵਿਚ ਪ੍ਰਵੇਸ਼ ਕਰਦਾ ਹੈ। ਗ੍ਰਹਿਸਥ ਜੀਵਨ ਵਿਚ ਪ੍ਰਵੇਸ਼ ਜ਼ਿੰਦਗੀ ਦਾ ਅਹਿਮ ਹਿੱਸਾ ਹੋਣ ਕਾਰਨ ਹਰ ਧਰਮ ਦੇ ਅਨੁਯਾਈ ਇਸ ਦੌਰਾਨ ਆਪਣੇ ਧਾਰਮਕ ਅਕੀਦੇ ਅਨੁਸਾਰ ਇਸ ਨੂੰ ਨਿਭਾਉਂਦੇ ਹਨ।

ਵਿਆਹ ਸੰਸਕਾਰ ਇਕ ਔਰਤ ਅਤੇ ਮਰਦ ਦੇ ਇਕ ਹੋ ਕੇ ਜੀਵਨ ਜਿਊਣ ਦੀ ਸਮਾਜਕ ਅਤੇ ਧਾਰਮਕ ਪ੍ਰਵਾਨਗੀ ਹੈ। ਵਿਆਹ ਸੰਸਕਾਰ ਵਿਚ ਕੀਤੇ ਜਾਣ ਵਾਲੇ ਧਾਰਮਕ ਸੰਸਕਾਰਾਂ ਦੌਰਾਨ ਸੰਬੰਧਿਤ ਧਰਮ ਦੇ ਵਿਧੀ-ਵਿਧਾਨ ਅਨੁਸਾਰ ਪੂਜਾ-ਪਾਠ ਅਤੇ ਅਰਦਾਸਾਂ ਕੀਤੀਆਂ ਜਾਂਦੀਆਂ ਹਨ ਤਾਂ ਜੋ ਵਿਆਹ ਵਾਲੀ ਜੋੜੀ ਉੱਪਰ ਆਪਣੇ ਇਸ਼ਟ ਦੀ ਕਿਰਪਾ ਅਤੇ ਖੁਸ਼ੀ ਬਣੀ ਰਹੇ ਅਤੇ ਉਹ ਮਾੜੇ ਪ੍ਰਭਾਵਾਂ ਤੋਂ ਬਚੇ ਰਹਿਣ। ਵਿਆਹ ਦੌਰਾਨ ਸੰਬੰਧਿਤ ਧਰਮ ਦੀਆਂ ਨਿਯਤ ਵਿਧੀਆਂ ਰਾਹੀਂ ਔਰਤ ਅਤੇ ਮਰਦ ਦਾ ਵਿਆਹ ਸੰਪੂਰਨ ਕੀਤਾ ਜਾਂਦਾ ਹੈ। ਆਨੰਦ ਕਾਰਜ, ਫੇਰੇ, ਨਿਕਾਹ ਆਦਿ ਵਿਭਿੰਨ ਧਰਮਾਂ ਦੇ ਵਿਆਹ ਦੌਰਾਨ ਕੀਤੇ ਜਾਣ ਵਾਲੇ ਧਾਰਮਿਕ ਸੰਸਕਾਰਾਂ ਵਿਚ ਸ਼ਾਮਿਲ ਹਨ।

ਮਨੁੱਖੀ ਜੀਵਨ ਦੇ ਅੰਤਮ ਪੜਾਅ ਵਿਚ ਕੀਤੇ ਜਾਣ ਵਾਲੇ ਧਰਮ ਸੰਸਕਾਰ ਮਨੁੱਖ ਦੀ ਮੌਤ ਨਾਲ ਸੰਬੰਧਤ ਹਨ ਜੋ ਮਨੁੱਖ ਦੀ ਮੌਤ ਤੋਂ ਬਾਅਦ ਉਸ ਦੀਆਂ ਅੰਤਮ ਰਸਮਾਂ ਦੇ ਰੂਪ ਵਿਚ ਕੀਤੇ ਜਾਂਦੇ ਹਨ। ਬਹੁਤਾਤ ਧਰਮਾਂ ਵਿਚ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਮਰਨ ਵਾਲਾ ਮਨੁੱਖ ਇਸ ਦੁਨੀਆਂ ਨੂੰ ਤਿਆਗ ਕੇ ਦੂਸਰੀ ਦੁਨੀਆਂ ਵਿਚ ਪ੍ਰਵੇਸ਼ ਕਰਦਾ ਹੈ। ਇਹ ਤਾਂ ਹੀ ਸੰਭਵ ਹੈ ਜੇਕਰ ਮਨੁੱਖ ਨੂੰ ਇਸ ਭੌਤਿਕ ਸੰਸਾਰ ਵਿਚ ਮੌਤ ਤੋਂ ਬਾਅਦ ਮੁਕਤੀ ਪ੍ਰਾਪਤ ਹੋ ਜਾਵੇ। ਇਸ ਮੁਕਤੀ ਲਈ ਅਨੇਕਾਂ ਧਰਮਾਂ ਵਿਚ ਧਾਰਮਕ ਵਿਧੀ-ਵਿਧਾਨ ਅਤੇ ਪ੍ਰਾਰਥਨਾਵਾਂ ਦੇ ਰੂਪ ਵਿਚ ਧਾਰਮਿਕ ਸੰਸਕਾਰ ਕੀਤੇ ਜਾਂਦੇ ਹਨ। ਇਨ੍ਹਾਂ ਧਾਰਮਕ ਸੰਸਕਾਰਾਂ ਦਾ ਉਦੇਸ਼ ਮਨੁੱਖ ਨੂੰ ਧਾਰਮਕ ਰਸਮਾਂ ਰਾਹੀਂ ਆਖਰੀ ਅਲਵਿਦਾ ਪ੍ਰਦਾਨ ਕਰ ਕੇ ਉਸ ਦੇ ਸਮੁੱਚੇ ਜੀਵਨ ਦੇ ਵਿਸ਼ੇਸ਼ ਪਲਾਂ ਨੂੰ ਆਪਣੀ ਸਮ੍ਰਿਤੀ ਦਾ ਹਿੱਸਾ ਬਣਾਉਣਾ ਹੁੰਦਾ ਹੈ। ਮਨੁੱਖ ਦੀ ਅੰਤਿਮ ਸੰਸਕਾਰ ਦੀਆਂ ਰਸਮਾਂ ਵਿਚ ਸ਼ਾਮਿਲ ਹੋਣ ਵਾਲੇ ਦੂਸਰੇ ਮਨੁੱਖਾਂ ਨੂੰ ਆਪਣੀ ਨਾਸ਼ਵਾਨਤਾ ਦਾ ਅਹਿਸਾਸ ਹੁੰਦਾ ਹੈ ਅਤੇ ਉਹ ਆਪਣੇ ਜੀਵਨ ਉਦੇਸ਼ ਵੱਲ ਅਗਰਸਰ ਹੁੰਦੇ ਹਨ। ਪੁਰੋਹਿਤ ਜਾਂ ਵਿਸ਼ੇਸ਼ ਧਾਰਮਿਕ ਵਿਅਕਤੀ ਵੱਲੋਂ ਕੀਤੇ ਜਾਣ ਵਾਲੇ ਉਪਦੇਸ਼ ਅਤੇ ਕਥਾ-ਵਾਰਤਾ ਮ੍ਰਿਤਕ ਮਨੁੱਖ ਦੇ ਸਕੇ-ਸੰਬੰਧੀਆਂ ਨੂੰ ਦਿਲਾਸਾ ਦੇਣ ਦਾ ਕਾਰਜ ਵੀ ਕਰਦੇ ਹਨ। ਅਨੇਕਾਂ ਧਰਮਾਂ ਦਾ ਇਹ ਵੀ ਵਿਸ਼ਵਾਸ ਹੈ ਕਿ ਮੌਤ ਤੋਂ ਬਾਅਦ ਕੀਤੇ ਜਾਣ ਵਾਲੇ ਧਾਰਮਕ ਸੰਸਕਾਰ ਮ੍ਰਿਤਕ ਵਿਅਕਤੀ ਦੀ ਆਤਮਾ ਨੂੰ ਮਾੜੇ ਪ੍ਰਭਾਵਾਂ ਤੋਂ ਵੀ ਬਚਾਉਂਦੇ ਹਨ। ਵੱਖ-ਵੱਖ ਧਰਮਾਂ ਵਿਚ ਮ੍ਰਿਤਕ ਸਰੀਰ ਦੇ ਨਿਪਟਾਰੇ ਦੀਆਂ ਆਪਣੇ-ਆਪਣੇ ਧਾਰਮਕ ਅਕੀਦੇ ਅਨੁਸਾਰ ਧਾਰਮਕ ਵਿਧੀਆਂ ਹਨ, ਜਿਵੇਂ – ਮ੍ਰਿਤਕ ਸਰੀਰ ਨੂੰ ਅਗਨ ਭੇਂਟ ਕਰਨਾ, ਮਿੱਟੀ ਵਿੱਚ ਦਫਨ ਕਰਨਾ, ਜਲ ਪ੍ਰਵਾਹ ਕਰ ਦੇਣਾ ਆਦਿ।

### 1.5 **ਧਾਰਮਿਕ ਸੰਸਕਾਰਾਂ ਦੇ ਵਿਭਿੰਨ ਰੂਪ-**

ਧਾਰਮਕ ਸੰਸਕਾਰਾਂ ਦੇ ਰੂਪਾਂ ਨੂੰ ਬਿਆਨ ਕਰਨਾ ਆਸਾਨ ਕਾਰਜ  ਨਹੀਂ ਕਿਉਂਕਿ ਵਿਭਿੰਨ ਪੱਖਾਂ ਤੋਂ ਧਰਮ ਸੰਸਕਾਰਾਂ ਦੇ ਵੱਖ-ਵੱਖ ਰੂਪ ਪ੍ਰਾਪਤ ਹੋ ਜਾਂਦੇ ਹਨ। ਧਰਮਾਂ ਦੇ ਆਧਾਰ ’ਤੇ ਇਨ੍ਹਾਂ ਦੀਆਂ ਅਨੇਕਾਂ ਸ਼੍ਰੇਣੀਆਂ ਜਾਂ ਰੂਪ ਹਨ, ਜਿਵੇਂ ਹਿੰਦੂ ਧਰਮ ਵਿਚ 16 ਪ੍ਰਕਾਰ ਦੇ ਸੰਸਕਾਰ ਮੰਨੇ ਗਏ ਹਨ ਪ੍ਰੰਤੂ ਬਾਕੀ ਧਰਮਾਂ ਵਿਚ ਇਹ ਗਿਣਤੀ ਘੱਟ ਵੱਧ ਹੈ। ਇਸੇ ਪ੍ਰਕਾਰ ਸਮਾਜਿਕ ਪੱਖ ਤੋਂ ਧਾਰਮਕ ਸੰਸਕਾਰ ਦੇ ਤਿੰਨ ਰੂਪ ਮੰਨੇ ਜਾ ਸਕਦੇ ਹਨ- ਜਨਮ, ਵਿਆਹ ਅਤੇ ਮ੍ਰਿਤਕ ਸੰਸਕਾਰ।  ਇਲਾਕੇ ਜਾਂ ਸਥਾਨਕ ਰਿਵਾਜਾਂ ਅਨੁਸਾਰ ਵੀ ਧਾਰਮਿਕ ਸੰਸਕਾਰ ਦੇ ਅਨੇਕਾਂ ਰੂਪ ਪ੍ਰਾਪਤ ਹੋ ਜਾਂਦੇ ਹਨ। ਇਸ ਲਈ ਧਾਰਮਿਕ, ਸਮਾਜਿਕ ਜਾਂ ਇਲਾਕਾਈ ਤੌਰ ’ਤੇ ਧਾਰਮਿਕ ਸੰਸਕਾਰਾਂ ਦੇ ਰੂਪ ਨਿਸ਼ਚਿਤ ਕਰਨੇ ਸੰਭਵ ਨਹੀਂ ਪ੍ਰੰਤੂ ਧਾਰਮਿਕ ਸੰਸਕਾਰਾਂ ਦੀ ਪ੍ਰਵਿਰਤੀ ਦੇ ਅਨੁਸਾਰ ਇਸ ਦੇ ਰੂਪ ਵਿਸਥਾਰਿਤ ਕੀਤੇ ਜਾ ਸਕਦੇ ਹਨ ਜੋ ਵਿਭਿੰਨ ਪੱਖਾਂ ਉਪਰ ਸਮਾਨ ਰੂਪ ਵਿਚ ਲਾਗੂ ਹੋ ਜਾਂਦੇ ਹਨ। ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ ਸੰਸਕਾਰ ਦੇ ਤਿੰਨ ਰੂਪਾਂ ਦਾ ਜ਼ਿਕਰ ਕੀਤਾ ਹੈ ਜੋ ਇਸ ਪ੍ਰਕਾਰ ਹਨ-

ਉੱਤਮ, ਮੱਧਜਮ ਅਤੇ ਨਸ਼ਿੱਧ

ਉੱਤਮ ਸੰਸਕਾਰ ਉਹ ਹਨ (ਜਿਨ੍ਹਾਂ ਕਰਕੇ ਕਰਤਾਰ ਦੀ ਰਚਨਾ ਦੇ ਵਿਰੁੱਧ ਕੁਝ ਨਾ ਕੀਤਾ ਜਾਵੇ, ਅਤੇ ਜੋ ਧਾਰਮਕ ਚਿੰਨ੍ਹ ਧਾਰੇ ਜਾਣ ਉਹ ਸਰੀਰ ਤਥਾ ਦੇਸ਼ ਦੀ ਰੱਖਜਾ ਦਾ ਕਾਰਣ ਹੋਣ, ਜਿਵੇਂ ਅੰਮ੍ਰਿਤ ਸੰਸਕਾਰ ਸਮੇਂ ਸਿੱਖ ਕੱਛ ਕ੍ਰਿਪਾਣ ਧਾਰਦੇ ਹਨ।

ਮੱਧਮ ਸੰਸਕਾਰ ਉਹ ਹਨ ਜਿਨ੍ਹਾਂ ਦੁਆਰਾ ਵਾਹਿਗੁਰੂ ਦੀ ਰਚਨਾ ਬੁਰੀ ਸ਼ਕਲ ਵਿਚ ਕੀਤੀ ਜਾਵੇ ਅਤੇ ਚਿੰਨ੍ਹ ਐਸੇ ਧਾਰੇ ਜਾਣ, ਜਿਨ੍ਹਾਂ ਤੋਂ ਸਰੀਰ ਅਰ ਦੇਸ਼ ਨੂੰ ਕੋਈ ਲਾਭ ਨਾ ਪਹੁੰਜੇ ਜਿਵੇਂ – ਜਟਾ ਭਸਮ ਜਨੇਊ ਕੰਠੀ ਆਦਿਕ ਲੋਕ ਧਾਰਨ ਕਰਦੇ ਹਨ।

ਨਸ਼ਿੱਧ (ਨਿਕ੍ਰਿਸਟ) ਸੰਸਕਾਰ ਉਹ ਹਨ ਜਿਨ੍ਹਾਂ ਕਰਕੇ ਸਿਰਜਨਹਾਰ ਦੀ ਰਚਨਾ ਖੰਡਿਤ ਕੀਤੀ ਜਾਵੇ ਅਰ ਦੇਹ ਤਥਾ ਦੇਸ਼ ਦਾ ਕੋਈ ਹਿਤ ਨਾ ਹੋ ਸਕੇ, ਜਿਵੇਂ- ਕਰਣਵੇਧ, ਸੁੰਨਤ (ਖਤਨਾ) ਮੁੰਡਨ ਆਦਿਕ।

**1.6 ਵਰਤਮਾਨ ਸਮੇਂ ਵਿਚ ਧਰਮ ਸੰਸਾਕਰਾਂ ਦੀ ਪ੍ਰਸੰਗਕਿਤਾ-**

ਅਸੀਂ ਪਿਛਲੇ ਪੰਨਿਆਂ ਵਿਚ ਪੜ੍ਹ ਚੁੱਕੇ ਹਾਂ ਕਿ ਧਰਮ ਸੰਸਕਾਰ ਆਦਿ ਕਾਲ ਤੋਂ ਹੀ ਮਨੁੱਖ ਦੇ ਜੀਵਨ ਦਾ ਅਭਿੰਨ ਅੰਗ ਰਹੇ ਹਨ ਜੋ ਜੀਵਨ ਦੇ ਵਿਸ਼ੇਸ਼ ਮੌਕਿਆ ’ਤੇ ਅਹਿਮ ਭੂਮਿਕਾ ਨਿਭਾਉਂਦੇ ਰਹੇ ਹਨ। ਇਨ੍ਹਾਂ

ਸੰਸਕਾਰਾਂ ਦਾ ਪ੍ਰਵਾਹ ਆਦਿ ਕਾਲ ਤੋਂ ਵਰਤਮਾਨ ਸਮੇਂ ਤੱਕ ਨਿਰੰਤਰ ਜਾਰੀ ਹੈ। ਜੇਕਰ ਵਰਤਮਾਨ ਸਮੇਂ ਵਿਚ ਧਰਮ ਸੰਸਕਾਰਾਂ ਦੀ ਪ੍ਰਸੰਗਕਿਤਾ ਦੀ ਗੱਲ ਕਰੀਏ ਤਾਂ ਇਸ ਦੇ ਸਕਾਰਾਤਮਕ ਅਤੇ ਨਾਕਾਰਤਮਕ ਦੋਵੇਂ ਤਰ੍ਹਾਂ ਦੇ ਪੱਖ ਪ੍ਰਾਪਤ ਹੋ ਜਾਂਦੇ ਹਨ। ਇਹ ਵਿਚਾਰ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਧਰਮ ਸੰਸਕਾਰਾਂ ਨੂੰ ਕਿਸ ਤਰ੍ਹਾਂ ਨਿਭਾਇਆ ਜਾ ਰਿਹਾ ਹੈ ਅਤੇ ਇਨ੍ਹਾਂ ਨੂੰ ਨਿਭਾਉਣ ਪਿਛੇ ਧਰਮ ਸੰਸਕਾਰ ਕਰਨ ਵਾਲੇ ਦੀ ਭਾਵਨਾ ਕੀ ਹੈ। ਉਚਿਤ ਢੰਗ ਅਤੇ ਚੰਗੀ ਭਾਵਨਾ ਰਾਹੀਂ ਇਨ੍ਹਾਂ ਸੰਸਕਾਰਾਂ ਤੋਂ ਹਾਂ ਪੱਖੀ ਨਤੀਜੇ ਪ੍ਰਾਪਤ ਹੁੰਦੇ ਹਨ ਪ੍ਰੰਤੂ ਗਲਤ ਭਾਵਨਾ ਅਤੇ ਗਲਤ ਢੰਗ ਇਨ੍ਹਾਂ ਸੰਸਕਾਰਾਂ ਦੇ ਨਾਂਹ ਪੱਖੀ ਨਤੀਜਿਆਂ ਵੱਲ ਲੈ ਜਾਂਦੇ ਹਨ ਤੇ ਇਹ ਅਰਥਹੀਣ ਹੋ ਜਾਂਦੇ ਹਨ। ਧਰਮ ਸੰਸਕਾਰਾਂ ਦਾ ਹਾਂ ਪੱਖੀ ਪਹਿਲੂ ਇਹ ਹੈ ਕਿ ਇਹ ਇਕ ਧਰਮ ਨਾਲ ਜੁੜੇ ਵਰਗ ਨੂੰ ਏਕਤਾ ਦੇ ਸੂਤਰ ਵਿਚ ਬੰਨ੍ਹ ਕੇ ਰੱਖਦੇ ਹਨ ਕਿਉਂਕਿ ਸਮੁੱਚੀ ਧਾਰਮਕ ਸ੍ਰੇਣੀ ਆਪਣੇ ਧਰਮ ਅਨੁਸਾਰ ਹੀ ਧਾਰਮਿਕ ਸੰਸਕਾਰ ਨਿਭਾਉਂਦੀ ਹੈ। ਧਾਰਮਿਕ ਸੰਸਕਾਰ ਨਿਭਾਉਣ ਵਾਲਾ ਮਨੁੱਖ ਆਪਣੇ ਧਾਰਮਿਕ ਵਿਰਸੇ ਦੀ ਗੌਰਵਤਾ ਦਾ ਅਹਿਸਾਸ ਕਰਦਾ ਹੋਇਆ ਸਮਾਜਿਕ ਤੌਰ 'ਤੇ ਆਪਣੇ ਫਰਜਾਂ ਪ੍ਰਤੀ ਚੇਤੰਨ ਰਹਿੰਦਾ ਹੈ।

ਧਾਰਮਿਕ ਸੰਸਕਾਰ, ਸਮਾਜ ਅਤੇ ਧਰਮ ਨੂੰ ਜੋੜਣ ਲਈ ਕੜੀ ਦੇ ਰੂਪ ਵਿਚ ਕਾਰਜ ਕਰ ਰਹੇ ਹਨ ਜਿਸ ਕਾਰਨ ਸਮਾਜਿਕ ਅਤੇ ਧਾਰਮਿਕ ਪ੍ਰਬੰਧ ਵਿਵਸਥਿਤ ਰਹਿੰਦਾ ਹੈ।

ਧਾਰਮਿਕ ਸੰਸਕਾਰਾਂ ਦੇ ਹਾਂ ਪੱਖੀ ਪਹਿਲੂਆਂ ਵਿਚ ਇਹ ਪਹਿਲੂ ਵੀ ਸ਼ਾਮਿਲ ਹੈ ਕਿ ਧਾਰਮਿਕ ਸੰਸਕਾਰਾਂ ਰਾਹੀਂ ਕਿਸੇ ਧਰਮ ਦੀਆਂ ਸਦਾਂ ਪਹਿਲਾਂ ਆਰੰਭ ਹੋਈਆਂ ਪ੍ਰਪੰਰਾਵਾਂ ਅਤੇ ਵਿਵਸਥਾਵਾਂ ਉਸੇ ਰੂਪ ਵਿਚ ਗੀਤਸ਼ੀਲ ਹਨ ਜੋ ਅਜੋਕੇ ਭੌਤਿਕਵਾਦੀ ਯੁੱਗ ਵਿਚ ਅਧਿਆਤਮਕ ਚੇਤਨਾ ਦਾ ਪ੍ਰਸਾਰ ਕਰ ਰਹੀਆਂ ਹਨ।

ਜਿਥੇ ਧਰਮ ਸੰਸਕਾਰਾਂ ਤੋਂ ਹਾਂ ਪੱਖੀ ਨਤੀਜੇ ਪ੍ਰਾਪਤ ਹੋ ਰਹੇ ਹਨ ਉੱਥੇ ਇਨ੍ਹਾਂ ਦੇ ਗਲਤ ਢੰਗ ਅਤੇ ਗਲਤ ਭਾਵਨਾ ਮਨੁੱਖ ਦੇ ਧਨ ਅਤੇ ਸਮਾਂ ਖਰਾਬ ਕਰਨ ਦੇ ਨਾਲ-ਨਾਲ ਮਨੁੱਖੀ ਵਿਚਾਰਾਂ ਅਤੇ ਭਾਵਨਾਵਾਂ ਨੂੰ ਗੁੰਮਰਾਹ ਵੀ ਕਰਦੇ ਹਨ। ਕਈ ਵਾਰ ਮਨੁੱਖੀ ਡਰ ਅਤੇ ਮਜ਼ਬੂਰੀ ਬਾਰੇ ਹਾਲਾਤਾਂ ਵਿਚ ਅਜਿਹੇ ਸੰਸਕਾਰ ਵੀ ਆਰੰਭ ਹੋ ਜਾਂਦੇ ਹਨ ਜੋ ਬਿਲਕੁਲ ਹੀ ਅਰਥਹੀਣ ਹੋ ਜਾਂਦੇ ਹਨ। ਪੁਰਾਣੇ ਸਮਿਆਂ ਦੀ ਭੂਗੋਲਿਕ ਸਮਾਜਿਕ ਹਾਲਾਤਾਂ ਅਧੀਨ ਪੈਦਾ ਹੋਣ ਵਾਲੇ ਸੰਸਕਾਰ ਵਰਤਮਾਨ ਸਮੇਂ ਵਿਚ ਭੂਗੋਲਕਿ ਅਤੇ ਸਮਾਜਿਕ ਹਾਲਾਤ ਬਦਲ ਜਾਣ ਦੇ ਬਾਵਜੂਦ ਵੀ ਉਸੇ ਪ੍ਰਕਾਰ

ਜਾਰੀ ਹਨ ਜਿਨ੍ਹਾਂ ਦੀ ਕਿਸੇ ਕਿਸਮ ਵੀ ਉਪਯੋਗਿਤਾ ਨਜ਼ਰ ਨਹੀਂ ਆਉਂਦੀ। ਕੁਝ ਅਜਿਹੇ ਅਰਥਹੀਣ ਹੋ ਚੁੱਕੇ ਸੰਸਕਾਰਾਂ ਬਾਰੇ ਪ੍ਰੋ. ਸਾਹਿਬ ਸਿੰਘ ਲਿਖਦੇ ਹਨ, ਅਸਲ ਵਿਚ ਲੋਕ ਮਨ ਅਤੇ ਪਰੰਪਰਾ ਇਨ੍ਹਾਂ ਨੂੰ ਵਿਰਸੇ ਦੀ ਵਸਤੂ ਬਣਾਈ ਰੱਖਦੇ ਹਨ। ਇਹ ਅਨੁਸਠਾਨ ਆਰੰਭ ਵਿਚ ਭਾਵੇਂ ਛੋਟੀ ਜਿਹੀ ਲੋੜ ਨੂੰ ਜਾ ਕਿਸੇ ਚਾਅ ਮਾਲ੍ਹਾਰ ਨੂੰ ਪੂਰਾ ਕਰਨ ਲਈ ਸ਼ੁਰੂ ਹੋਏ ਹੋਣ, ਪਰ ਸਹਿਜੇ-ਸਹਿਜੇ ਇਹ ਆਪਣਾ ਖਿਲਾਰਾ ਇਤਨਾ ਖਿਲਾਰ ਲੈਂਦੇ ਹਨ ਕਿ ਅਨਪੜ੍ਹ ਭੋਲੇ ਭਾਲੇ ਸਾਦੇ ਲੋਕਾਂ ਦੁਆਲੇ ਇਨ੍ਹਾਂ ਦਾ ਇਕ ਜਾਲ ਜਿਹਾ ਵਿਛ ਜਾਂਦਾ ਹੈ, ਜਿਸ ਵਿਚ ਧਾਰਮਿਕ ਜਾਂ ਭਾਈਚਾਰਕ ਦਬਾਉ ਕਾਰਨ ਲੋਕ ਨਿਕਲ ਨਹੀਂ ਸਕਦੇ।

ਇਸ ਸੰਬੰਧੀ ਆਸਬਰਨ ਹਾਪਕਿਨਜ਼ ਦਾ ਵਿਚਾਰ ਹੈ "ਧਾਰਮਿਕ ਰਸਮਾਂ ਭਾਵਨਾਵਾਂ ਅਤੇ ਵਿਸ਼ਵਾਸਾਂ ਦਾ ਸੁਮੇਲ ਹਨ, ਸਾਲ ਵਿਚ ਮੌਕੇ, ਮਹੀਨੇ ਤੇ ਦਿਨ ਨਿਸਚਿਤ ਹਨ ਇਹਨਾਂ ਰਸਮਾਂ ਲਈ, ਪਰ ਕਈ ਵਾਰ ਰਸਮਾਂ ਅਨਿਸ਼ਚਿਤ ਮੌਕਿਆ ਤੇ ਵੀ ਕੀਤੀਆਂ ਜਾਦੀਆਂ ਹਨ ਜਿਵੇਂ ਲੜਾਈ, ਜਨਮ ਤੇ ਮੌਤ ਆਦਿ। ਅਜਿਹੇ ਮੌਕਿਆਂ ਤੇ ਵੀ ਪੁਜਾਰੀ ਨਿਸਚਿਤ ਰਸਮਾਂ ਮੌਕੇ ਤੇ ਨਿਸਚਿਤ ਮਰਿਆਦਾ ਅਨੁਸਾਰ ਨਿਭਾਉਂਦਾ ਹੈ। ਰਸਮਾਂ ਧਰਮ ਨੂੰ ਸਾਂਭ ਕੇ ਵੀ ਰੱਖਦੀਆਂ ਹਨ ਤੇ ਉਸ ਦਾ ਦਿਖਾਵਾ ਵੀ ਕਰਦੀਆਂ ਹਨ। ਪਰ ਕਈ ਵਾਰ ਜਿਸ ਮਕਸਦ ਲਈ ਰਸਮ ਸ਼ੁਰੂ ਹੋਈ ਹੈ, ਉਹ ਪਿੱਛੇ ਰਹਿ ਜਾਂਦੀ ਹੈ ਤੇ ਰਸਮ ਅੱਗੇ ਤੁਰਦੀ ਜਾਂਦੀ ਹੈ।

ਕਈ ਧਾਰਮਿਕ ਸੰਸਕਾਰਾਂ ਵਿਚੋਂ ਪ੍ਰਗਟ ਹੋਣ ਵਾਲੇ ਨਾਂਹ ਪੱਖੀ ਵਰਤਾਰੇ ਕਾਰਨ ਸਮੇਂ-ਸਮੇਂ 'ਤੇ ਤਤਕਾਲੀਨ ਸਮੇਂ ਦੇ ਧਾਰਮਿਕ ਆਗੂਆਂ ਅਤੇ ਕ੍ਰਾਂਤੀਕਾਰੀ ਸੁਧਾਰਕਾਂ ਜਿਵੇਂ ਗੁਰੂ ਨਾਨਕ ਦੇਵ ਜੀ, ਭਗਤ ਕਬੀਰ ਜੀ, ਮਾਰਟਿਨ ਲੂਥਰ, ਰਾਜਾ ਰਾਮ ਮੋਹਨ ਰਾਇ ਆਦਿ ਨੇ ਅਜਿਹੇ ਕਈ ਅਰਥਹੀਣ ਅਤੇ ਸਮਾਜ ਨੂੰ ਗਲਤ ਪ੍ਰਭਾਵ ਦੇਣ ਵਾਲੇ ਸੰਸਕਾਰਾਂ ਦੇ ਵਿਰੋਧ ਵੀ ਕੀਤਾ।

1.7 **ਸਾਰ-**

ਸਮੁੱਚੇ ਰੂਪ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਧਾਰਮਿਕ ਸੰਸਕਾਰ ਮਨੁੱਖ ਦੀਆਂ ਧਾਰਮਿਕ ਭਾਵਨਾਵਾਂ ਦੀ ਤਰਜਮਾਨੀ ਕਰਦੇ ਹਨ ਜਿਨਾਂ ਨੂੰ ਉਹ ਆਪਣੇ ਸਮਾਜਿਕ ਜੀਵਨ ਵਿੱਚ ਵਿਸ਼ੇਸ਼ ਵਿਧੀ ਵਿਧਾਨ ਰਾਹੀ ਅਪਣਾਉਂਦਾ ਹੈ। ਇਹ ਆਦਿ ਕਾਲ ਤੋਂ ਮਨੁੱਖੀ ਜੀਵਨ ਵਿਚ ਮਹੱਤਵਪੂਰਨ ਰੋਲ ਅਦਾ ਕਰਦੇ ਰਹੇ ਹਨ। ਵੱਖ-ਵੱਖ ਧਰਮਾਂ ਵਿਚ

ਧਾਰਮਿਕ ਸੰਸਕਾਰਾਂ ਦਾ ਰੂਪ ਭਾਵੇਂ ਭਿੰਨ ਭਿੰਨ ਹੁੰਦਾ ਹੈ ਪਰੰਤੂ ਹਰ ਧਰਮ ਵਿਚ ਇਸ ਦੀ ਹੋਂਦ ਜਰੂਰ ਹੁੰਦੀ ਹੈ। ਹਰ ਧਰਮ ਦੇ ਅਨੁਯਾਈ ਪੂਰੀ ਸ਼ਿੱਦਤ ਅਤੇ ਆਸਥਾ ਨਾਲ ਧਾਰਮਿਕ ਸੰਸਕਾਰਾਂ ਦੀ ਪਾਲਣਾ ਕਰਦੇ ਹਨ। ਮਨੁੱਖ ਦੁਆਰਾ ਆਪਣੇ ਸਮਾਜਿਕ ਜੀਵਨ ਦੇ ਅਹਿਮ ਮੌਕਿਆਂ ਦੌਰਾਨ ਧਾਰਮਿਕ ਸੰਸਕਾਰ ਨਿਭਾਏ ਜਾਣਾ ਇਸ ਗੱਲ ਨੂੰ ਪ੍ਰਮਾਣਿਤ ਕਰਦਾ ਹੈ ਕਿ ਮਨੁੱਖ ਆਪਣੇ ਸਮਾਜਿਕ ਪ੍ਰਬੰਧ ਨੂੰ ਧਾਰਮਿਕ ਵਿਵਸਥਾ ਅਨੁਸਾਰ ਗਤੀਸ਼ੀਲ ਰੱਖਣ ਦਾ ਇੱਛੁਕ ਹੈ। ਬੇਸ਼ਕ ਸਮੇਂ ਅਤੇ ਹਾਲਾਤਾਂ ਦੇ ਪ੍ਰਭਾਵ ਕਾਰਨ ਕੁਝ ਧਾਰਮਿਕ ਸੰਸਕਾਰ ਵਰਤਮਾਨ ਸਮੇਂ ਵਿੱਚ ਅਰਥਹੀਣ ਜਾਪਦੇ ਹਨ ਪਰੰਤੂ ਮਨੁੱਖੀ ਜੀਵਨ ਵਿੱਚ ਧਾਰਮਿਕ ਸੰਸਕਾਰਾਂ ਦੀ ਭੂਮਿਕਾ ਅਤੇ ਮਹੱਤਵ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿਉਂਕਿ ਮਨੁੱਖ ਦੇ ਸਮਾਜਿਕ ਪ੍ਰਬੰਧ ਦੀ ਸੰਪੂਰਨਤਾ ਧਾਰਮਿਕ ਸੰਸਕਾਰਾਂ ਤੋਂ ਬਿਨਾਂ ਸ਼ਾਇਦ ਅਸੰਭਵ ਹੈ।

**1.8 ਪੜ੍ਹਣਯੋਗ ਪੁਸਤਕਾਂ**


- ਐਫ ਮੈਕਸਮੂਲਰ, ਤਾਰਨ ਸਿੰਘ, (ਡਾ.), (ਅਨੁ.) *ਧਰਮ ਦੀ ਉਤਪੱਤੀ ਅਤੇ ਵਿਕਾਸ,* ਪੰਜਾਬੀ ਯੂਨੀਵਰਸਿਟੀ , ਪਟਿਆਲਾ , 2002
- ਗੁਰਮੀਤ ਸਿੰਘ ਸਿੱਧੂ, ਧਰਮ ਆਧੁਨਿਕ ਅਤੇ ਉਤਰਆਧੁਨਿਕ ਸਿਧਾਂਤ, ਗੁਰਗਿਆਨ ਬੁਕਸ, ਪਟਿਆਲਾ, 2014
  - ਦਰਸ਼ਨ ਸਿੰਘ ( ਡਾ. ),*ਧਰਮ ਅਧਿਐਨ ਅਤੇ ਸਿੱਖ ਅਧਿਐਨ,* ਪੰਜਾਬੀ ਯੂਨੀਵਰਸਿਟੀ , ਪਟਿਆਲਾ , 2000
  - ਪ੍ਰਤਾਪ ਸਿੰਘ (ਗਿਆਨੀ), *ਸੰਸਾਰ ਦਾ ਧਾਰਮਿਕ ਇਤਿਹਾਸ,* ਜਵਾਹਰ ਸਿੰਘ ਕ੍ਰਿਪਾਲ ਸਿੰਘ, ਖਾਲਸਾ ਬ੍ਰਦਰਜ਼, ਅੰਮ੍ਰਿਤਸਰ, 1976
  - ਜਸਬੀਰ ਸਿੰਘ ਭੱਲਾ, (ਡਾ.), *ਧਰਮ ਅਤੇ ਸਮਾਜ ਇਕ ਅਧਿਐਨ,* ਮਨਪ੍ਰੀਤ ਪ੍ਰਕਾਸ਼ਨ ਦਿੱਲੀ 2002
  - ਮਨਜੀਤ ਸਿੰਘ, *ਧਰਮ ਦਰਸ਼ਨ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ 2007
  - ਨਾਭਾ, ਭਾਈ ਕਾਨ੍ਹ ਸਿੰਘ, *ਗੁਰ ਸ਼ਬਦ ਰਤਨਾਕਰ ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ
  - ਯੂ. ਆਰ. ਅਨੰਤਮੂਰਤੀ, ਸੰਸਕਾਰ, ਨਿਊ ਯਾਰਕ, 2017

- ਰਾਮਾਸ਼ਰਯ ਰਾਇ, ਵਿਅਕਤੀ, ਸਮਾਜ ਔਰ ਸੰਸਕਾਰ (ਹਿੰਦੀ), ਗਿਆਨ ਗੰਗਾ ਪ੍ਰਕਾਸ਼ਨ, ਦਿੱਲੀ, 2004.
- ਵਜ਼ੀਰ ਸਿੰਘ ( ਡਾ .),*ਧਰਮ ਦਾ ਦਾਰਸ਼ਨਿਕ ਪੱਖ*, ਪੰਜਾਬੀ ਯੂਨੀਵਰਸਿਟੀ , ਪਟਿਆਲਾ , 1986
- Bhagat Singh Hira, Semitic Religious Thought and Sikhism, National Book Shop, Delhi, 1992
- Gurbachan Singh Talib, An Advanced Book of Religious Studies, Punjabi University Patiala, 1974


**1.9 ਅਭਿਆਸ ਲਈ ਪ੍ਰਸ਼ਨ**

**ਛੋਟੇ ਉੱਤਰਾਂ ਵਾਲੇ ਪ੍ਰਸ਼ਨ**

1. ਸੰਸਕਾਰ ਕਿਹੜੀ ਭਾਸ਼ਾ ਦਾ ਸ਼ਬਦ ਹੈ ਅਤੇ ਇਹ ਕਿਨ੍ਹਾਂ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ?

2. ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸੰਸਕਾਰ ਦੀ ਪਰਿਭਾਸ਼ਾ ਕੀ ਹੈ?

3. ਧਾਰਮਿਕ ਸੰਸਕਾਰਾਂ ਦੀ ਉਤਪੱਤੀ ਕਿਵੇਂ ਹੋਈ?

4. ਮਨੁੱਖ ਦੇ ਜੀਵਨ ਵਿਚ ਧਰਮ ਪ੍ਰਵੇਸ਼ ਸੰਸਕਾਰ ਦੀ ਕੀ ਭੂਮਿਕਾ ਹੈ?

5. ਸੰਸਕਾਰ ਕਿੰਨੇ ਪ੍ਰਕਾਰ ਦੇ ਹੁੰਦੇ ਹਨ?

6. ਸਮੂਹ ਧਰਮਾਂ ਦੇ ਸੰਸਕਾਰ ਇਕ ਸਮਾਨ ਹੁੰਦੇ ਹਨ ਜਾਂ ਵੱਖ-ਵੱਖ? ਦੋ-ਤਿੰਨ ਲਾਇਨਾਂ ਵਿਚ ਉੱਤਰ ਦਿਓ।

**ਵੱਡੇ ਉੱਤਰਾਂ ਵਾਲੇ ਪ੍ਰਸ਼ਨ**

1. ਸੰਸਕਾਰ ਸ਼ਬਦ ਤੋਂ ਕੀ ਭਾਵ ਹੈ? ਅਰਥ ਅਤੇ ਪਰਿਭਾਸ਼ਾ ਸਹਿਤ ਸਪੱਸ਼ਟ ਕਰੋ।

2. ਧਾਰਮਿਕ ਸੰਸਕਾਰਾਂ ਦੇ ਉਦੇਸ਼ ਅਤੇ ਸਰੂਪ ਦਾ ਵਿਸਥਾਰ ਸਹਿਤ ਵਰਣਨ ਕਰੋ।

੩. ਮਨੁੱਖ ਦੇ ਜੀਵਨ ਵਿਚ ਸੰਸਕਾਰਾਂ ਦੀ ਕੀ ਭੂਮਿਕਾ ਹੈ? ਵਿਭਿੰਨ ਪੱਖਾਂ ਸਹਿਤ ਚਾਨਣਾ ਪਾਓ।

## CORE COURSE (CC): RELIGIOUS STUDIES

**SEMESTER II** **Section - A**

**PAPER I: ਧਰਮ ਸੰਸਕਾਰ (ਜਨਮ, ਧਰਮ-ਪ੍ਰਵੇਸ਼, ਵਿਆਹ ਅਤੇ ਮ੍ਰਿਤਕ ਸੰਸਕਾਰ)**

### UNIT- 2 ਸਿੱਖ ਧਰਮ : ਜਨਮ, ਧਰਮ-ਪ੍ਰਵੇਸ਼, ਵਿਆਹ ਅਤੇ ਮ੍ਰਿਤਕ ਸੰਸਕਾਰ

2.0 ਵਿਸ਼ਾ ਪ੍ਰਵੇਸ਼

2.1 ਜਾਣ-ਪਛਾਣ

2.1 ਗੁਰਬਾਣੀ ਅਤੇ ਧਰਮ ਸੰਸਕਾਰ

2.2 ਸਿੱਖ ਧਰਮ ਦੇ ਸੰਸਕਾਰਾਂ ਵਿਚ ਸ਼ਬਦ ਅਤੇ ਅਰਦਾਸ ਦੀ ਮਹੱਤਤਾ

2.3 ਜਨਮ ਸੰਸਕਾਰ

2.4 ਧਰਮ ਪ੍ਰਵੇਸ਼ ਸੰਸਕਾਰ – ਅੰਮ੍ਰਿਤ ਸੰਸਕਾਰ

2.5 ਅਨੰਦ ਸੰਸਕਾਰ

2.6 ਮ੍ਰਿਤਕ ਸੰਸਕਾਰ

2.7 ਸਾਰ

2.8 ਪੜ੍ਹਣਯੋਗ ਪੁਸਤਕਾਂ

2.9 ਅਭਿਆਸ ਲਈ ਪ੍ਰਸ਼ਨ

## 2.0 ਵਿਸ਼ਾ ਪ੍ਰਵੇਸ਼-

ਹੱਥਲੀ ਯੂਨਿਟ ਦਾ ਉਦੇਸ਼ ਭਾਰਤੀ ਧਰਮ ਪਰੰਪਰਾ ਦੇ ਇਕ ਅਹਿਮ ਅੰਗ ਸਿੱਖ ਧਰਮ ਦੇ ਧਰਮ ਸੰਸਕਾਰਾਂ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਪ੍ਰਦਾਨ ਕਰਨਾ ਹੈ। ਇਨ੍ਹਾਂ ਸੰਸਕਾਰਾਂ ਵਿਚ ਜਨਮ ਸੰਸਕਾਰ, ਧਰਮ ਪ੍ਰਵੇਸ਼ ਸੰਸਕਾਰ (ਅੰਮ੍ਰਿਤ ਸੰਸਕਾਰ), ਵਿਆਹ ਸੰਸਕਾਰ (ਅਨੰਦ ਸੰਸਕਾਰ) ਅਤੇ ਮ੍ਰਿਤਕ ਸੰਸਕਾਰ ਨੂੰ ਸ਼ਾਮਿਲ ਕੀਤਾ ਗਿਆ ਹੈ।

## 2.1 ਜਾਣ-ਪਛਾਣ

ਸਿੱਖ ਧਰਮ ਸੰਸਾਰ ਦੀ ਧਾਰਮਿਕ ਲੜੀ ਵਿਚ ਇਕ ਪ੍ਰਮੁੱਖ ਸਥਾਨ ਰੱਖਦਾ ਹੈ ਜਿਸ ਦਾ ਆਗਾਜ਼ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਰਾਹੀਂ ਹੋਇਆ। ਇਸ ਧਰਮ ਨੇ ਆਪਣੇ ਤਤਕਾਲੀਨ ਸਮੇਂ ਦੇ ਅਜਿਹੇ ਧਾਰਮਿਕ ਅਤੇ ਸਮਾਜਿਕ ਰੀਤੀ-ਰਿਵਾਜ਼ਾਂ ਨੂੰ ਨਿਰਾਰਥਕ ਕਹਿ ਕੇ ਇਨ੍ਹਾਂ ਦਾ ਖੰਡਨ ਕੀਤਾ ਜਿਨ੍ਹਾਂ ਦਾ ਮਨੁੱਖੀ ਜੀਵਨ ਵਿਚ ਕਿਸੇ ਧਰਮ ਦਾ ਅਸਲ ਉਦੇਸ਼ ਮਨੁੱਖ ਦੇ ਸਮਾਜਿਕ ਅਤੇ ਧਾਰਮਿਕ ਜੀਵਨ ਨੂੰ ਸੁਖੈਨ ਕਰਨਾ ਸੀ ਤਾਂ ਕਿ ਮਨੁੱਖ ਆਪਣੇ ਜੀਵਨ ਦੇ ਅਸਲ ਉਦੇਸ਼ – ਪਰਮ ਤੱਤ ਪਰਮਾਤਮਾ ਨਾਲ ਇਕਰੂਪਤਾ ਨੂੰ ਪ੍ਰਾਪਤ ਕਰ ਸਕੇ। ਇਸ ਉਦੇਸ਼ ਦੀ ਪੂਰਤੀ ਦੇ ਅੰਗ ਵਜੋਂ ਸਿੱਖ ਧਰਮ ਨੇ ਸਮਾਜਿਕ ਜੀਵਨ ਵਿਚ ਅਹਿਮ ਰੋਲ ਅਦਾ ਕਰਨ ਵਾਲੇ ਧਰਮ ਸੰਸਕਾਰਾਂ ਦਾ ਸੁਖੈਨ ਰੂਪ ਪ੍ਰਸਤੁਤ ਕੀਤਾ। ਇਸ ਸਰੂਪ ਦੇ ਅਨੁਸਾਰ ਹੀ ਸਿੱਖਾਂ ਵਿਚ ਧਰਮ ਸੰਸਕਾਰ ਨਿਭਾਏ ਜਾਂਦੇ ਹਨ।

## 2.1 ਗੁਰਬਾਣੀ ਅਤੇ ਧਰਮ ਸੰਸਕਾਰ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਸਿੱਖ ਧਰਮ ਦੇ ਸਮਾਜਿਕ, ਧਾਰਮਿਕ, ਆਰਥਿਕ ਅਤੇ ਰਾਜਨੀਤਿਕ ਜੀਵਨ ਦਾ ਪ੍ਰਮੁੱਖ ਆਧਾਰ ਹੈ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਿੱਖ ਧਰਮ ਵਿਚ 'ਸ਼ਬਦ' ਗੁਰੂ ਦਾ ਦਰਜਾ ਪ੍ਰਾਪਤ ਹੈ। ਗੁਰਬਾਣੀ ਵਿਚ ਅਨੇਕਾਂ ਥਾਵਾਂ ਤੇ ਸੰਸਕਾਰਾਂ ਸੰਬੰਧੀ ਵਿਚਾਰ ਪ੍ਰਾਪਤ ਹੁੰਦੇ ਹਨ। ਗੁਰਬਾਣੀ ਮਨੁੱਖੀ ਜੀਵਨ ਉੱਪਰ ਬੋਝ ਬਣ ਚੁੱਕੇ ਰੀਤੀ-ਰਿਵਾਜ਼ਾਂ ਅਤੇ ਸਸੰਕਾਰਾਂ ਨੂੰ ਕਿਸੇ ਵੀ ਪ੍ਰਕਾਰ ਦਾ ਮਹੱਤਵ ਪ੍ਰਦਾਨ ਨਹੀਂ ਕਰਦੀ। ਅਜਿਹੇ ਰੀਤੀ-ਰਿਵਾਜਾਂ ਨੂੰ ਗੁਰਬਾਣੀ ਸਾੜ ਦੇਣ ਭਾਵ ਤਿਲਾਂਜਲੀ ਦੇ ਕੇ ਤਿਆਗ ਦੇਣ ਦੀ ਗੱਲ ਕਰਦੀ ਹੈ ਜਿਨ੍ਹਾਂ ਵਿਚ ਖਚਿਤ ਹੋ ਕੇ ਮਨੁੱਖ ਆਪਣੇ ਮੂਲ ਪਰਮਾਤਮਾ ਦੀ ਯਾਦ ਨੂੰ ਆਪਣੇ ਚੇਤਿਆਂ ਵਿਚੋਂ ਵਿਸਾਰ ਦਿੰਦਾ ਹੈ।

ਇਸ ਪ੍ਰਕਾਰ ਸਿੱਖ ਧਰਮ ਵਿਚ ਉਨ੍ਹਾਂ ਰੀਤੀ ਰਿਵਾਜਾਂ ਨੂੰ ਨਿਰਾਰਥਕ ਕਿਹਾ ਗਿਆ ਹੈ ਜੋ ਮਨੁੱਖ ਨੂੰ ਪਰਮਾਤਮਾ ਦੇ ਨਾਮ ਤੋਂ ਦੂਰ ਕਰ ਦਿੰਦੇ ਹਨ। ਸਿੱਖ ਧਰਮ ਵਿਚ ਜੀਵਨ ਦੇ ਹਰ ਸੰਸਕਾਰ ਦੇ ਮੌਕੇ 'ਤੇ ਸ਼ਬਦ ਗੁਰੂ ਦਾ ਆਸਰਾ ਲਿਆ ਜਾਂਦਾ ਹੈ ਅਤੇ ਉਹ ਕੰਮ ਹੀ ਕੀਤੇ ਜਾਂਦੇ ਹਨ ਜੋ ਸਿੱਖ ਗੁਰੂ ਸਾਹਿਬਾਨ ਦੁਆਰਾ ਨਿਰਧਾਰਿਤ ਕੀਤੇ ਗਏ ਹਨ। ਅਜਿਹੇ ਨਿਰਧਾਰਿਤ ਕਾਰਜਾਂ ਨੂੰ ਸਿੱਖ ਧਰਮ ਵਿਚ ਗੁਰਮਤਿ ਕਿਹਾ ਜਾਂਦਾ ਹੈ ਅਤੇ ਇਨ੍ਹਾਂ ਦੇ ਉਲਟ

ਜਾ ਕੇ ਕੀਤੇ ਗਏ ਕਾਰਜਾਂ ਨੂੰ ਮਨਮਤਿ। ਸਿੱਖ ਧਰਮ ਵਿਚ ਗੁਰਮਤਿ ਅਨੁਸਾਰ ਚੱਲਣ ਵਾਲਾ ਹੀ ਸਿੱਖ ਅਖਵਾ ਸਕਦਾ ਹੈ। ਮਨਮਤਿ ਅਨੁਸਾਰ ਚੱਲਣ ਵਾਲਾ ਮਨੁੱਖ ਸਿੱਖ ਧਰਮ ਦੇ ਮਾਪਦੰਡਾਂ ਤੇ ਪੂਰਾ ਨਾ ਉਤਰਨ ਕਾਰਨ ਸਿੱਖ ਨਹੀਂ ਅਖਵਾ ਸਕਦਾ। ਗੁਰਬਾਣੀ ਵਿਚ ਪਰਮਾਤਮਾ ਦੇ ਨਾਮ ਨੂੰ ਹੀ ਪ੍ਰਮੁੱਖਤਾ ਪ੍ਰਦਾਨ ਕੀਤੀ ਗਈ ਹੈ ਅਤੇ ਜੀਵਨ ਦੇ ਅਹਿਮ ਮੌਕਿਆਂ ਤੇ ਧਰਮ ਸੰਸਕਾਰਾਂ ਦਾ ਉਦੇਸ਼ ਹੈ – ਇਨ੍ਹਾਂ ਖਾਸ ਮੌਕਿਆਂ ’ਤੇ ਪਰਮਾਤਮਾ ਨੂੰ ਯਾਦ ਕਰਦੇ ਹੋਏ ਇਨ੍ਹਾਂ ਨੂੰ ਸੰਪੂਰਨ ਕਰਨਾ।

### 2.2 ਸਿੱਖ ਧਰਮ ਦੇ ਸੰਸਕਾਰਾਂ ਵਿਚ ਸ਼ਬਦ ਅਤੇ ਅਰਦਾਸ ਦੀ ਮਹੱਤਤਾ-

ਪਿਛਲੇ ਪੰਨਿਆਂ ਵਿਚ ਜ਼ਿਕਰ ਕੀਤਾ ਜਾ ਚੁੱਕਿਆ ਹੈ ਕਿ ਸ਼ਬਦ ਨੂੰ ਸਿੱਖ ਧਰਮ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਗੁਰੂ ਦਾ ਦਰਜਾ ਪ੍ਰਾਪਤ ਹੈ। ਇਸ ਪ੍ਰਕਾਰ ਸ਼ਬਦ ਦੀ ਸਿੱਖ ਧਰਮ ਵਿਚ ਵਿਸ਼ੇਸ਼ ਰੂਪ ਵਿਚ ਮਹੱਤਤਾ ਹੈ। ਇਕ ਸਿੱਖ ਦੇ ਜੀਵਨ ਦਾ ਕੋਈ ਵੀ ਸੰਸਕਾਰ ਸ਼ਬਦ ਤੋਂ ਬਿਨਾਂ ਪੂਰਾ ਨਹੀਂ ਹੋ ਸਕਦਾ। ਸਿੱਖ ਧਰਮ ਦੇ ਅਨੁਯਾਈ ਦੁਆਰਾ ਹਰ ਇਕ ਸੰਸਕਾਰ ਦੀ ਸੰਪੂਰਨਤਾ ਲਈ ਗੁਰਬਾਣੀ ਦੇ ਪਾਠ ਦੇ ਰੂਪ ਵਿਚ ਸ਼ਬਦ ਦਾ ਆਸਰਾ ਲਿਆ ਜਾਂਦਾ ਹੈ। ਇਹ ਆਸਰਾ ਗੁਰਬਾਣੀ ਦੇ ਅਖੰਡ ਪਾਠ, ਸਹਿਜ ਪਾਠ ਜਾਂ ਕਿਸੇ ਵਿਸ਼ੇਸ਼ ਬਾਣੀ ਦੇ ਰੂਪ ਵਿਚ ਹੁੰਦਾ ਹੈ। ਭਾਵੇਂ ਖੁਸ਼ੀ ਦਾ ਮੌਕਾ ਹੋਵੇ, ਭਾਵੇਂ ਗਮੀ ਦਾ ਗੁਰਬਾਣਈ ਦਾ ਪਾਠ ਹਰ ਮੌਕੇ ਦਾ ਅਹਿਮ ਅੰਗ ਹੁੰਦਾ ਹੈ। ਇਹ ਪਾਠ ਸਿੱਖ ਧਰਮ ਦੇ ਨਿਯਤ ਵਿਧੀ-ਵਿਧਾਨ (ਮਰਯਾਦਾ) ਅਨੁਸਾਰ ਕੀਤਾ ਜਾਂਦਾ ਹੈ। ਗੁਰਬਾਣੀ ਪਾਠ ਦਾ ਇਕ ਅਹਿਮ ਹਿੱਸਾ ਹੈ – ਅਨੰਦੁ ਸਾਹਿਬ ਦੀਆਂ 6 ਪਉੜੀਆਂ ਦਾ ਪਾਠ । ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਮਕਲੀ ਰਾਗ ਵਿਚ ਦਰਜ ਹੈ। ਗੁਰਬਾਣੀ ਵਾਂਗ ਹੀ ਅਨੰਦੁ ਸਾਹਿਬ ਦੀਆਂ 6 ਪਉੜੀਆਂ ਦਾ ਪਾਠ ਵੀ ਸਿੱਖ ਧਰਮ ਦੇ ਸੰਸਕਾਰਾਂ ਦਾ ਅਟੁੱਟ ਹਿੱਸਾ ਹਨ ਜੋ ਹਰ ਖੁਸ਼ੀ ਅਤੇ ਗਮੀ ਦੇ ਮੌਕੇ ਤੇ ਗੁਰਬਾਣੀ ਪਾਠ ਦੀ ਸੰਪੂਰਨਤਾ ਤੋਂ ਬਾਅਦ ਕੀਤਾ ਜਾਂਦਾ ਹੈ। ਗੁਰਬਾਣੀ ਪਾਠ ਅਤੇ ਅਨੰਦੁ ਸਾਹਿਬ ਦੀਆਂ 6 ਪਉੜੀਆਂ ਦੇ ਪਾਠ ਤੋਂ ਬਾਅਦ ਜੋ ਸਿੱਖ ਧਰਮ ਦੇ ਸੰਸਕਾਰਾਂ ਦਾ ਜ਼ਰੂਰੀ ਅੰਗ ਹੈ, ਉਹ ਹੈ – ਅਰਦਾਸ। ਸਿੱਖ ਧਰਮ ਦਾ ਕੋਈ ਵੀ ਕਾਰਜ ਅਰਦਾਸ ਤੋਂ ਬਿਨਾਂ ਪੂਰਾ ਨਹੀਂ ਹੁੰਦਾ। ਇਕ ਸਿੱਖ ਦੇ ਜੀਵਨ ਵਿਚ ਨਿਭਾਏ ਜਾਣ ਵਾਲੇ ਸੰਸਕਾਰਾਂ ਦੀ ਸੰਪੂਰਨਤਾ ਅਰਦਾਸ ਰਾਹੀਂ ਹੀ ਹੁੰਦੀ ਹੈ ਜਿਸ ਵਿਚ ਸੰਬੰਧਿਤ ਕਾਰਜ ਜਾਂ ਸੰਸਕਾਰ ਦੀ ਪੂਰਤੀ ਦੇ ਉਦੇਸ਼ ਨੂੰ ਮੁੱਖ ਰੱਖਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਅਰਦਾਸ ਕੀਤੀ ਜਾਂਦੀ ਹੈ। ਇਹ ਅਰਦਾਸ ਸ਼ੁਕਰਾਨੇ, ਕਾਰਜ-ਪੂਰਤੀ ਦੇ ਉਦੇਸ਼ ਜਾਂ ਮ੍ਰਿਤਕ ਸੰਸਕਾਰ ਸਮੇਂ ਮ੍ਰਿਤਕ ਪ੍ਰਾਣੀ ਦੀ ਆਤਮਾ ਦੀ ਸ਼ਾਂਤੀ ਲਈ ਕੀਤੀ ਜਾਂਦੀ ਹੈ। ਸਿੱਖ ਧਰਮ ਵਿਚ ਸਿੱਖ ਪੰਥ ਦੁਆਰਾ ਜੀਵਨ ਦੇ ਹਰ ਸੰਸਕਾਰ ਦੀ ਪੂਰਤੀ ਲਈ ਇਕ ਵਿਧੀ-ਵਿਧਾਨ ਨਿਸ਼ਚਿਤ ਕੀਤਾ ਗਿਆ ਹੈ। ਜਿਸ ਨੂੰ ਸਿੱਖ ਰਹਿਤ ਮਰਯਾਦਾ ਕਿਹਾ ਜਾਂਦਾ ਹੈ। ਇਸ ਵਿਚ ਇਕ ਸਿੱਖ ਦੁਆਰਾ ਕੀਤੀ ਜਾਣ ਵਾਲੀ ਅਰਦਾਸ ਦਾ ਰੂਪ ਵੀ ਨਿਸ਼ਚਿਤ ਕੀਤਾ ਗਿਆ ਹੈ। ਇਸ ਨਿਰਧਾਰਿਤ ਰੂਪ ਅਨੁਸਾਰ ਹੀ ਸਿੱਖ ਧਰਮ ਵਿਚ ਹਰ ਧਰਮ ਸੰਸਕਾਰ ਦੌਰਾਨ ਅਰਦਾਸ ਕੀਤੀ ਜਾਂਦੀ ਹੈ। ਸਿਰਫ ਅਰਦਾਸ ਕੀਤੇ ਜਾਣ ਦੇ ਉਦੇਸ਼ ਨੂੰ ਛੱਡ ਕੇ ਬਾਕੀ ਸਾਰੀ ਅਰਦਾਸ ਨਿਰਧਾਰਿਤ ਰੂਪ ਅਨੁਸਾਰ ਹੀ ਕੀਤੀ ਜਾਂਦੀ ਹੈ।

ਇਸ ਪ੍ਰਕਾਰ ਗੁਰਬਾਣੀ ਅਤੇ ਅਰਦਾਸ ਦੀ ਸਿੱਖ ਧਰਮ ਦੇ ਸੰਸਾਕਰਾਂ ਵਿਚ ਵਿਸ਼ੇਸ਼ ਮਹੱਤਤਾ ਹੈ ਜਿਸ ਦਾ ਉਦੇਸ਼ ਇਨ੍ਹਾਂ ਸੰਸਕਾਰਾਂ ਦੇ ਨਿਭਾਏ ਜਾਣ ਦੌਰਾਨ ਪਰਮਾਤਮਾ ਨੂੰ ਯਾਦ ਕਰਕੇ ਉਸ ਦਾ ਓਟ ਆਸਰਾ ਪ੍ਰਾਪਤ ਕਰਨਾ ਹੈ।

**2.3 ਜਨਮ ਸੰਸਕਾਰ**-

ਸਿੱਖ ਧਰਮ ਵਿਚ ਮਨੁੱਖ ਦੇ ਜਨਮ ਨੂੰ ਇਕ ਅਹਿਮ ਸਥਾਨ ਪ੍ਰਦਾਨ ਕੀਤਾ ਗਿਆ ਹੈ ਕਿਉਂਕਿ ਗੁਰਬਾਣੀ ਅਨੁਸਾਰ ਅਨੇਕਾਂ ਜੂਨਾਂ ਤੋਂ ਬਾਅਦ ਮਨੁੱਖਾਂ ਸਰੀਰ ਵਾਲੀ ਜੂਨੀ ਪ੍ਰਾਪਤ ਹੁੰਦੀ ਹੈ ਅਤੇ ਪਰਮਾਤਮਾ ਦੀ ਪ੍ਰਾਪਤੀ ਇਸ ਮਨੁੱਖਾ ਸਰੀਰ ਵਿਚ ਹੀ ਸੰਭਵ ਹੈ। ਮਨੁੱਖ ਪਰਮਾਤਮਾ ਦੇ ਹੁਕਮ ਅਨੁਸਾਰ ਹੀ ਇਸ ਸੰਸਾਰ ਵਿਚ ਆਉਂਦਾ ਹੈ ਜਿਸ ਦੇ ਜਨਮ ਨਾਲ ਸੰਬੰਧਿਤ ਸੰਸਕਾਰ ਨੂੰ ਸਿੱਖ ਧਰਮ ਵਿਚ 'ਜਨਮ ਸੰਸਕਾਰ' ਕਿਹਾ ਜਾਂਦਾ ਹੈ। ਸਿੱਖ ਪੰਥ ਦੁਆਰਾ ਜਨਮ ਸੰਸਕਾਰ ਸੰਬੰਧੀ ਵਿਧੀ-ਵਿਧਾਨ ਨੂੰ 'ਸਿੱਖ ਰਹਿਤ ਮਰਯਾਦਾ' ਵਿਚ ਅੰਕਿਤ ਕੀਤਾ ਗਿਆ ਹੈ ਜੋ ਇਸ ਪ੍ਰਕਾਰ ਹੈ-

੧. ਜਨਮ ਤੇ ਨਾਮ-ਸੰਸਕਾਰ

(ੳ) ਸਿੱਖ ਦੇ ਘਰ ਬਾਲਕ ਦਾ ਜਨਮ ਹੋਣ ਮਗਰੋਂ ਜਦ ਮਾਤਾ ਉੱਠਣ, ਬੈਠਣ ਤੇ ਇਸ਼ਨਾਨ ਕਰਨ ਦੇ ਯੋਗ ਹੋਵੇ ਤਾਂ (ਦਿਨਾਂ ਦੀ ਕੋਈ ਗਿਣਤੀ ਮੁਕੱਰਰ ਨਹੀਂ) ਟੱਬਰ ਤੇ ਸੰਬੰਧੀ ਗੁਰਦੁਆਰੇ ਕੜਾਹ ਪ੍ਰਸ਼ਾਦਿ ਲੈ ਕੇ ਜਾਣ ਜਾਂ ਕਰਾਉਣ ਅਤੇ ਗੁਰੂ ਜੀ ਦੇ ਹਜ਼ੂਰ 'ਪਰਮੇਸਰਿ ਦਿਤਾ ਬੰਨਾ' (ਸੋਰਠਿ ਮ: ੫), 'ਸਤਿਗੁਰ ਸਾਚੈ ਦੀਆ ਭੇਜਿ' (ਆਸਾ ਮ: ੫) ਆਦਿ ਖੁਸ਼ੀ ਤੇ ਧੰਨਵਾਦ ਵਾਲੇ ਸ਼ਬਦ ਪੜ੍ਹਨ, ਉਪ੍ਰੰਤ, ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰੱਖਿਆ ਹੋਵੇ ਤਾਂ ਪਾਠ ਦਾ ਭੋਗ ਪਾਇਆ ਜਾਵੇ, ਫਿਰ ਵਾਕ ਲਿਆ ਜਾਵੇ। ਵਾਕ ਦੇ ਅਰੰਭ ਦੇ ਸ਼ਬਦ ਦਾ ਜੋ ਪਹਿਲਾ ਅੱਖਰ ਹੋਵੇ, ਉਸ ਤੋਂ ਗ੍ਰੰਥੀ ਸਿੰਘ ਬੱਚੇ ਦਾ ਨਾਮ ਤਜਵੀਜ਼ ਕਰੇ ਅਤੇ ਸੰਗਤ ਦੀ ਪ੍ਰਵਾਨਗੀ ਲੈ ਕੇ ਨਾਮ ਪ੍ਰਗਟ ਕਰੇ। ਲੜਕੇ ਦੇ ਨਾਉਂ ਪਿੱਛੇ 'ਸਿੰਘ' ਸ਼ਬਦ ਅਤੇ ਲੜਕੀ ਦੇ ਨਾਮ ਪਿੱਛੇ 'ਕੌਰ' ਸ਼ਬਦ ਲਗਾਇਆ ਜਾਵੇ। ਉਪ੍ਰੰਤ, ਅਨੰਦ ਸਾਹਿਬ (ਛੇ ਪਉੜੀਆਂ) ਮਗਰੋਂ ਬੱਚੇ ਦੇ ਨਾਮ ਸੰਸਕਾਰ ਦੀ ਖੁਸ਼ੀ ਦਾ ਯੋਗ ਸ਼ਬਦਾਂ ਵਿੱਚ ਅਰਦਾਸਾ ਕਰ ਕੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਵੇ।

(ਅ) ਜਨਮ ਦੇ ਸੰਬੰਧ ਵਿਚ ਖਾਣ-ਪੀਣ ਵਿਚ ਕੋਈ ਸੂਤਕ ਦਾ ਭਰਮ ਨਹੀਂ ਕਰਨਾ, ਕਿਉਂਕਿ : "ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥ ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ॥"

(ੲ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੁਮਾਲ ਤੋਂ ਚੋਲਾ ਬਣਾ ਕੇ ਪਾਉਣਾ ਆਦਿ ਮਨਮੱਤ ਹੈ।

**2.4 ਧਰਮ ਪ੍ਰਵੇਸ਼ ਸੰਸਕਾਰ - ਅੰਮ੍ਰਿਤ ਸੰਸਕਾਰ-**

ਸਿੱਖ ਧਰਮ ਦੇ ਸਿਧਾਂਤ ਅਨੁਸਾਰ ਇਸ ਧਰਮ ਦੇ ਦਰਵਾਜ਼ੇ ਹਰ ਇਕ ਮਨੁੱਖ ਲਈ ਕਿਸੇ ਰੰਗ, ਵਰਣ ਜਾਤੀ, ਦੇਸ ਆਦਿ ਦੇ ਭੇਦ ਭਾਵ ਤੋਂ ਬਿਨਾਂ ਖੁਲੇ ਹਨ। ਸਿੱਖ ਧਰਮ ਦੇ ਵਿਸ਼ਵਾਸ ਅਤੇ ਮਰਯਾਦਾ ਨੂੰ ਅਪਨਾ ਕੇ ਕੋਈ

ਵੀ ਮਨੁੱਖ ਸਿੱਖ ਧਰਮ ਵਿਚ ਧਰਮ ਪ੍ਰਵੇਸ਼ ਕਰ ਸਕਦਾ ਹੈ। ਸਿੱਖ ਧਰਮ ਵਿਚ ਧਰਮ ਪ੍ਰਵੇਸ਼ ਸੰਸਕਾਰ ਦੀ ਇਕ ਖਾਸ ਵਿਧੀ ਹੈ ਜਿਸ ਨੂੰ ਅੰਮ੍ਰਿਤ ਸੰਸਕਾਰ ਕਿਹਾ ਜਾਂਦਾ ਹੈ। ਸਿੱਖ ਧਰਮ ਵਿਚ ਜਨਮ ਲੈਣ ਵਾਲੇ ਬੱਚੇ ਅਤੇ ਦੂਸਰੇ ਧਰਮ ਵਾਲੇ ਅਨੁਯਾਈ ਦੇ ਸਿੱਖ ਧਰਮ ਵਿਚ ਧਰਮ ਪ੍ਰਵੇਸ਼ ਦੀ ਵਿਧੀ ਅੰਮ੍ਰਿਤ ਸੰਸਕਾਰ ਹੈ ਜੋ ਸਿੱਖ ਰਹਿਤ ਮਰਯਾਦਾ ਅਨੁਸਾਰ ਨਿਭਾਇਆ ਜਾਂਦਾ ਹੈ। ਅੰਮ੍ਰਿਤ ਸੰਸਕਾਰ ਵਿਚ ਪਵਿੱਤਰ ਜਲ, ਸਰਬ ਲੋਹ ਬਾਟੇ (ਇਕ ਵਿਸ਼ੇਸ਼ ਪ੍ਰਕਾਰ ਦਾ ਬਰਤਨ ਜੋ ਬਿਨਾਂ ਮਿਲਾਵਟ ਕੀਤੇ ਲੋਹੇ ਤੋਂ ਤਿਆਰ ਹੁੰਦਾ ਹੈ।) ਖੰਡੇ (ਇਕ ਸਸ਼ਤ੍ਰ) ਪਤਾਸਿਆ ਦਾ ਵਿਸ਼ੇਸ਼ ਰੂਪ ਪ੍ਰਯੋਗ ਕੀਤਾ ਜਾਂਦਾ ਹੈ। ਸਰਬ ਲੋਹ ਦੇ ਬਾਟੇ ਵਿਚ ਪਵਿੱਤਰ ਜਲ ਪਾ ਕੇ ਇਸ ਵਿਚ ਪਤਾਸੇ ਪਾਉਣ ਤੋਂ ਬਾਅਦ ਪੰਜਾਂ ਪਿਆਰਿਆਂ ਦੁਆਰਾ ਖੰਡਾ ਫੇਰਦੇ ਹੋਏ ਨਿਰਧਾਰਿਤ ਪੰਜ ਬਾਣੀਆਂ – ਜਪੁਜੀ ਸਾਹਿਬ , ਜਾਪੁ ਸਾਹਿਬ, ਤ੍ਵ ਪ੍ਰਸਾਦਿ ਸਵਯੇ, ਚੌਪਈ ਸਾਹਿਬ ਅਤੇ ਅਨੰਦ ਸਾਹਿਬ ਦਾ ਪਾਠ ਕੀਤਾ ਜਾਂਦਾ ਹੈ। ਅੰਮ੍ਰਿਤ ਸੰਸਕਾਰ ਦੀ ਰਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੰਜ ਪਿਆਰਿਆਂ (ਪੰਜ ਤਿਆਰ ਬਰ ਤਿਆਰ ਗੁਰਸਿੱਖਾਂ) ਦੁਆਰਾ ਨਿਭਾਈ ਜਾਂਦੀ ਹੈ। ਇਸ ਸੰਸਕਾਰ ਦੀ ਅਰੰਭਤਾ ਸਿੱਖ ਧਰਮ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਦੁਆਰਾ ਅਨੰਦਪੁਰ ਸਾਹਿਬ ਵਿਚ ਕੇਸਗੜ੍ਹ ਸਾਹਿਬ ਦੇ ਸਥਾਨ ਤੇ 1699 ਈ. ਦੀ ਵਿਸਾਖਈ ਵਾਲੇ ਦਿਨ ਕੀਤੀ ਗਈ ਸੀ। ਉਸ ਤੋਂ ਬਾਅਦ ਇਹ ਸੰਸਕਾਰ ਸਿੱਖ ਧਰਮ ਦਾ ਅਹਿਮ ਅੰਗ ਰਿਹਾ ਹੈ। ਸਿੱਖ ਧਰਮ ਵਿਚ ਅੰਮ੍ਰਿਤ ਸੰਸਕਾਰ ਨੂੰ ਅੰਮ੍ਰਿਤ ਛਕਣ ਦਾ ਨਾਮ ਵੀ ਦਿੱਤਾ ਜਾਂਦਾ ਹੈ ਅਤੇ ਇਸ ਸੰਸਕਾਰ ਨਿਭਾ ਚੁੱਕੇ ਵਿਅਕਤੀ ਨੂੰ ਅੰਮ੍ਰਿਤਧਾਰੀ ਕਿਹਾ ਜਾਂਦਾ ਹੈ। ਸਿੱਖ ਧਰਮ ਦਾ ਇਹ ਵਿਸ਼ਵਾਸ ਹੈ ਕਿ ਅੰਮ੍ਰਿਤ ਛਕਣ ਵਾਲਾ ਵਿਅਕਤੀ ਵਿਸ਼ੇਸ਼ ਰੂਪ ਵਿਚ ਅੰਦਰੂਨੀ ਰੂਪ ਵਿਚ ਤਾਕਤਵਰ ਹੋ ਜਾਣ ਕਾਰਨ ਉਸ ਵਿਚੋਂ ਮੌਤ ਦਾ ਡਰ ਖਤਮ ਹੋ ਜਾਂਦਾ ਹੈ। ਅਜਿਹਾ ਮਨੁੱਖ 'ਖਾਲਸੇ' ਦੇ ਰੂਪ ਵਿਚ ਸੰਸਾਰ ਦੇ ਅਜਿਹੇ ਸਾਹਸ ਭਰੇ ਕਾਰਜ ਵੀ ਕਰ ਸਕਦਾ ਹੈ ਜੋ ਆਮ ਵਿਅਕਤੀ ਲਈ ਸੰਭਵ ਨਹੀਂ। ਇਸ ਵਿਸ਼ਵਾਸ ਅਧੀਨ ਹੀ ਅੰਮ੍ਰਿਤ ਛਕਣ ਨੂੰ ਗੁਰੂ ਸਾਹਿਬਾਨ ਦੀ ਵਿਸ਼ੇਸ਼ ਬਖਸ਼ਿਸ਼ ਵਾਲਾ ਪਵਿਤਰ ਕਾਰਜ ਕਿਹਾ ਜਾਂਦਾ ਹੈ। ਸਿੱਖ ਧਰਮ ਦੇ ਅਨੇਕਾਂ ਸ੍ਰੋਤ ਗ੍ਰੰਥਾਂ ਅਤੇ ਰਹਿਤਨਾਮਿਆਂ ਵਿਚ ਅੰਮ੍ਰਿਤ ਛਕਣ ਦੇ ਮਹੱਤਵ ਅਤੇ ਇਸ ਦੇ ਸਕਾਰਾਤਮਕ ਪੱਖਾਂ ਸੰਬੰਧੀ ਅਨੇਕਾਂ ਹਵਾਲੇ ਪ੍ਰਾਪਤ ਹੋ ਜਾਂਦੇ ਹਨ। ਇਸ ਲਈ ਅੰਮ੍ਰਿਤ ਛਕਣਾ ਅਤੇ ਅੰਮ੍ਰਿਤ ਛਕਾਉਣਾ ਸਿੱਖ ਧਰਮ ਵਿਚ ਬਹੁਤ ਪਵਿੱਤਰ ਕਾਰਜ ਮੰਨਿਆ ਜਾਂਦਾ ਹੈ। ਇਸੇ ਭਾਵਨਾ ਅਧੀਨ ਸਿੱਖ ਧਰਮ ਦੀ ਪ੍ਰਚਾਰਕ ਸ਼੍ਰੇਣੀ ਅਤੇ ਧਾਰਮਿਕ ਆਗੂਆਂ ਦੁਆਰਾ ਸਿੱਖ ਧਰਮ ਦੇ ਅਨੁਯਾਈਆਂ ਨੂੰ ਅੰਮ੍ਰਿਤ ਛਕਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਅੰਮ੍ਰਿਤ ਸੰਸਕਾਰ ਦੀ ਵਿਧੀ ਸੰਬੰਧੀ ਪਹਿਲਾਂ ਜ਼ਿਕਰ ਕੀਤਾ ਜਾ ਚੁੱਕਿਆ ਹੈ ਕਿ ਇਸ ਵਿਧੀ ਨੂੰ ਸਿੱਖ ਰਹਿਤ ਮਰਯਾਦਾ ਅਨੁਸਾਰ ਨਿਭਾਇਆ ਜਾਂਦ ਹੈ। ਅੰਮ੍ਰਿਤ ਸੰਸਕਾਰ ਦੀ ਵਿਧੀ ਨੂੰ ਸਿੱਖ ਰਹਿਤ ਮਰਯਾਦਾ ਵਿਚ ਇਸ ਪ੍ਰਕਾਰ ਅੰਕਿਤ ਕੀਤਾ ਗਿਆ ਹੈ।

**ਅੰਮ੍ਰਿਤ ਸੰਸਕਾਰ-**

ੳ) ਅੰਮ੍ਰਿਤ ਛਕਾਉਣ ਲਈ ਇਕ ਖਾਸ ਅਸਥਾਨ 'ਤੇ ਪ੍ਰਬੰਧ ਹੋਵੇ। ਉਥੇ ਆਮ ਲੋਕਾਂ ਦਾ ਲਾਂਘਾ ਨਾ ਹੋਵੇ।

(ਅ) ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ। ਘੱਟ ਤੋਂ ਘੱਟ ਛੇ ਤਿਆਰ-ਬਰ-ਤਿਆਰ ਸਿੰਘ ਹਾਜ਼ਰ ਹੋਣ, ਜਿਨ੍ਹਾਂ 'ਚੋਂ ਇਕ ਤਾਬਿਆ ਬੈਠੇ ਤੇ ਬਾਕੀ ਪੰਜ ਅੰਮ੍ਰਿਤ ਛਕਾਉਣ ਲਈ ਹੋਣ। ਇਨ੍ਹਾਂ ਵਿਚ ਸਿੰਘਣੀਆਂ ਭੀ ਹੋ ਸਕਦੀਆਂ ਹਨ। ਇਨ੍ਹਾਂ ਸਾਰਿਆਂ ਨੇ ਕੇਸੀਂ ਇਸ਼ਨਾਨ ਕੀਤਾ ਹੋਵੇ।

(ੲ) ਇਨ੍ਹਾਂ ਪੰਜਾਂ ਪਿਅਰਿਆਂ ਵਿਚ ਕੋਈ ਅੰਗਹੀਣ (ਅੰਨ੍ਹਾਂ, ਕਾਣਾ, ਲੰਙਾ , ਲੂਲ੍ਹਾ ਜਾਂ ਦੀਰਘ ਰੋਗ ਵਾਲਾ) ਨਾ ਹੋਵੇ। ਕੋਈ ਤਨਖਾਹੀਆ ਨਾ ਹੋਵੇ।  ਸਾਰੇ ਤਿਆਰ-ਬਰ-ਤਿਆਰ ਦਰਸ਼ਨੀ ਸਿੰਘ ਹੋਣ।

(ਸ) ਹਰ ਦੇਸ਼, ਹਰ ਮਜ਼ਬ ਤੇ ਜਾਤੀ ਦੇ ਹਰ ਇਸਤ੍ਰੀ-ਪੁਰਸ਼ ਨੂੰ ਅੰਮ੍ਰਿਤ ਛਕਣ ਦਾ ਅਧਿਕਾਰ ਹੈ, ਜੋ ਸਿੱਖ ਧਰਮ ਗ੍ਰਹਿਣ ਕਰਨ ਤੇ ਉਸ ਦੇ ਅਸੂਲਾਂ ਉਪਰ ਚੱਲਣ ਦਾ ਪ੍ਰਣ ਕਰੇ।

ਬਹੁਤ ਛੋਟੀ ਅਵਸਥਾ ਦਾ ਨਾ ਹੋਵੇ, ਹੋਸ਼ ਸੰਭਾਲੀ ਹੋਵੇ। ਅੰਮ੍ਰਿਤ ਛਕਣ ਵਾਲੇ ਹਰੇਕ ਪ੍ਰਾਣੀ ਨੇ ਕੇਸੀਂ ਇਸ਼ਨਾਨ ਕੀਤਾ ਹੋਵੇ ਅਤੇ ਹਰ ਇਕ ਪੰਜ ਕਕਾਰ (ਕੇਸ, ਕ੍ਰਿਪਾਨ ਗਾਤਰੇ ਵਾਲੀ, ਕਛਹਿਰਾ, ਕੰਘਾ, ਕੜਾ) ਦਾ ਧਾਰਨੀ ਹੋਵੇ। ਅਨਮਤ ਦਾ ਕੋਈ ਚਿੰਨ੍ਹ ਨਾ ਹੋਵੇ, ਸਿਰ ਨੰਗਾ ਜਾਂ ਟੋਪੀ ਨਾ ਹੋਵੇ, ਛੇਦਕ ਗਹਿਣੇ ਕੋਈ ਨਾ ਹੋਣ। ਅਦਬ ਨਾਲ ਹੱਥ ਜੋੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਖੜ੍ਹੇ ਹੋਣ।

(ਹ) ਜੇ ਕਿਸੇ ਨੇ ਕੁਰਹਿਤ ਕਰਨ ਕਰਕੇ ਮੁੜ ਅੰਮ੍ਰਿਤ ਛਕਣਾ ਹੋਵੇ ਤਾਂ ਉਸ ਨੂੰ ਅੱਡ ਕਰ ਕੇ ਸੰਗਤ ਵਿਚ ਪੰਜ ਪਿਅਰੇ ਤਨਖਾਹ ਲਾ ਲੈਣ।

(ਕ) ਅੰਮ੍ਰਿਤ ਛਕਾਉਣ ਵਾਲੇ ਪੰਜ ਪਿਆਰਿਆਂ 'ਚੋਂ ਕੋਈ ਇਕ ਸੱਜਣ ਅੰਮ੍ਰਿਤ ਛਕਣ ਦੇ ਅਭਿਲਾਖੀਆਂ ਨੂੰ ਸਿੱਖ ਧਰਮ ਦੇ ਅਸੂਲ ਸਮਝਾਵੇ : ਸਿੱਖ ਧਰਮ ਵਿਚ ਕਿਰਤਮ ਦੀ ਪੂਜਾ ਤਿਆਗ ਕੇ ਇਕ ਕਰਤਾਰ ਦੀ ਪ੍ਰੇਮਾ-ਭਗਤੀ ਤੇ ਉਪਾਸ਼ਨਾ ਦੱਸੀ ਹੈ। ਇਸ ਦੀ ਪੂਰਨਤਾ ਲਈ ਗੁਰਬਾਣੀ ਦਾ ਅਭਿਆਸ, ਸਾਧ ਸੰਗਤ ਤੇ ਪੰਥ ਦੀ ਸੇਵਾ, ਉਪਕਾਰ, ਨਾਮ ਦਾ ਪ੍ਰੇਮ ਅਤੇ ਅੰਮ੍ਰਿਤ ਛਕ ਕੇ ਰਹਿਤ-ਬਹਿਤ ਰੱਖਣਾ ਮੁਖ ਸਾਧਨ ਹਨ, ਆਦਿ, ਕੀ ਤੁਸੀਂ ਇਸ ਧਰਮ ਨੂੰ ਖੁਸ਼ੀ ਨਾਲ ਕਬੂਲ ਕਰਦੇ ਹੋ?

(ਖ) 'ਹਾਂ' ਦਾ ਜਵਾਬ ਆਉਣ 'ਤੇ ਪਿਆਰਿਆਂ 'ਚੋਂ ਇਕ ਸੱਜਣ ਅੰਮ੍ਰਿਤ ਦੀ ਤਿਆਰੀ ਦਾ ਅਰਦਾਸਾ ਕਰ ਕੇ ਹੁਕਮ ਲਵੇ। ਪੰਜ ਪਿਆਰੇ ਅੰਮ੍ਰਿਤ ਤਿਆਰ ਕਰਨ ਲਈ ਬਾਟੇ ਪਾਸ ਆ ਬੈਠਣ।

(ਗ) ਬਾਟਾ ਸਰਬ-ਲੋਹ ਦਾ ਹੋਵੇ ਤੇ ਚੌਂਕੀ, ਸੁਨਹਿਰੇ ਆਦਿ ਕਿਸੇ ਸਵੱਛ ਚੀਜ਼ 'ਪੁਰ ਰੱਖਿਆ ਹੋਵੇ।

(ਘ) ਬਾਟੇ ਵਿਚ ਸਵੱਛ ਜਲ ਤੇ ਪਤਾਸੇ ਪਾਏ ਜਾਣ ਤੇ ਪੰਜ ਪਿਆਰੇ ਬਾਟੇ ਦੇ ਇਰਦ-ਗਿਰਦ ਬੀਰ ਆਸਨ ਹੋ ਕੇ ਬੈਠ ਜਾਣ।

੧. ਬੀਰ ਆਸਨ:- ਸੱਜਾ ਗੋਡਾ ਜਿਮੀਂ 'ਤੇ ਧਰ ਕੇ, ਸੱਜੀ ਲੱਤ ਦਾ ਭਾਰ ਪੈਰ 'ਤੇ ਰੱਖ ਕੇ ਬੈਠਣਾ ਤੇ ਖੱਬਾ ਗੋਡਾ ਉੱਚਾ ਕਰ ਕੇ ਰੱਖਣਾ।

ਙ) ਤੇ ਇਹਨਾਂ ਬਾਣੀਆਂ ਦਾ ਪਾਠ ਕਰਨ :-

ਜਪੁ, ਜਾਪੁ, ੧੦ ਸਵੱਯੇ ('ਸ੍ਰਾਵਗ ਸੁਧ' ਵਾਲੇ), ਬੇਨਤੀ ਚੌਪਈ ('ਹਮਰੀ ਕਰੋ ਹਾਥ ਦੈ ਰੱਛਾ' ਤੋਂ ਲੈ ਕੇ 'ਦੁਸਟ ਦੋਖ ਤੇ ਲੇਹੁ ਬਚਾਈ' ਤਕ), ਅਨੰਦ ਸਾਹਿਬ।

(ਚ) ਹਰ ਇਕ ਬਾਣੀ ਪੜ੍ਹਨ ਵਾਲਾ ਖੱਬਾ ਹੱਥ ਬਾਟੇ ਦੇ ਕੰਢੇ 'ਤੇ ਧਰੇ ਤੇ ਸੱਜੇ ਹੱਥ ਨਾਲ ਖੰਡਾ ਜਲ ਵਿਚ ਫੇਰੀ ਜਾਵੇ। ਸੁਰਤ ਇਕਾਗਰ ਹੋਵੇ। ਬਾਕੀ ਦਿਆਂ ਦੇ ਦੋਵੇਂ ਹੱਥ ਬਾਟੇ ਦੇ ਕੰਢੇ 'ਤੇ ਅਤੇ ਧਿਆਨ ਅੰਮ੍ਰਿਤ ਵੱਲ ਟਿਕੇ।

(ਛ) ਪਾਠ ਹੋਣ ਮਗਰੋਂ ਪਿਆਰਿਆਂ ਵਿਚੋਂ ਕੋਈ ਇਕ ਅਰਦਾਸ ਕਰੇ।

(ਜ) ਜਿਸ ਅਭਿਲਾਖੀ ਨੇ ਅੰਮ੍ਰਿਤ ਦੀ ਤਿਆਰੀ ਵੇਲੇ ਸਾਰੇ ਸੰਸਕਾਰ 'ਚ ਹਿੱਸਾ ਲਿਆ ਹੈ, ਉਹੀ ਅੰਮ੍ਰਿਤ ਛਕਣ ਵਿਚ ਸ਼ਾਮਲ ਹੋ ਸਕਦਾ ਹੈ। ਅਧਵਾਟੇ ਆਉਣ ਵਾਲਾ ਨਹੀਂ ਹੋ ਸਕਦਾ।

(ਝ) ਹੁਣ ਸ੍ਰੀ ਕਲਗੀਧਰ ਦਸਮੇਸ਼ ਪਿਤਾ ਦਾ ਧਿਆਨ ਧਰ ਕੇ ਹਰ ਇਕ ਅੰਮ੍ਰਿਤ ਛਕਣ ਵਾਲੇ ਨੂੰ ਬੀਰ-ਆਸਨ ਕਰਾ ਕੇ ਉਸ ਦੇ ਖੱਬੇ ਹੱਥ ਉਪਰ ਸੱਜਾ ਹੱਥ ਰਖਾ ਕੇ ਪੰਜ ਚੁਲੇ ਅੰਮ੍ਰਿਤ ਦੇ ਛਕਾਏ ਜਾਣ ਅਤੇ ਹਰ ਚੁਲੇ ਨਾਲ ਇਹ ਕਿਹਾ ਜਾਵੇ :-

ਬੋਲ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ। ਛਕਣ ਵਾਲਾ ਛਕ ਕੇ ਕਹੇ: 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ। ਫੇਰ ਪੰਜ ਛੱਟੇ ਅੰਮ੍ਰਿਤ ਦੇ ਨੇਤਰਾਂ ਪੁਰ ਲਾਏ ਜਾਣ। ਫੇਰ ਪੰਜ ਛੱਟੇ ਕੇਸਾਂ ਵਿਚ ਪਾਏ ਜਾਣ। ਹਰ ਇਕ ਛੱਟੇ ਨਾਲ ਛਕਣ ਵਾਲਾ ਛਕਾਉਣ ਵਾਲੇ ਦੇ ਪਿੱਛੇ ਪਿੱਛੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ' ਗਜਾਈ ਜਾਵੇ। ਜੋ ਅੰਮ੍ਰਿਤ ਬਾਕੀ ਰਹੇ, ਉਸ ਨੂੰ ਸਾਰੇ ਅੰਮ੍ਰਿਤ ਛਕਣ ਵਾਲੇ (ਸਿੱਖ ਤੇ ਸਿੱਖਣੀਆਂ) ਰਲ ਕੇ ਛਕਣ।

(ਞ) ਉਪਰੰਤ ਪੰਜੇ ਪਿਆਰੇ ਰਲ ਕੇ ਇਕੋ ਅਵਾਜ਼ ਨਾਲ ਅੰਮ੍ਰਿਤ ਛਕਣ ਵਾਲਿਆਂ ਨੂੰ 'ਵਾਹਿਗੁਰੂ' ਦਾ ਨਾਮ ਦੱਸ ਕੇ ਮੂਲ ਮੰਤ੍ਰ ਸੁਣਾਉਣ ਤੇ ਉਹਨਾਂ ਪਾਸੋਂ ਇਸ ਦਾ ਰਟਨ ਕਰਾਉਣ :-

੧ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

(ਟ) ਫਿਰ ਪੰਜਾਂ ਪਿਆਰਿਆਂ 'ਚੋਂ ਕੋਈ ਸੱਜਣ ਰਹਿਤ ਦੱਸੇ ਅੱਜ ਤੋਂ ਤੁਸੀਂ 'ਸਤਿਗੁਰ ਕੈ ਜਨਮੇ ਗਵਨ ਮਿਟਾਇਆ' ਹੈ ਅਤੇ ਖਾਲਸਾ ਪੰਥ ਵਿਚ ਸ਼ਾਮਲ ਹੋਏ ਹੋ। ਤੁਹਾਡਾ ਧਾਰਮਿਕ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਧਾਰਮਿਕ ਮਾਤਾ ਸਾਹਿਬ ਕੌਰ ਜੀ ਹਨ। ਜਨਮ ਆਪ ਦਾ ਕੇਸਗੜ੍ਹ ਸਾਹਿਬ ਦਾ ਤੇ ਵਾਸੀ ਅਨੰਦਪੁਰ ਸਾਹਿਬ ਦੇ ਹੋ। ਤੁਸੀਂ ਇਕ ਪਿਤਾ

ਦੇ ਪੁੱਤਰ ਹੋਣ ਕਰਕੇ ਆਪਸ ਵਿਚ ਤੇ ਹੋਰ ਸਾਰੇ ਅੰਮ੍ਰਿਤਧਾਰੀਆਂ ਦੇ ਧਾਰਮਿਕ ਭਰਾਤਾ ਹੋ। ਤੁਸੀਂ ਪਿਛਲੀ ਕੁਲ, ਕਿਰਤ, ਕਰਮ, ਧਰਮ ਦਾ ਤਿਆਗ ਕਰਕੇ ਅਰਥਾਤ ਪਿਛਲੀ ਜ਼ਾਤ-ਪਾਤ, ਜਨਮ, ਦੇਸ਼, ਮਜ੍ਹਬ ਦਾ ਖਿਆਲ ਤਕ ਛੱਡ ਕੇ ਨਿਰੋਲ ਖਾਲਸਾ ਬਣ ਗਏ ਹੋ। ਇਕ ਅਕਾਲ ਪੁਰਖ ਤੋਂ ਛੁਟ ਕਿਸੇ ਦੇਵੀ, ਦੇਵਤੇ, ਅਵਤਾਰ, ਪੈਗੰਬਰ ਦੀ ਉਪਾਸ਼ਨਾ ਨਹੀਂ ਕਰਨੀ। ਦਸੋਂ ਗੁਰੂ ਸਾਹਿਬਾਨ ਨੂੰ ਤੇ ਉਨ੍ਹਾਂ ਦੀ ਬਾਣੀ ਤੋਂ ਬਿਨਾਂ ਕਿਸੇ ਹੋਰ ਨੂੰ ਆਪਣਾ ਮੁਕਤੀ ਦਾਤਾ ਨਹੀਂ ਮੰਨਣਾ। ਤੁਸੀਂ ਗੁਰਮੁਖੀ ਜਾਣਦੇ ਹੋ (ਜੇ ਨਹੀਂ ਜਾਣਦੇ ਤਾਂ ਸਿੱਖ ਲਓ) ਅਤੇ ਹਰ ਰੋਜ਼ ਘੱਟ ਤੋਂ ਘੱਟ ਇਹਨਾਂ ਨਿੱਤਨੇਮ ਦੀਆਂ ਬਾਣੀਆਂ ਦਾ ਪਾਠ ਕਰਨਾ ਜਾਂ ਸੁਣਨਾ: ਜਪੁ, ਜਾਪੁ, ੧੦ ਸਵੱਯੇ (ਸ੍ਰਾਵਗ ਸੁਧ ਵਾਲੇ), ਸੋ ਦਰੁ ਰਹਰਾਸਿ ਤੇ ਸੋਹਿਲਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਜਾਂ ਸੁਣਨਾ, ਪੰਜਾਂ ਕੱਕਿਆਂ- ਕੇਸ, ਕ੍ਰਿਪਾ, ਕਛਹਿਰਾ, ਕੰਘਾ, ਕੜਾ ਨੂੰ ਹਰ ਵੇਲੇ ਅੰਗ-ਸੰਗ ਰੱਖਣਾ।

ਇਹ ਚਾਰ ਕੁਰਹਿਤਾਂ ਨਹੀਂ ਕਰਨੀਆਂ :-

੧) ਕੇਸਾਂ ਦੀ ਬੇਅਦਬੀ।

੨) ਕੁੱਠਾ ਖਾਣਾ।

੩) ਪਰ-ਇਸਤ੍ਰੀ ਜਾਂ ਪਰ-ਪੁਰਸ਼ ਦਾ ਗਮਨ (ਭੋਗਣਾ)।

੪) ਤਮਾਕੂ ਦਾ ਵਰਤਣਾ।

ਇਨ੍ਹਾਂ ਵਿਚੋਂ ਕੋਈ ਕੁਰਹਿਤ ਹੋ ਜਾਵੇ ਤਾਂ ਮੁੜ ਕੇ ਅੰਮ੍ਰਿਤ ਛਕਣਾ ਪਏਗਾ। ਆਪਣੀ ਇੱਛਾ ਵਿਰੁੱਧ ਅਨਭੋਲ ਹੀ ਕੋਈ ਕੁਰਹਿਤ ਹੋ ਜਾਵੇ ਤਾਂ ਕੋਈ ਦੰਡ।

ਸਿਰਗੁੰਮ ਨੜੀ ਮਾਰ (ਜੋ ਸਿੱਖ ਹੋ ਕੇ ਇਹ ਕੰਮ ਕਰਨ) ਦਾ ਸੰਗ ਨਹੀਂ ਕਰਨਾ। ਪੰਥ ਸੇਵਾ ਅਤੇ ਗੁਰਦੁਆਰਿਆਂ ਦੀ ਟਹਿਲ ਵਿਚ ਤਤਪਰ ਰਹਿਣਾ, ਆਪਣੀ ਕਮਾਈ ਵਿਚੋਂ ਗੁਰੂ ਕਾ ਦਸਵੰਧ ਦੇਣਾ ਆਦਿ ਸਾਰੇ ਕੰਮ ਗੁਰਮਤਿ ਅਨੁਸਾਰ ਕਰਨੇ।

੧. ਕ੍ਰਿਪਾਨ ਦੀ ਲੰਬਾਈ ਦੀ ਕੋਈ ਹੱਦ ਨਹੀਂ ਹੋ ਸਕਦੀ।

2. ਕਛਹਿਰਾ ਕਿਸੇ ਵੀ ਕੱਪੜੇ ਦਾ ਹੋ ਸਕਦਾ ਹੈ, ਪਰ ਗੋਡਿਆਂ ਤੋਂ ਨੀਵਾਂ ਨਾ ਹੋਵੇ।

੩. ਕੜਾ ਸਰਬ-ਲੋਹ ਦਾ ਹੋਵੇ।

੪. ਕੁੱਠਾ ਤੋਂ ਭਾਵ ਉਹ ਮਾਸ ਹੈ. ਜੋ ਮੁਸਲਮਾਨੀ ਤਰੀਕੇ ਨਾਲ ਤਿਆਰ ਕੀਤਾ ਹੋਵੇ।

੫. ਕੇਸਧਾਰੀ ਹੋ ਕੇ ਜੋ ਕੇਸ ਕਟਾ ਦੇਵੇ।

ਧਰਮ ਦੇ ਨਿਯਮਾਂ ਅਨੁਸਾਰ ਜਥੇਬੰਦੀ ਵਿਚ ਇਕ ਸੂਤ ਪਰੋਏ ਰਹਿਣਾ, ਰਹਿਤ ਵਿਚ ਕੋਈ ਭੁੱਲ ਹੋ ਜਾਵੇ ਤਾਂ ਖਾਲਸੇ ਦੇ ਦੀਵਾਨ ਵਿਚ ਹਾਜ਼ਰ ਹੋ ਕੇ ਬੇਨਤੀ ਕਰ ਕੇ ਤਨਖਾਹ ਬਖਸ਼ਾਉਣੀ। ਅੱਗੇ ਲਈ ਸਾਵਧਾਨ ਰਹਿਣਾ।

(ਠ) ਤਨਖਾਹੀਏ ਇਹ ਹਨ:-

੧. ਮੀਣੇ, ਮਸੰਦ, ਧੀਰਮਲੀਏ, ਰਾਮਰਾਈਏ ਆਦਿਕ ਪੰਥ ਵਿਰੋਧੀਆਂ ਨਾਲ ਜਾਂ ਨੜੀ ਮਾਰ, ਕੁੜੀ ਮਾਰ, ਸਿਰਗੁੰਮ ਨਾਲ ਵਰਤਣ ਵਾਲਾ ਤਨਖਾਹੀਆ ਹੋ ਜਾਂਦਾ ਹੈ।

2. ਬੇਅੰਮ੍ਰਿਤੀਏ ਜਾਂ ਪਤਿਤ ਦਾ ਜੂਠਾ ਖਾਣ ਵਾਲਾ।

੩. ਦਾਹੜਾ ਰੰਗਣ ਵਾਲਾ।

੪. ਪੁੱਤਰ ਜਾਂ ਧੀ ਦਾ ਸਾਕ ਮੁੱਲ ਲੈ ਕੇ ਜਾਂ ਦੇ ਕੇ ਕਰਨ ਵਾਲਾ।

੫. ਕੋਈ ਨਸ਼ਾ (ਭੰਗ, ਅਫ਼ੀਮ, ਸ਼ਰਾਬ, ਪੋਸਤ, ਕੁਕੀਨ ਆਦਿ) ਵਰਤਣ ।

੬. ਗੁਰਮਤਿ ਤੋਂ ਵਿਰੁੱਧ ਕੋਈ ਸੰਸਕਾਰ ਕਰਨ ਕਰਾਉਣ ਵਾਲਾ।

੭. ਰਹਿਤ ਵਿਚ ਕੋਈ ਭੁੱਲ ਕਰਨ ਵਾਲਾ।

(ਡ) ਇਹ ਸਿਖਿਆ ਦੇਣ ਤੋਂ ਉਪਰੰਤ ਪੰਜਾਂ ਪਿਆਰਿਆਂ ਵਿਚੋਂ ਕੋਈ ਸੱਜਣ ਅਰਦਾਸਾ ਕਰੇ।

(ਢ) ਫਿਰ ਤਾਬਿਆ ਬੈਠਾ ਸਿੰਘ 'ਹੁਕਮ' ਲਵੇ, ਜਿਨ੍ਹਾਂ ਨੇ ਅੰਮ੍ਰਿਤ ਛਕਿਆ ਹੈ, ਉਹਨਾਂ ਵਿਚੋਂ ਜੇ ਕਿਸੇ ਦਾ ਨਾਮ ਅੱਗੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਨਹੀਂ ਸੀ ਰੱਖਿਆ ਹੋਇਆ, ਉਸ ਦਾ ਨਾਮ ਹੁਣ ਬਦਲਾ ਕੇ ਰੱਖਿਆ ਜਾਵੇ।

(ਣ) ਅੰਤ ਵਿਚ ਕੜਾਹ ਪ੍ਰਸ਼ਾਦਿ ਵਰਤੇ। ਜਹਾਜ਼ ਚੜ੍ਹੇ ਸਾਰੇ ਸਿੰਘ ਤੇ ਸਿੰਘਣੀਆਂ ਇਕੋ ਬਾਟੇ ਵਿਚੋਂ ਕੜਾਹ ਪ੍ਰਸ਼ਾਦਿ ਰਲ ਕੇ ਛਕਣ।

**2.5 ਵਿਆਹ ਸੰਸਕਾਰ (ਅਨੰਦ ਕਾਰਜ ਸੰਸਕਾਰ)-**

ਵਿਆਹ ਸੰਸਕਾਰ ਨੂੰ ਸਿੱਖ ਧਰਮ ਵਿਚ 'ਅਨੰਦ ਕਾਰਜ'ਦ ਨਾਮ ਦਿੱਤਾ ਗਿਆ ਹੈ ਭਾਵ ਕਿ ਖੁਸ਼ੀ ਦੇਣ ਵਾਲਾ ਕਾਰਜ ਕਿਉਂਕਿ ਗ੍ਰਹਿਸਤ ਮਾਰਗ ਨੂੰ ਸਿੱਖ ਧਰਮ ਵਿਚ ਇਕ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਇਹ ਧਰਮ ਸਮਾਜ ਤੋਂ ਭਾਂਜਵਾਦੀ ਹੋਣ ਵਾਲੇ ਸੰਨਿਆਸ ਦੇ ਵਤੀਰੇ ਨੂੰ ਪ੍ਰਵਾਨ ਨਹੀਂ ਕਰਦਾ। ਗੁਰਬਾਣੀ ਵਿਚ ਮਨੁੱਖ ਨੂੰ ਇਸਤਰੀ ਅਤੇ ਪਰਮਾਤਮਾ ਨੂੰ ਪਤੀ ਰੂਪ ਵਿਚ ਕਈ ਥਾਵਾਂ ਤੇ ਚਿਤ੍ਰਿਤ ਕੀਤਾ ਗਿਆ ਹੈ। ਇਸਤਰੀ ਦੇ ਰੂਪ ਵਿਚ ਆਪਣੇ ਪਰਮਾਤਮਾ ਰੂਪ ਪਤੀ ਦੀ ਪ੍ਰਾਪਤੀ ਕਰਨਾ ਹੀ ਮਨੁੱਖ ਦਾ ਅਸਲ ਉਦੇਸ਼ ਹੈ ਅਤੇ ਅਨੰਦ ਵਾਲਾ ਕਾਰਜ ਹੈ। ਇਸ ਪ੍ਰਕਾਰ ਅਨੰਦ ਕਾਰਜ ਕੇਵਲ ਇਕ ਮਰਦ ਅਤੇ ਔਰਤ ਦਾ ਵਿਆਹ ਰਾਹੀਂ ਬਾਹਰੀ ਰੂਪ ਵਿਚ ਇਕ ਹੋਣ ਵਾਲਾ ਸੰਸਕਾਰ ਨਹੀਂ ਸਗੋਂ ਇਹ

ਗੁਰਬਾਣਈ ਵਿਚ ਵਰਣਿਤ ਮਨੁੱਖ ਰੂਪ ਇਸਤਰੀ ਅਤੇ ਪਤੀ ਰੂਪ ਪਰਮਾਤਮਾ ਦੇ ਇਕ ਹੋਣ ਦਾ ਵੀ ਪ੍ਰਤੀਕ ਹੈ। ਸਿੱਖ ਧਰਮ ਵਿਚ ਅਨੰਦ ਕਾਰਜ ਦੀ ਰਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪਰਿਵਾਰਿਕ ਮੈਂਬਰਾਂ ਅਤੇ ਰਿਸ਼ਤੇਦਾਰਾਂ ਦੀ ਹਾਜ਼ਰੀ ਵਿਚ ਅਦਾ ਕੀਤੀ ਜਾਂਦੀ ਹੈ। ਵਿਆਹ ਵਾਲੀ ਜੋੜੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਚਾਰ ਪਰਿਕਰਮਾ ਕੀਤੀਆਂ ਜਾਂਦੀਆਂ ਹਨ। ਇਸ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਬੈਠੇ ਗ੍ਰੰਥੀ ਸਿੰਘ ਅਤੇ ਕੀਰਤਨ ਕਰਨ ਵਾਲੇ ਰਾਗੀ ਸਿੰਘਾਂ ਵੱਲੋਂ ਸੂਹੀ ਰਾਗ ਵਿਚ ਦਰਜ 'ਲਾਵਾਂ" ਨਾਮਕ ਬਾਣੀ ਦਾ ਪਾਠ ਕੀਤਾ ਜਾਂਦਾ ਹੈ ਅਤੇ ਗਾਇਨ ਕੀਤਾ ਜਾਂਦਾ ਹੈ। ਲਾਵਾਂ ਬਾਣੀ ਦੇ ਹਰ ਬੰਦ ਦੇ ਪਾਠ ਤੋਂ ਬਾਅਦ ਇਸ ਦੇ ਗਾਇਨ ਰੂਪ ਦੇ ਨਾਲ-ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਆਹ ਵਾਲੀ ਜੋੜੀ ਵੱਲੋਂ ਪਰਿਕਰਮਾ ਕੀਤੀ ਜਾਂਦੀ ਹੈ। ਇਸ ਬਾਣੀ ਦੇ ਚਾਰ ਬੰਦਾਂ ਰਾਹੀਂ ਇਹ ਪਰਿਕਰਮਾ ਚਾਰ ਵਾਰ ਕੀਤੀ ਜਾਂਦੀ ਹੈ ਭਾਵ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਚਾਰ ਲਾਵਾਂ ਲਈਆਂ ਜਾਂਦੀਆਂ ਹਨ। ਅਨੰਦ ਕਾਰਜ ਸੰਸਕਾਰ ਨੂੰ ਸਿੱਖ ਰਹਿਤ ਮਰਯਾਦਾ ਵਿਚ ਇਸ ਪ੍ਰਕਾਰ ਵਰਣਿਤ ਕੀਤਾ ਗਿਆ ਹੈ-

(ੳ) ਸਿੱਖ ਸਿੱਖਣੀ ਦਾ ਵਿਆਹ, ਬਿਨਾਂ ਜਾਤ-ਪਾਤ, ਗੋਤ ਵਿਚਾਰੇ ਦੇ ਹੋਣਾ ਚਾਹੀਏ।

(ਅ) ਸਿੱਖ ਦੀ ਪੁੱਤਰੀ ਦਾ ਵਿਆਹ ਸਿੱਖ ਨਾਲ ਹੀ ਹੋਵੇ।

(ੲ) ਸਿੱਖ ਦਾ ਵਿਆਹ 'ਅਨੰਦ' ਰੀਤੀ ਨਾਲ ਕਰਨਾ ਚਾਹੀਏ।

(ਸ) ਲੜਕੀ ਲੜਕੇ ਦਾ ਵਿਆਹ ਬਚਪਨ ਵਿੱਚ ਕਰਨਾ ਵਿਵਰਜਿਤ ਹੈ।

(ਹ) ਜਦ ਲੜਕੀ ਸਰੀਰ, ਮਨ ਤੇ ਆਚਾਰ ਕਰਕੇ ਵਿਆਹ ਕਰਨ ਦੇ ਯੋਗ ਹੋ ਜਾਵੇ ਤਾਂ ਕਿਸੇ ਯੋਗ ਸਿੱਖ ਨਾਲ 'ਅਨੰਦ' ਪੜ੍ਹਾਇਆ ਜਾਵੇ।

(ਕ) 'ਅਨੰਦ' ਤੋਂ ਪਹਿਲਾਂ ਕੁੜਮਾਈ ਦੀ ਰਸਮ ਜ਼ਰੂਰੀ ਨਹੀਂ, ਪਰ ਜੇ ਕਰਨੀ ਹੋਵੇ ਤਾਂ ਲੜਕੀ ਵਾਲੇ ਕਿਸੇ ਦਿਨ ਸੰਗਤ ਜੋੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਅਰਦਾਸਾ ਸੋਧ ਕੇ ਇਕ ਕ੍ਰਿਪਾਨ, ਕੜਾ ਤੇ ਕੁਝ ਮਿੱਠਾ ਲੜਕੇ ਦੇ ਪੱਲੇ ਪਾ ਦੇਣ।

(ਖ) 'ਅਨੰਦ' ਦਾ ਦਿਨ ਮੁਕੱਰਰ ਕਰਨ ਲੱਗਿਆਂ ਕੋਈ ਥਿਤਿ-ਵਾਰ, ਚੰਗੇ- ਮੰਦੇ ਦਿਨ ਦੀ ਖੋਜ ਕਰਨ ਲਈ ਪੱਤ੍ਰੀ ਵਾਚਣਾ ਮਨਮਤ ਹੈ। ਕੋਈ ਦਿਨ ਜੋ ਦੋਹਾਂ ਧਿਰਾਂ ਨੂੰ ਆਪਸ ਵਿੱਚ ਸਲਾਹ ਕਰ ਕੇ ਚੰਗਾ ਦਿੱਸੇ, ਨਿਯਤ ਕਰ ਲੈਣਾ ਚਾਹੀਏ।

(ਗ) ਸਿਹਰਾ, ਮੁਕਟ ਜਾਂ ਗਾਨਾ ਬੰਨ੍ਹਣਾ, ਪਿੰਤਰ ਪੂਜਣੇ, ਕੱਚੀ ਲੱਸੀ ਵਿਚ ਪੈਰ ਪਾਉਣਾ, ਬੇਰੀ ਜਾਂ ਜੰਡੀ ਵੱਢਣੀ, ਘੜੋਲੀ ਭਰਨੀ, ਰੁਸ ਕੇ ਜਾਣਾ, ਛੰਦ ਪੜ੍ਹਨੇ, ਹਵਨ ਕਰਨਾ, ਵੇਦੀ ਗੱਡਣੀ, ਵੇਸਵਾ ਦਾ ਨਾਚ, ਸ਼ਰਾਬ ਆਦਿ ਮਨਮਤ ਹੈ।

(ਘ) ਜਿਤਨੇ ਥੋੜ੍ਹੇ ਆਦਮੀ ਲੜਕੀ ਵਾਲਾ ਮੰਗਾਵੇ, ਉਤਨੇ ਨਾਲ ਲੈ ਕੇ ਲੜਕਾ ਸਹੁਰੇ ਘਰ ਜਾਵੇ, ਦੋਹੀਂ ਪਾਸੀਂ ਗੁਰਬਾਣੀ ਦੇ ਸ਼ਬਦ ਗਾਏ ਜਾਣ ਤੇ 'ਫ਼ਤਹ' ਗਜਾਈ ਜਾਵੇ।

(ਙ) ਵਿਆਹ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਦੀਵਾਨ ਲਗੇ। ਸੰਗਤ ਜਾਂ ਰਾਗੀ ਕੀਰਤਨ ਕਰਨ। ਫਿਰ ਲੜਕੀ ਤੇ ਲੜਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਬਿਠਾਏ ਜਾਣ। ਲੜਕੀ, ਲੜਕੇ ਦੇ ਖੱਬੇ ਪਾਸੇ ਬੈਠੇ। ਸੰਗਤ ਦੀ ਆਗਿਆ ਲੈ ਕੇ 'ਅਨੰਦ' ਪੜ੍ਹਾਉਣ ਵਾਲਾ ਸਿੱਖ (ਮਰਦ ਜਾਂ ਇਸਤਰੀ) ਲੜਕੇ ਲੜਕੀ ਤੇ ਉਨ੍ਹਾਂ ਦੇ ਮਾਪਿਆਂ ਜਾਂ ਸਰਬਰਾਹਾਂ ਨੂੰ ਖੜ੍ਹਾ ਕਰ ਕੇ 'ਅਨੰਦ' ਦੇ ਅਰੰਭ ਦਾ ਅਰਦਾਸਾ ਸੋਧੇ। ਫਿਰ ਉਹ ਲੜਕੇ ਲੜਕੀ ਨੂੰ ਗੁਰਮਤਿ ਅਨੁਸਾਰ ਗ੍ਰਹਿਸਤ ਧਰਮ ਦੇ ਫ਼ਰਜ਼ਾਂ ਦਾ ਉਪਦੇਸ਼ ਕਰੇ।

ਪਹਿਲੇ, ਦੋਹਾਂ ਨੂੰ ਸਾਂਝਾ ਉਪਦੇਸ਼ ਕਰੇ। ਇਸ ਵਿਚ ਸੂਹੀ ਰਾਗ ਦੀਆਂ ਲਾਵਾਂ ਦੇ ਭਾਵ ਅਨੁਸਾਰ ਪਤੀ-ਪਤਨੀ ਦੇ ਸਬੰਧ ਨੂੰ ਜੀਵ ਤੇ ਪ੍ਰਮਾਤਮਾ ਦੇ ਪਿਆਰ ਦੇ ਨਮੂਨੇ ਉਤੇ ਢਾਲਣ ਦੀ ਵਿਧੀ ਦੱਸੇ।

ਆਪਸ ਵਿਚ ਪ੍ਰੇਮ ਦੁਆਰਾ "ਏਕ ਜੋਤਿ ਦੁਇ ਮੂਰਤੀ" ਹੋਣਾ ਦੱਸੇ ਤੇ ਇਕੁਰ ਗ੍ਰਹਿਸਤ ਧਰਮ ਨਿਬਾਹੁੰਦੇ ਹੋਏ ਆਪਣੇ ਸਾਂਝੇ ਭਰਤਾ 'ਅਕਾਲ ਪੁਰਖ' ਨਾਲ ਇਕਮਿਕ ਹੋਣਾ ਦ੍ਰਿੜਾਵੇ। ਦੋਹਾਂ ਨੇ ਇਸ ਸੰਜੋਗ ਨੂੰ ਮਨੁੱਖਾ ਜਨਮ ਦੀ ਯਾਤਰਾ ਨੂੰ ਸਫਲਤਾ ਨਾਲ ਨਿਬਾਹੁਣ ਦਾ ਸਾਧਨ ਬਣਾਉਣਾ ਹੈ। ਦੋਹਾਂ ਨੇ ਇਸ ਸੰਜੋਗ ਦੇ ਰਾਹੀਂ ਪਵਿੱਤਰ ਤੇ ਗੁਰਮੁਖੀ ਜੀਵਨ ਬਿਤਾਉਣਾ ਹੈ।

ਫਿਰ ਲੜਕੇ ਤੇ ਲੜਕੀ ਨੂੰ ਆਪੋ ਆਪਣੇ ਵਖੋ-ਵਖਰੇ, ਗ੍ਰਹਿਸਤ ਧਰਮ ਦੇ ਫ਼ਰਜ਼ ਦੱਸੇ ਜਾਣ।

ਵਰ ਨੂੰ ਦੱਸਿਆ ਜਾਵੇ ਕਿ ਲੜਕੀ ਵਾਲਿਆਂ ਨੇ ਤੁਹਾਨੂੰ ਹੀ ਸਭ ਤੋਂ ਵਧੀਕ ਯੋਗ ਜਾਣ ਕੇ ਵਰ ਚੁਣਿਆ ਹੈ। ਆਪ ਨੇ ਆਪਣੀ ਪਤਨੀ ਨੂੰ ਅਰਧੰਗੀ ਜਾਣ ਕੇ ਸਾਰੀਆਂ ਅਵਸਥਾਂ ਵਿਚ ਇਕੋ ਜਿਹਾ ਪਿਆਰ ਕਰਨਾ ਹੈ ਤੇ ਵੰਡ ਛਕਣਾ ਹੈ। ਏਸ ਦੇ ਸਰੀਰ ਤੇ ਇੱਜ਼ਤ ਦੇ ਰਾਖੇ ਤੁਸੀਂ ਹੋ। ਇਸਤਰੀ-ਬਰਤ ਧਰਮ ਵਿਚ ਪੱਕੇ ਰਹਿਣਾ। ਇਸ ਦੇ ਮਾਤਾ ਪਿਤਾ ਤੇ ਸੰਬੰਧੀਆਂ ਨੂੰ ਆਪਣੇ ਮਾਤਾ ਪਿਤਾ ਤੇ ਸੰਬੰਧੀਆਂ ਤੁੱਲ ਆਦਰ ਦੇਣਾ। ਕੰਨਿਆਂ ਨੂੰ ਦੱਸਿਆ ਜਾਵੇ ਕਿ ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਸੰਗਤ ਦੇ ਹਜ਼ੂਰ ਇਸ ਸੱਜਣ ਦੇ ਲੜ ਲਾਇਆ ਜਾਂਦਾ ਹੈ। ਆਪ ਇਨ੍ਹਾਂ ਦੇ 'ਨਿਰਮਲ ਭਉ' ਵਿਚ ਰਹਿੰਦੇ ਹੋਏ ਇਨ੍ਹਾਂ ਨੂੰ ਹੀ ਆਪਣੇ ਸਾਰੇ ਪ੍ਰੇਮ ਤੇ ਸ਼ਰਧਾ ਦਾ ਮਾਲਕ ਸਮਝਣਾ, ਦੁਖ-ਸੁਖ ਦੇਸ-ਪਰਦੇਸ ਵਿਚ ਆਪਣੇ ਪਤੀਬਰਤ ਧਰਮ ਵਿਚ ਪੱਕੇ ਰਹਿਣਾ, ਸੇਵਾ ਕਰਨੀ। ਇਨ੍ਹਾਂ ਦੇ ਮਾਤਾ ਪਿਤਾ ਤੇ ਸੰਬੰਧੀਆਂ ਨੂੰ ਆਪਣੇ ਮਾਤਾ ਪਿਤਾ ਤੇ ਸੰਬੰਧੀਆਂ ਵਾਂਗ ਜਾਣਨਾ।

ਉਪਦੇਸ਼ ਦੀਆਂ ਗੱਲਾਂ ਪ੍ਰਵਾਨ ਕਰਦੇ ਹੋਏ ਵਰ ਤੇ ਕੰਨਿਆਂ ਦੋਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਣ। ਫਿਰ ਲੜਕੀ ਦਾ ਪਿਤਾ ਜਾਂ ਮੁਖੀ ਸੰਬੰਧੀ ਲੜਕੇ ਦਾ ਪੱਲਾ ਲੜਕੀ ਦੇ ਹੱਥ ਫੜਾਵੇ ਤੇ ਤਾਬਿਆ ਬੈਠਾ ਸੱਜਣ 'ਸੂਹੀ ਮਹਲਾ ੪' ਵਿਚ ਦਿੱਤੀਆਂ ਲਾਵਾਂ ਦਾ ਪਾਠ ਸੁਣਾਵੇ। ਹਰੇਕ ਲਾਂਵ ਦਾ ਪਾਠ ਹੋਣ ਮਗਰੋਂ ਅੱਗੇ ਵਰ ਤੇ ਪਿੱਛੇ ਕੰਨਿਆਂ, ਵਰ ਦਾ ਪੱਲਾ ਫੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਚਾਰ ਪ੍ਰਕਰਮਾਂ ਕਰਨ। ਪ੍ਰਕਰਮਾਂ ਕਰਨ ਸਮੇਂ ਰਾਗੀ ਜਾਂ ਸੰਗਤ

ਲਾਵਾਂ ਨੂੰ ਕ੍ਰਮ ਅਨੁਸਾਰ ਸੁਰ ਨਾਲ ਗਾਈ ਜਾਣ ਅਤੇ ਵਰ ਕੰਨਿਆਂ ਹਰ ਇਕ ਲਾਂਵ ਮਗਰੋਂ ਮੱਥਾ ਟੇਕ ਕੇ ਅਗਲੀ ਲਾਂਵ ਸੁਣਨ ਲਈ ਖੜ੍ਹੇ ਹੋ ਜਾਣ। ਉਪਰੰਤ ਮੱਥਾ ਟੇਕ ਕੇ ਆਪਣੀ ਥਾਂ 'ਤੇ ਬੈਠ ਜਾਣ ਤੇ ਰਾਗੀ ਸਿੰਘ ਜਾਂ ਅਨੰਦ ਕਰਾਉਣ ਵਾਲਾ ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਪਉੜੀ ਦਾ ਪਾਠ ਕਰੇ। ਫਿਰ 'ਅਨੰਦ' ਦੀ ਸਮਾਪਤੀ ਦਾ ਅਰਦਾਸਾ ਸੋਧਿਆ ਜਾਵੇ ਤੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਵੇ।

(ਚ) ਅਨਮਤ ਵਾਲਿਆਂ ਦਾ ਵਿਆਹ 'ਅਨੰਦ' ਰੀਤੀ ਨਾਲ ਨਹੀਂ ਹੋ ਸਕਦਾ।

(ਛ) ਲੜਕੇ ਜਾਂ ਲੜਕੀ ਦਾ ਸੰਜੋਗ ਪੈਸਾ ਲੈ ਕੇ ਨਾ ਕਰੇ।

(ਜ) ਜੇ ਬਾਲਕੀ ਦੇ ਮਾਪੇ ਕਦਾਂਚ ਸਬੱਬ ਪਾਇ ਕੈ ਬਾਲਕੀ ਦੇ ਗ੍ਰਿਹਿ ਵਿਖੇ ਜਾਣ ਅਤੇ ਉਥੇ ਪ੍ਰਸ਼ਾਦਿ ਤਿਆਰ ਹੋਵੇ ਤਾਂ ਖਾਣ ਤੋਂ ਸੰਕੋਚਣਾ ਨਹੀਂ। ਅੰਨ ਨਾ ਖਾਣਾ ਸਭ ਭਰਮ ਹੈ। ਖਾਲਸੇ ਨੂੰ, ਖਾਣਾ ਖਲਾਵਣਾ ਸ੍ਰੀ ਗੁਰੂ ਬਾਬੇ ਅਕਾਲ ਪੁਰਖ ਬਖਸ਼ਿਆ ਹੈ। ਬੇਟੀ ਬੇਟੇ ਵਾਲੇ ਆਪਸ ਮੇਂ ਖਾਂਦੇ ਰਹਿਣ, ਇਸੇ ਵਾਸਤੇ, ਜੋ ਗੁਰੂ ਨੇ ਦੋਵੇਂ ਸਾਕ ਇਕ ਕੀਤੇ ਹੈਨ।"

(ਝ) ਜਿਸ ਇਸਤਰੀ ਦਾ ਭਰਤਾ ਕਾਲ-ਵੱਸ ਹੋ ਜਾਵੇ, ਉਹ ਚਾਹੇ ਤਾਂ ਯੋਗ ਵਰ ਦੇਖ ਕੇ ਪੁਨਰ ਸੰਜੋਗ ਕਰ ਲਵੇ। ਸਿੱਖ ਦੀ ਇਸਤਰੀ ਮਰ ਜਾਵੇ ਤਾਂ ਉਸ ਲਈ ਭੀ ਇਹੋ ਹੁਕਮ ਹੈ।

(ਞ) ਪੁਨਰ ਵਿਆਹ ਦੀ ਵੀ ਇਹੋ ਰੀਤ ਹੈ, ਜੋ 'ਅਨੰਦ' ਲਈ ਉਤੇ ਦੱਸੀ ਹੈ।

(ਟ) ਆਮ ਹਾਲਤਾਂ ਵਿਚ ਸਿੱਖ ਨੂੰ ਇਕ ਇਸਤਰੀ ਦੇ ਹੁੰਦਿਆਂ ਦੂਜਾ ਵਿਆਹ ਨਹੀਂ ਕਰਨਾ ਚਾਹੀਏ।

(ਠ) ਅੰਮ੍ਰਿਤਧਾਰੀ ਸਿੰਘ ਨੂੰ ਚਾਹੀਦਾ ਹੈ ਕਿ ਆਪਣੀ ਸਿੰਘਣੀ ਨੂੰ ਭੀ ਅੰਮ੍ਰਿਤ ਛਕਾ ਲਵੇ।

### 2.6 ਮ੍ਰਿਤਕ ਸੰਸਕਾਰ

ਗੁਰਬਾਣੀ ਅਨੁਸਾਰ ਮਨੁੱਖ ਅਕਾਲ ਪੁਰਖ ਦੇ ਹੁਕਮ ਅਨੁਸਾਰ ਹੀ ਇਸ ਸੰਸਾਰ ਵਿਚ ਪੈਦਾ ਹੁੰਦਾ ਹੈ ਅਤ ਅਕਾਲ ਪੁਰਖ ਦੇ ਹੁਕਮ ਅਨੁਸਾਰ ਹੀ ਆਪਣੀ ਉਮਰ ਭੋਗ ਕੇ ਇਸ ਸੰਸਾਰ ਤੋ ਚਲਾ ਜਾਂਦਾ ਹੈ। ਮਨੁੱਖ ਦਾ ਸੰਸਾਰ ਤੋਂ ਚਲ ਜਾਣਾ ਮੌਤ ਕਹਿਲਾਉਂਦਾ ਹੈ ਜੋ ਕਿ ਅਟੱਲ ਸੱਚਾਈ ਹੈ। ਜੋ ਪੈਦਾ ਹੁੰਦਾ ਹੈ ਉਸ ਦਾ ਖਤਮ ਹੋਣਾ ਜਾਂ ਮਰਣਾ ਉਸ ਦੇ ਪੈਦਾ ਹੋਣ ਤੋਂ ਪਹਿਲਾਂ ਹੀ ਨਿਰਧਾਰਿਤ ਹੋ ਜਾਂਦਾ ਹੈ। ਇਸ ਲਈ ਕਿਸੇ ਪ੍ਰਾਣੀ ਦੀ ਮੌਤ ਦਾ ਵਿਰਲਾਪ ਕਰਨ ਦੀ ਥਾਂ ਉਸ ਅਕਾਲ ਪੁਰਖ ਦੇ ਭਾਣੇ ਨੂੰ ਮੰਨ ਕੇ ਉਸ ਦੇ ਹੁਕਮ ਵਿਚ ਰਹਿਣਾ ਚਾਹੀਦਾ ਹੈ। ਸਿੱਖ ਧਰਮ ਵਿਚ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਪਰਮਾਤਮਾ ਦਾ ਨਾਮ ਜਪਦੇ ਹੋਏ ਧਾਰਮਿਕ ਨਿਯਮਾਂ ਅਨੁਸਾਰ ਸਾਦਾ ਜੀਵਨ ਬੀਤਤ ਕਰਨ ਵਾਲੇ ਮਨੁੱਖ ਵਿਚੋਂ ਮੌਤ ਦਾ ਡਰ ਖਤਮ ਹੋ ਜਾਂਦਾ ਹੈ ਅਤੇ ਉਹ ਜਨਮ ਮਰਨ ਦੇ ਗੇੜ ਵਿਚ ਨਹੀਂ ਆਉਂਦਾ। ਸਿੱਖ ਧਰਮ ਮ੍ਰਿਤਕ ਸੰਸਕਾਰ ਸੰਬੰਧੀ ਅਰਥਹੀਣ ਰਸਮ ਰਿਵਾਜ਼ਾਂ ਦਾ ਖੰਡਨ ਕਰਦਾ ਹੋਇਆ ਮੁੱਖ ਰੂਪ ਵਿਚ ਗੁਰਬਾਣੀ ਨਾਲ ਜੁੜ ਕੇ ਅੰਤਿਮ ਰਸਮਾਂ ਕਰਨ ਦਾ ਉਪਦੇਸ਼ ਪ੍ਰਦਾਨ ਕਰਦਾ ਹੈ। ਗੁਰਬਾਣੀ ਦਾ ਸਹਿਜ ਪਾਠ/ਅਖੰਡ

ਪਾਠ ਅਤੇ ਮ੍ਰਿਤਕ ਮਨੁੱਖ ਲਈ ਕੀਤੇ ਜਾਣ ਵਾਲੇ ਸ਼ਰਾਬ, ਪਿੰਡ ਦਾਨ ਆਦਿ ਨੂੰ ਸਿੱਖ ਧਰਮ ਵਿਚ ਪ੍ਰਵਾਨ ਨਹੀਂ ਹਨ। ਸਿੱਖ ਰਹਿਤ ਮਰਯਾਦਾ ਵਿਚ ਮ੍ਰਿਤਕ ਸੰਸਕਾਰ ਦਾ ਵਰਣਨ ਇਸ ਪ੍ਰਕਾਰ ਕੀਤਾ ਗਿਆ ਹੈ-

(ੳ) ਪ੍ਰਾਣੀ ਨੂੰ ਮਰਨ ਵੇਲੇ ਜੇ ਮੰਜੇ 'ਤੇ ਹੋਵੇ ਤਾਂ ਹੇਠ ਨਹੀਂ ਉਤਾਰਨਾ, ਦੀਵਾ- ਵੱਟੀ, ਗਊ ਮਣਸਾਉਣਾ ਜਾਂ ਹੋਰ ਕੋਈ ਮਨਮਤ ਸੰਸਕਾਰ ਨਹੀਂ ਕਰਨਾ। ਕੇਵਲ ਗੁਰਬਾਣੀ ਦਾ ਪਾਠ ਕਰਨਾ ਜਾਂ 'ਵਾਹਿਗੁਰੂ' 'ਵਾਹਿਗੁਰੂ' ਕਰਨਾ।

(ਅ) ਪ੍ਰਾਣੀ ਦੇ ਦੇਹ ਤਿਆਗਣ 'ਤੇ ਧਾਹ ਨਹੀਂ ਮਾਰਨੀ, ਪਿੱਟਣਾ ਜਾਂ ਸਿਆਪਾ ਨਹੀਂ ਕਰਨਾ, ਮਨ ਨੂੰ ਵਾਹਿਗੁਰੂ ਦੀ ਰਜ਼ਾ ਵਿਚ ਲਿਆਉਣ ਲਈ ਗੁਰਬਾਣੀ ਦਾ ਪਾਠ ਜਾਂ ਵਾਹਿਗੁਰੂ ਦਾ ਜਾਪ ਕਰੀ ਜਾਣਾ ਚੰਗਾ ਹੈ।

(ੲ) ਪਾਣੀ ਭਾਵੇਂ ਛੋਟੀ ਤੋਂ ਛੋਟੀ ਉਮਰ ਦਾ ਹੋਵੇ, ਸੋ ਭੀ ਸਸਕਾਰਨਾ ਚਾਹੀਏ। ਜਿਥੇ ਸਸਕਾਰ ਦਾ ਪ੍ਰਬੰਧ ਨਾ ਹੋ ਸਕੇ ਉਥੇ ਜਲ ਪ੍ਰਵਾਹ ਜਾਂ ਹੋਰ ਤਰੀਕਾ ਵਰਤਣ ਤੋਂ ਸ਼ੰਕਾ ਨਹੀਂ ਕਰਨੀ।

(ਸ) ਸਸਕਾਰਨ ਲਈ ਦਿਨ ਜਾਂ ਰਾਤ ਦਾ ਭਰਮ ਨਹੀਂ ਕਰਨਾ।

(ਹ) ਮ੍ਰਿਤਕ ਸਰੀਰ ਨੂੰ ਇਸ਼ਨਾਨ ਕਰਾ ਕੇ ਸੁਅੱਛ ਬਸਤ੍ਰ ਪਾਏ ਜਾਣ ਤੇ ਕਕਾਰ ਜੁਦਾ ਨਾ ਕੀਤੇ ਜਾਣ। ਫਿਰ ਤਖਤੇ ਉਤੇ ਪਾ ਕੇ ਚਲਾਣੇ ਦਾ ਅਰਦਾਸਾ ਸੋਧਿਆ ਜਾਵੇ। ਫਿਰ ਅਰਥੀ ਨੂੰ ਚੁੱਕ ਕੇ ਸ਼ਮਸ਼ਾਨ ਭੂਮੀ ਵੱਲ ਲਿਜਾਇਆ ਜਾਵੇ। ਨਾਲ ਵੈਰਾਗਮਈ ਸ਼ਬਦਾਂ ਦਾ ਉਚਾਰਨ ਕੀਤਾ ਜਾਵੇ। ਸਸਕਾਰ ਦੀ ਥਾਂ 'ਤੇ ਪਹੁੰਚ ਕੇ ਚਿਖਾ ਰਚੀ ਜਾਵੇ। ਫਿਰ ਸਰੀਰ ਨੂੰ ਅਗਨੀ ਭੇਟਾ ਕਰਨ ਲਈ ਅਰਦਾਸਾ ਸੋਧਿਆ ਜਾਵੇ। ਫਿਰ ਪ੍ਰਾਣੀ ਨੂੰ ਅੰਗੀਠੇ ਉਤੇ ਰੱਖ ਕੇ ਪੁੱਤਰ ਜਾਂ ਕੋਈ ਹੋਰ ਸੰਬੰਧੀ ਜਾਂ ਹਿਤੂ ਆਦਿ ਅਗਨੀ ਲਾ ਦੇਵੇ। ਸੰਗਤ ਕੁਝ ਵਿਥ 'ਤੇ ਬਹਿ ਕੇ ਕੀਰਤਨ ਕਰੇ ਜਾਂ ਵੈਰਾਗਮਈ ਸ਼ਬਦ ਪੜ੍ਹੇ। ਜਦ ਅੰਗੀਠਾ ਪੂਰੀ ਤਰ੍ਹਾਂ ਬਲ ਉਠੇ ਤਾਂ (ਕਪਾਲਿ ਕਿਰਿਆ ਆਦਿ ਕਰਨਾ ਮਨਮਤ ਹੈ) ਕੀਰਤਨ ਸੋਹਿਲੇ ਦਾ ਪਾਠ ਕਰ ਕੇ ਅਰਦਾਸਾ ਸੋਧ ਕੇ ਸੰਗਤ ਮੁੜ ਆਵੇ।

ਘਰ ਆ ਕੇ ਜਾਂ ਲਾਗੇ ਦੇ ਗੁਰਦੁਆਰੇ ਵਿਚ ਪ੍ਰਾਣੀ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰੱਖਿਆ ਜਾਵੇ ਤੇ ਅਨੰਦ ਸਾਹਿਬ (ਛੇ ਪਉੜੀਆਂ) ਦਾ ਪਾਠ ਕਰਕੇ ਅਰਦਾਸਾ ਦਸਵੇਂ ਦਿਨ ਹੋਵੇ। ਜੇ ਦਸਵੇਂ ਦਿਨ ਨਾ ਹੋ ਸਕੇ ਤਾਂ ਹੋਰ ਕੋਈ ਦਿਨ ਸੰਬੰਧੀਆਂ ਦੇ ਸੌਖ ਨੂੰ ਮੁਖ ਰੱਖ ਕੇ ਨਿਯਤ ਕੀਤਾ ਜਾਵੇ। ਇਸ ਪਾਠ ਦੇ ਕਰਨ ਵਿਚ ਘਰ ਵਾਲੇ ਤੇ ਸੰਬੰਧੀ ਰਲ ਕੇ ਹਿੱਸਾ ਲੈਣ। ਜੇ ਹੋ ਸਕੇ ਤਾਂ ਹਰ ਰੋਜ਼ ਰਾਤ ਨੂੰ ਕੀਰਤਨ ਭੀ ਹੋਵੇ। 'ਦੁਸਿਹਰੇ' ਦੇ ਪਿੱਛੋਂ ਚਲਾਣੇ ਦੀ ਕੋਈ ਰਸਮ ਬਾਕੀ ਨਹੀਂ ਰਹਿੰਦੀ।

(ਕ) ਮ੍ਰਿਤਕ ਪ੍ਰਾਣੀ ਦਾ 'ਅੰਗੀਠਾ' ਠੰਡਾ ਹੋਣ 'ਤੇ ਸਾਰੀ ਦੇਹ ਦੀ ਭਸਮ ਅਸਥੀਆਂ ਸਮੇਤ ਉਠਾ ਕੇ ਜਲ ਵਿਚ ਪ੍ਰਵਾਹ ਕਰ ਦਿੱਤੀ ਜਾਵੇ, ਜਾਂ ਉਥੇ ਹੀ ਦੱਬ ਕੇ ਜ਼ਿਮੀਂ ਬਰਾਬਰ ਕਰ ਦਿੱਤੀ ਜਾਵੇ। ਸਸਕਾਰ ਅਸਥਾਨ 'ਤੇ ਮ੍ਰਿਤਕ ਪ੍ਰਾਣੀ ਦੀ ਯਾਦਗਾਰ ਬਣਾਉਣੀ ਮਨ੍ਹਾਂ ਹੈ।

(ਖ) ਅਧ ਮਾਰਗ, ਸਿਆਪਾ, ਫੂਹੜੀ, ਦੀਵਾ, ਪਿੰਡ, ਕਿਰਿਆ, ਸਰਾਧ, ਬੁੱਢਾ ਮਰਨਾ ਆਦਿ ਕਰਨਾ ਮਨਮਤ ਹੈ। ਅੰਗੀਠੇ ਵਿਚੋਂ ਫੁੱਲ ਚੁਗ ਕੇ ਗੰਗਾ, ਪਤਾਲਪੁਰੀ, ਕਰਤਾਰਪੁਰ ਸਾਹਿਬ ਆਦਿਕ ਥਾਵਾਂ ਵਿਚ ਜਾ ਕੇ ਪਾਉਣੇ ਮਨਮਤ ਹੈ।

**2.7 ਸਾਰ**

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਸਿੱਖ ਧਰਮ ਜੀਵਨ ਦੇ ਵਿਭਿੰਨ ਮੌਕਿਆਂ ਤੇ ਨਿਭਾਏ ਜਾਣ ਵਾਲੇ ਸੰਸਕਾਰਾਂ ਨੂੰ ਗੁਰਬਾਣੀ ਸਿਧਾਂਤ ਅਨੁਸਾਰ ਹੀ ਪੂਰਾ ਕਰਦਾ ਹੈ। ਇਸ ਧਰਮ ਵਿਚ ਜਟਿਲ ਕਰਮ ਕਾਡਾਂ ਅਤੇ ਅਨੇਕਾਂ ਅਰਥਹੀਣ ਰਿਵਾਜਾਂ ਨੂੰ ਪ੍ਰਵਾਨ ਨਹੀਂ ਕੀਤਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਅਤੇ ਅਰਦਾਸ ਸਿੱਖ ਧਰਮ ਦੇ ਸੰਸਕਾਰਾਂ ਦਾ ਮਹੱਤਵਪੂਰਨ ਅੰਗ ਹਨ। ਇਨ੍ਹਾਂ ਸੰਸਕਾਰਾਂ ਨੂੰ ਸਿੱਖ ਪੰਥ ਦੁਆਰਾ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਅਨੁਸਾਰ ਸੰਪੂਰਨ ਕੀਤਾ ਹੈ ਜੋ ਸਿੱਖ ਧਰਮ ਦੀ ਇਕਸਾਰਤਾ ਅਤੇ ਏਕਤਾ ਨੂੰ ਪ੍ਰਤੱਖਮਾਨ ਕਰਦੇ ਹਨ।

**2.8 ਪੜ੍ਹਣਯੋਗ ਪੁਸਤਕਾਂ**


- ਸਿੱਖ ਰਹਿਤ ਮਰਯਾਦਾ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2020
- ਗੁਰਬਖ਼ਸ਼ ਸਿੰਘ ਗੁਲਸ਼ਨ, ਦਰਪਣ ਸਿੱਖ ਰਹਿਤ ਮਰਯਾਦਾ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2005
- ਪਦਮ ਪਿਆਰਾ ਸਿੰਘ, ਰਹਿਤਨਾਮੇ, ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ
- Prof. Darshan Singh Khalsa, Anand Karaj: The Sikh Marriage Ceremony, Sikh Foundation, New elhi, 2009
- Harjinder Singh, The meaning of the Sikh Marriage Ceremony: Anand Karaj, Akaal Publishers, 2018
- Ramesh Chander Dogra and Urmila Dogra , The Sikh World: An Encyclopaedic Survey Of Sikh Religion and Culture, UBS Publishers Distributors Pvt. Ltd., New Delhi, 2006
- Harjinder Singh Dilgeer, The Sikh Culture, Sikh University Press, Belgium, 2010


**2.9 ਅਭਿਆਸ ਲਈ ਪ੍ਰਸ਼ਨ**

## ਵੱਡੇ ਪ੍ਰਸ਼ਨ

1. ਸਿੱਖ ਧਰਮ ਸੰਸਕਾਰਾਂ ਤੋਂ ਤੁਹਾਡਾ ਕੀ ਭਾਵ ਹੈ? ਵਰਣਨ ਕਰੋ।
2. ਅਨੰਦ ਕਾਰਜ ਸੰਸਕਾਰ ਉੱਤੇ ਵਿਸਥਾਰ ਸਹਿਤ ਨੋਟ ਲਿਖੋ।
3. ਸਿੱਖ ਧਰਮ  ਦੇ ਮ੍ਰਿਤਕ ਸੰਸਕਾਰ ਦੂਜੇ ਧਰਮਾਂ ਤੋਂ ਕਿਵੇਂ ਭਿੰਨ ਹਨ?ਆਪਣੇ ਸ਼ਬਦਾਂ ਵਿਚ ਲਿਖੋ।

4. ਅੰਮ੍ਰਿਤ ਸੰਸਕਾਰ ਕੀ ਹੈ ? ਵਰਣਨ ਕਰੋ।

**ਛੋਟੇ ਪ੍ਰਸ਼ਨ**

1. ਗੁਰਬਾਣੀ ਅਤੇ ਧਰਮ ਸੰਸਕਾਰ
2. ਅਨੰਦ ਕਾਰਜ
3. ਮ੍ਰਿਤਕ ਸੰਸਕਾਰ
4. ਅੰਮ੍ਰਿਤ ਸੰਸਕਾਰ

# CORE COURSE (CC): RELIGIOUS STUDIES

**SEMESTER II** **Section - A**

**PAPER I: ਧਰਮ ਸੰਸਕਾਰ (ਜਨਮ, ਧਰਮ-ਪ੍ਰਵੇਸ਼, ਵਿਆਹ ਅਤੇ ਮ੍ਰਿਤਕ ਸੰਸਕਾਰ) (RELIGIOUS RITES)**

## UNIT- 3 ਹਿੰਦੂ ਧਰਮ : ਜਨਮ, ਧਰਮ-ਪ੍ਰਵੇਸ਼, ਵਿਆਹ ਅਤੇ ਮ੍ਰਿਤਕ ਸੰਸਕਾਰ

3.0 ਪ੍ਰਵੇਸ਼ਿਕਾ

3.1 ਜਾਣ-ਪਛਾਣ

3.2 ਹਿੰਦੂ ਧਰਮ ਗ੍ਰੰਥ ਅਤੇ ਸੰਸਕਾਰ

3.3 ਹਿੰਦੂ ਧਰਮ ਦੇ ਸੰਸਕਾਰ

3.3.1 ਜਨਮ ਸੰਸਕਾਰ

3.3.2 ਧਰਮ ਪ੍ਰਵੇਸ਼ ਸੰਸਕਾਰ (ਉਪਨਯਨ ਜਾਂ ਯਗੋਪਵੀਤ ਸੰਸਕਾਰ)

3.4 ਵਿਆਹ ਸੰਸਕਾਰ

3.5 ਅੰਤਯੇਸ਼ਟਿ (ਮ੍ਰਿਤਕ) ਸੰਸਕਾਰ

3.6 ਅੰਤਿਕਾ

3.7 ਪੜ੍ਹਣਯੋਗ ਪੁਸਤਕਾਂ

3.8 ਅਭਿਆਸ ਲਈ ਪ੍ਰਸ਼ਨ

## 3.0 ਪ੍ਰਵੇਸ਼ਿਕਾ

ਪ੍ਰਸਤੁਤ ਯੂਨਿਟ ਹਿੰਦੂ ਧਰਮ ਦੇ ਸੰਸਕਾਰਾਂ ਨਾਲ ਸੰਬੰਧਿਤ ਹੈ ਜਿਸ ਦਾ ਉਦੇਸ਼ ਵਿਦਿਆਰਥੀਆਂ ਨੂੰ ਹਿੰਦੂਧਰਮ ਦੇ ਸੰਸਕਾਰਾਂ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ। ਇਸ ਯੂਨਿਟ ਵਿਚ ਹਿੰਦੂ ਧਰਮ ਦੇ ਜਨਮ, ਧਰਮ ਪ੍ਰਵੇਸ਼, ਵਿਆਹ ਅਤੇ ਮ੍ਰਿਤਕ ਸੰਸਕਾਰ ਬਾਰੇ ਚਰਚਾ ਕੀਤੀ ਗਈ ਹੈ।

## 3.1 ਜਾਣ-ਪਛਾਣ-

ਹਿੰਦੂ ਧਰਮ ਭਾਰਤ ਦੇਸ਼ ਦੇ ਪ੍ਰਮੁੱਖ ਧਰਮ ਵਜੋਂ ਇੱਕ ਅਹਿਮ ਰੱਖਦਾ ਹੈ ਜਿਸ ਨੂੰ ਸੰਸਾਰ ਦੇ ਪ੍ਰਾਚੀਨ ਧਰਮਾਂ ਵਿਚ ਸ਼ਾਮਿਲ ਕੀਤਾ ਜਾਂਦਾ ਹੈ। ਇਸ ਧਰਮ ਵਿਚ ਸੰਸਕਾਰਾਂ ਦਾ ਇਕ ਵਿਸ਼ੇਸ਼ ਸਥਾਨ ਹੈ। ਜਿਨ੍ਹਾਂ ਨੂੰ ਵਿਧੀਵਤ ਢੰਗ ਨਾਲ ਸੰਪੂਰਨ ਕਰਨ ਵਾਲਾ ਹੀ ਅਸਲ ਅਰਥਾਂ ਵਿਚ ਇਸ ਧਰਮ ਦਾ ਧਾਰਨੀ ਮੰਨਿਆ ਜਾਂਦਾ ਹੈ। ਇਸ ਧਰਮ ਦੀ ਇਹ ਮੂਲ ਧਾਰਨਾ ਹੈ ਕਿ ਮਨੁੱਖ ਅਪਵਿੱਤਰ ਹੁੰਦਾ ਹੈ ਜਿਸ ਨੂੰ ਸੰਸਕਾਰਾਂ ਰਾਹੀਂ ਪਵਿੱਤਰ ਕੀਤਾ ਜਾਣਾ ਬਹੁਤ ਜ਼ਰੂਰੀ ਹੈ। ਹਿੰਦੂ ਧਰਮ ਦੇ ਦਾਰਸ਼ਨਿਕਾਂ ਅਨੁਸਾਰ ਸੰਸਕਾਰ ਉਹ ਸੂਖਮ ਉਪਚਾਰ ਹਨ ਜਿਨ੍ਹਾਂ ਦਾ ਪ੍ਰਭਾਵ ਸਰੀਰ ਤੇ ਮਨ ਉੱਪਰ ਹੀ ਨਹੀਂ ਸਗੋਂ ਸੂਖਮ ਅੰਤਕਰਣ ਉਪਰ ਵੀ ਪੈਂਦਾ ਹੈ ਜਿਨ੍ਹਾਂ ਦੇ ਪ੍ਰਭਾਵ ਰਾਹੀਂ ਮਨੁੱਖ ਨੂੰ ਗੁਣ ਕਰਮ ਅਤੇ ਸੁਭਾਅ ਦੀ ਦ੍ਰਿਸ਼ਟੀ ਤੋਂ ਉਨਤ ਪੱਧਰ ਵੱਲ ਵਧਣ ਵਿਚ ਸਹਾਇਤਾ ਪ੍ਰਾਪਤ ਹੁੰਦੀ ਹੈ। ਵੇਦਾਂ, ਪੁਰਾਣਾਂ ਅਤੇ ਧਰਮ ਸ਼ਾਸਤਰਾਂ ਵਿਚ ਸੰਸਕਾਰਾਂ ਨੂੰ ਮਨੁੱਖੀ ਜੀਵਨ ਲਈ ਉਸੇ ਪ੍ਰਕਾਰ ਜ਼ਰੂਰੀ ਮੰਨਿਆ ਗਿਆ ਹੈ ਜਿਸ ਪ੍ਰਕਾਰ ਖਾਣ ਵਿਚੋਂ ਸੋਨਾ, ਹੀਰਾ ਆਦਿ ਨਿਕਲਣ ਤੋਂ ਬਾਅਦ ਉਸ ਦੀ ਸੁੰਦਰਤਾ ਅਤੇ ਉਸ ਦੀ ਚਮਕ ਲਈ ਉਸ ਨੂੰ ਤਰਾਸ਼ਣਾ ਜ਼ਰੂਰੀ ਹੈ। ਹਿੰਦੂ ਧਰਮ ਵਿਚ ਸੰਸਕਾਰ ਜੀਵਨ ਦੇ ਨਵ-ਨਿਰਮਾਣ ਦਾ ਆਧਾਰ ਮੰਨੇ ਜਾਂਦੇ ਹਨ ਜਿਨ੍ਹਾਂ ਨੂੰ ਵੈਦਿਕ ਰੀਤੀ ਅਨੁਸਾਰ ਵਿਧੀ ਪੂਰਵਕ ਢੰਗ ਰਾਹੀਂ ਬ੍ਰਾਹਮਣ ਪੁਜਾਰੀ ਦੁਆਰਾ ਸੰਪੂਰਨ ਕੀਤਾ ਜਾਂਦਾ ਹੈ। ਹਿੰਦੂ ਧਰਮ ਦੇ ਅਨੁਯਾਈ ਦੇ ਜੀਵਨ ਦਾ ਕੋਈ ਵੀ ਵਿਸ਼ੇਸ਼ ਕਾਰਜ ਇਨ੍ਹਾਂ ਸੰਸਕਾਰਾਂ ਤੋਂ ਬਿਨਾਂ ਸੰਪੂਰਨ ਨਹੀਂ ਹੋ ਸਕਦਾ ਹੈ। ਇਸ ਪ੍ਰਕਾਰ ਸੰਸਕਾਰ ਹਿੰਦੂ ਧਰਮ ਦੇ ਸਮਾਜਿਕ ਅਤੇ ਧਾਰਮਿਕ ਜੀਵਨ ਦਾ ਅਭਿੰਨ ਅੰਗ ਹਨ।

## 3.2 ਹਿੰਦੂ ਧਰਮ ਗ੍ਰੰਥ ਅਤੇ ਸੰਸਕਾਰ -

ਧਰਮ ਗ੍ਰੰਥਾਂ ਨੂੰ ਕਿਸੇ ਵੀ ਧਰਮ ਦਾ ਆਧਾਰ ਕਿਹਾ ਜਾ ਸਕਦਾ ਹੈ ਜਿਸ ਉੱਪਰ ਧਰਮ ਦਾ ਸਿਧਾਂਤਕ ਢਾਂਚਾ ਸਥਾਪਿਤ ਹੁੰਦਾ ਹੈ। ਵੇਦ, ਸ਼ਾਸਤਰ, ਸਿਮ੍ਰਤੀਆਂ, ਉਪਨਿਸ਼ਦ, ਪੁਰਾਣ, ਰਮਾਇਣ ਅਤੇ ਮਹਾਂਭਾਰਤ ਹਿੰਦੂ ਧਰਮ ਦੇ ਪ੍ਰਮੁੱਖ ਧਰਮ ਗ੍ਰੰਥ ਹਨ। ਜੇਕਰ ਇਨ੍ਹਾਂ ਧਰਮ ਗ੍ਰੰਥਾਂ ਵਿਚ ਸੰਸਕਾਰਾਂ ਦੀ ਗੱਲ ਕੀਤੀ ਜਾਵੇ ਤਾਂ ਵਿਭਿੰਨ ਧਰਮ ਗ੍ਰੰਥਾਂ ਵਿਚ ਸੰਸਕਾਰਾਂ ਦੇ ਵੇਰਵੇ ਪ੍ਰਾਪਤ ਹੁੰਦੇ ਹਨ ਭਾਵੇਂ ਇਨ੍ਹਾਂ ਦੀ ਗਿਣਤੀ ਵੱਖ-ਵੱਖ ਪ੍ਰਾਪਤ ਹੁੰਦੀ ਹੈ। ਕਿਸੇ ਧਰਮ ਗ੍ਰੰਥ ਵਿਚ ਇਨ੍ਹਾਂ ਦੀ ਗਿਣਤੀ ਵੱਧ ਹੈ ਅਤੇ ਕਿਸੇ ਵਿਚ ਘੱਟ। ਗਿਣਤੀ ਵੱਧ ਹੋਣ ਦਾ ਕਾਰਨ ਸੰਸਕਾਰਾਂ ਦੇ ਨਾਲ ਯੱਗਾਂ ਦਾ ਜੁੜਣਾ ਸੀ। ਸਮੇਂ ਦੇ ਬੀਤਣ ਨਾਲ ਇਹ ਯੱਗ ਲੋਕ ਵਿਵਹਾਰ ਤੋਂ ਦੂਰ ਹੋ ਗਏ। ਪਾਕਯੱਗ, ਸੋਮਯੱਗ, ਆਦਿ ਕਾਲਾਂਤਰ ਨਾਲ ਲੋਕ ਪ੍ਰਚਲਿਤ

ਨਹੀਂ ਰਹੇ ਕਿਉਂਕਿ ਗੂੜ੍ਹ ਗਿਆਤਾ ਹੀ ਇਨ੍ਹਾਂ ਨੂੰ ਕਰਵਾ ਸਕਦਾ ਹੈ ਜਿਸ ਕਾਰਨ ਇਹ ਗੁਰੂਕੁਲ ਤੱਕ ਹੀ ਸੀਮਤ ਰਹਿ ਗਏ। ਯੱਗਾਂ ਦੇ ਘਟਣ ਕਾਰਨ ਸੰਸਕਾਰਾਂ ਦੀ ਸੰਖਿਆਂ ਵਿਚ ਵੀ ਕਮੀ ਆ ਗਈ।

ਜੇਕਰ ਵੇਦਾਂ ਵਿਚ ਸੰਸਕਾਰਾਂ ਦੀ ਗੱਲ ਕਰੀਏ ਤਾਂ ਰਿਗਵੇਦ ਵਿਚ ਬੇਸ਼ੱਕ ਸੰਸਕਾਰ ਸ਼ਬਦ ਪ੍ਰਾਪਤ ਨਹੀਂ ਹੁੰਦਾ ਪ੍ਰੰਤੂ ਰਿਗਵੇਦ ਵਿਚ ਗਰਭਦਾਨ, ਵਿਆਹ ਅਤੇ ਮ੍ਰਿਤਕ ਸੰਸਕਾਰ ਦਾ ਪ੍ਰਸੰਗ ਰੂਪ ਵਿਚ ਸੰਦਰਭ ਪ੍ਰਾਪਤ ਹੁੰਦਾ ਹੈ। ਯਜੁਰਵੇਦ ਦੇ ਸ਼ੁਕਲ ਯਜਰਵੇਦ ਦੇ ਪਹਿਲੇ ਦੂਸਰੇ ਅਤੇ ਅਖੀਰਲੇ ਕਾਂਡ ਵਿਚ ਵਿਆਹ, ਗਰਭਦਾਨ, ਚੂੜਾਕਰਨ, ਉਪਨਯਨ, ਸ਼ਰਾਬ ਆਦਿ ਦਾ ਜ਼ਿਕਰ ਪ੍ਰਾਪਤ ਹੁੰਦਾ ਹੈ। ਸਾਮਵੇਦ ਦੇ ਗੋਭਿਲ ਗ੍ਰਹਿਸੂਤਰ, ਖਾਦਿਰ ਗ੍ਰਹਿਸੂਤਰ ਆਦਿ ਵਿਚ ਵਿਆਹ, ਗਰਭਦਾਨ, ਉਪਨਯਨ ਵਰਗੇ ਸੰਸਕਾਰਾਂ ਦਾ ਵਰਣਨ ਮਿਲਦਾ ਹੈ। ਇਸੇ ਪ੍ਰਕਾਰ ਅਥਰਵਵੇਦ ਦੇ ਕੌਸ਼ਿਕ ਗ੍ਰਹਿਸੂਤਰ ਵਿਚ ਵਿਆਹ, ਗਰਭਦਾਨ, ਨਾਮਕਰਨ, ਅੰਨਪ੍ਰਾਸ਼ਣ, ਮ੍ਰਿਤਕ ਸੰਸਕਾਰ ਆਦਿ ਦਾ ਉਲੇਖ ਪ੍ਰਾਪਤ ਹੁੰਦਾ ਹੈ।

ਜਦੋਂ ਅਸੀਂ ਹਿੰਦੂ ਧਰਮ ਗ੍ਰੰਥਾਂ ਵਿਚ ਸੰਸਕਾਰਾਂ ਦੀ ਗਿਣਤੀ ਦੀ ਗੱਲ ਕਰਦੇ ਹਾਂ ਤਾਂ ਰਿਗਵੇਦ ਵਿਚ ਸੰਸਕਾਰਾਂ ਦੀ ਗਿਣਤੀ 8 , ਸਾਮਵੇਦ ਵਿਚ 3, ਯਜੁਰਵੇਦ ਵਿਚ 10, ਅਥਰਵਵੇਦ ਵਿਚ 9, ਛਾਂਦੋਗਯ ਉਪਨਿਸ਼ਦ ਵਿਚ 5, ਮਨੁਸਿਮ੍ਰਤੀ ਵਿਚ 13, ਗੋਤਮਸਿਮ੍ਰਤੀ ਵਿਚ 40, ਮਾਰਕੰਡੇ ਪੁਰਾਣ ਵਿਚ 6, ਭਵਿੱਖ ਪੁਰਾਣ ਵਿਚ 48, ਅਗਨੀ ਪੁਰਾਣ ਵਿਚ 48, ਗਰੁੜ ਪੁਰਾਣ ਵਿਚ 12 ਪ੍ਰਾਪਤ ਹੁੰਦੀ ਹੈ।

### 3.3 ਹਿੰਦੂ ਧਰਮ ਦੇ ਸੰਸਕਾਰ-

ਹਿੰਦੂ ਧਰਮ ਦੇ ਧਰਮ ਗ੍ਰੰਥਾਂ ਵਿਚ ਸੰਸਕਾਰਾਂ ਦੀ ਗਿਣਤੀ ਵੱਖ-ਵੱਖ ਪ੍ਰਾਪਤ ਹੁੰਦੀ ਹੈ ਜਿਸ ਸੰਬੰਧੀ ਅਸੀਂ ਪਿਛਲੇ ਭਾਗ ਵਿਚ ਵੇਰਵਾ ਪ੍ਰਾਪਤ ਕਰ ਚੁੱਕੇ ਹਾਂ। ਮੌਜੂਦਾ ਸਮੇਂ ਵਿਚ ਹਿੰਦੂ ਧਰਮ ਦੇ ਵਿਦਵਾਨਾਂ ਦੁਆਰਾ ਇਨ੍ਹਾਂ ਸੰਸਕਾਰਾਂ ਦੀ ਗਿਣਤੀ 16 ਪ੍ਰਵਾਨ ਕੀਤੀ ਗਈ ਹੈ ਜਿਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ-

1. ਗਰਭਦਾਨ ਸੰਸਕਾਰ 2. ਪੁੰਸਵਨ ਸੰਸਕਾਰ 3. ਸੀਮਾਂਤੋਨਯਨ ਸੰਸਕਾਰ 4. ਜਾਤਕਰਮ ਸੰਸਕਾਰ, 5. ਨਾਮਕਰਣ ਸੰਸਕਾਰ, 6. ਨਿਸ਼ਕਰਮਣ ਸੰਸਕਾਰ, 7. ਅੰਨਪ੍ਰਾਸ਼ਣ ਸੰਸਕਾਰ, 8. ਚੂੜਾਕ੍ਰਮ ਜਾਂ ਮੁੰਡਨ ਸੰਸਕਾਰ, 9. ਕਰਣਵੇਧ ਸੰਸਕਾਰ, 10. ਵਿਦਿਆਰੰਭ ਸੰਸਕਾਰ, 11. ਉਪਨਯਨ ਸੰਸਕਾਰ, 12. ਵੇਦਾਰੰਭ ਸੰਸਕਾਰ, 13. ਕੇਸਾਂਤ ਸੰਸਕਾਰ, 14. ਸਮਾਵਰਤਨ ਸੰਸਕਾਰ, 15. ਵਿਆਹ ਸੰਸਕਾਰ 16. ਅੰਤਯੇਸਨੀਤ ਜਾਂ ਮ੍ਰਿਤਕ ਸੰਸਕਾਰ

ਇਨ੍ਹਾਂ 16 ਸੰਸਕਾਰਾਂ ਵਿਚੋਂ ਪਹਿਲੇ 7 ਸੰਸਕਾਰ ਜਨਮ ਸੰਸਕਾਰ ਨਾਲ ਸੰਬੰਧਿਤ ਹਨ। ਇਹ ਸੰਸਕਾਰ ਬੱਚੇ ਦੇ ਜਨਮ ਲੈਣ ਦੇ ਸਮੇਂ ਤੋਂ ਪਹਿਲਾਂ ਤੋਂ ਲੈ ਕੇ ਬੱਚੇ ਦੇ 7-8 ਸਾਲ ਦੀ ਉਮਰ ਤੱਕ ਨਿਭਾਏ ਜਾਂਦੇ ਹਨ। ਵਿਆਹ ਸੰਸਕਾਰ ਵਿਆਹ ਦੀ ਸੰਪੂਰਨਤਾ ਕਰਦਾ ਹੈ ਅਤੇ ਅੰਤਯੇਸ਼ਠਤਿ ਸੰਸਕਾਰ ਮ੍ਰਿਤਕ ਸੰਸਕਾਰ ਨਾਲ ਸੰਬੰਧਿਤ ਹੈ। ਇਸ ਯੂਨਿਟ ਵਿਚ 16 ਸੰਸਕਾਰਾਂ ਵਿਚੋਂ ਪਾਠਕ੍ਰਮ ਨਾਲ ਸੰਬੰਧਿਤ 4 ਪ੍ਰਮੁੱਖ ਸੰਸਕਾਰਾਂ ਅਧੀਨ ਆਉਣ ਵਾਲੇ ਸੰਸਕਾਰਾਂ ਦਾ ਵਰਣਨ ਕੀਤਾ ਜਾਵੇਗਾ। ਇਨ੍ਹਾਂ ਦਾ ਵਿਸਥਾਰਤ ਵੇਰਵਾ ਇਸ ਪ੍ਰਕਾਰ ਹੈ-

**3.3.1 ਜਨਮ ਸੰਸਕਾਰ**- ਜਨਮ ਸੰਸਕਾਰ ਮਨੁੱਖ ਦੇ ਜੀਵਨ ਦੀ ਅਰੰਭਤਾ ਨਾਲ ਸੰਬੰਧਿਤ ਸੰਸਕਾਰ ਹੈ। ਹਿੰਦੂ ਧਰਮ ਵਿਚ ਜਨਮ ਸੰਸਕਾਰ ਨਾਲ ਸੰਬੰਧਿਤ ਸੰਸਕਾਰ ਬੱਚੇ ਦੇ ਜਨਮ ਤੋਂ ਪਹਿਲਾਂ ਆਰੰਭ ਹੋ ਜਾਂਦੇ ਹਨ ਅਤੇ ਬੱਚੇ ਦੇ ਮੁੰਡਨ ਜਾਂ ਕੰਨ ਛੇਦਣ ਤੱਕ ਚਲਦੇ ਹਨ। ਇਹ ਸੰਸਕਾਰ ਇਸ ਪ੍ਰਕਾਰ ਹਨ-

**ੳ) ਗਰਭਦਾਨ ਸੰਸਕਾਰ**- ਇਹ ਸੰਸਕਾਰ ਹਿੰਦੂ ਧਰਮ ਨਾਲ ਜੀਵਨ ਦਾ ਪਹਿਲਾ ਸੰਸਕਾਰ ਹੈ ਜੋ ਦੋ ਸ਼ਬਦਾਂ ਗਰਭ+ਆਦਾਨ ਦੇ ਮੇਲ ਤੋਂ ਬਣਿਆ ਹੈ ਅਰਥਾਤ ਜਿਸ ਕਰਮ ਦੁਆਰਾ ਗਰਭ ਦਾ ਧਾਰਨ ਭਾਵ ਇਸਤਰੀ ਦੇ ਗਰਭ ਵਿਚ ਵੀਰਜ ਦਾ ਸਥਾਪਨ ਹੁੰਦਾ ਹੈ, ਉਸ ਨੂੰ ਗਰਭਦਾਨ ਸੰਸਕਾਰ ਕਹਿੰਦੇ ਹਨ। ਇਹ ਸੰਸਕਾਰ ਬੱਚੇ ਦੇ ਮਾਤਾ ਦੇ ਗਰਭ ਵਿਚ ਪ੍ਰਵੇਸ਼ ਕਰਨ ਨਾਲ ਸੰਬੰਧਿਤ ਸੰਸਕਾਰ ਹੈ। ਮਨੂ ਅਤੇ ਯਾਗਵਲਕਯ ਨੇ ਗਰਭਦਾਨ ਦਾ ਸੁਭਾਵਿਕ ਸਮਾਂ ਮਾਸਿਕ ਪ੍ਰਵਾਹ ਪੂਰਾ ਹੋਣ ਤੋਂ ਬਾਅਦ 16 ਰਾਤਾਂ ਤੱਕ ਮੰਨਿਆ ਹੈ। ਮੱਸਿਆ, ਪੂਰਨਮਾਸ਼ੀ, ਅਸ਼ਟਮੀ ਅਤੇ ਚਤੁਰਦਸ਼ੀ ਨੂੰ ਗਰਭਦਾਨ ਲਈ ਵਰਜਿਤ ਮੰਨਿਆ ਗਿਆ ਹੈ। ਰਿਗਵੇਦ, ਅਥਰਵਵੇਦ ਅਤੇ ਗ੍ਰਹਿਸੂਤਰਾਂ ਆਦਿ ਵਿਚ ਗਰਭਦਾਨ ਸੰਬੰਧੀ ਸੰਕੇਤ ਅਤੇ ਪ੍ਰਾਰਥਨਾਵਾਂ ਪ੍ਰਾਪਤ ਹੋ ਜਾਂਦੀਆਂ ਹਨ। ਸਾਂਖਜਾਨ ਗ੍ਰਹਿਸੂਤਰ ਅਨੁਸਾਰ ਵਿਆਹ ਤੋਂ ਤਿੰਨ ਰਾਤਾਂ ਉਪਰੰਤ ਚੌਥੀ ਰਾਤ ਨੂੰ ਪਤੀ ਤਿਆਰ ਕੀਤੇ ਹੋਏ ਭੋਜਨ ਦੀਆਂ ਅੱਠ ਅਹੂਤੀਆਂ ਅਗਨੀ, ਵਾਯੂ, ਸੂਰਜ, ਅਯਰਮਾ, ਵਰੁਣ, ਪੁਸ਼ਾ, ਪ੍ਰਜਾਪਤੀ ਅਤੇ ਖੁਦ ਦੁਆਰਾ ਪ੍ਰਜਵਲਿਤ ਕੀਤੀ ਅਗਨੀ ਵਿਚ ਦਿੰਦਾ ਹੈ। ਇਹ ਕਾਰਜ ਅੱਜ ਵੀ ਹੁੰਦਾ ਹੈ ਪ੍ਰੰਤੂ ਫਰਕ ਸਿਰਫ ਇਨਾਂ ਹੈ ਕਿ ਪ੍ਰਾਚੀਨ ਸਮੇਂ ਵਿਚ ਇਹ ਵਿਆਹ ਤੋਂ ਚੌਥੇ ਦਿਨ ਹੁੰਦਾ ਸੀ ਵਰਤਮਾਨ ਸਮੇਂ ਵਿਚ ਵਿਆਹ ਦੇ ਦਿਨ ਹੀ ਸੰਧੂਰਦਾਨ ਤੋਂ ਬਾਅਦ ਕੀਤਾ ਜਾਂਦਾ ਹੈ ਜਿਸ ਨੂੰ ਚਤੁਰਥੀਕਰਨ ਕਹਿੰਦੇ ਹਨ।

**ਅ) ਪੁੰਸਵਨ ਸੰਸਕਾਰ**- ਜਿਸ ਸੰਸਕਾਰ ਦੇ ਕਰਨ ਨਾਲ ਪੁਸਾਨ ਅਰਥਾਤ 'ਪੁਰਸ਼' ਸੰਤਾਨ ਦੀ ਪ੍ਰਾਪਤੀ ਹੋਵੇ ਉਸ ਨੂੰ ਪੁੰਸਵਨ ਸੰਸਕਾਰ ਕਿਹਾ ਜਾਂਦਾ ਹੈ। ਅਥਰਵਵੇਦ ਵਿਚ ਪੁੰਸਵਨ ਨਾਮ ਪ੍ਰਾਪਤ ਹੁੰਦਾ ਹੈ ਜਿਸ ਦਾ ਸ਼ਾਬਦਿਕ ਅਰਥ ਹੈ ਪੁੱਤਰ ਭਾਵ ਲੜਕੇ ਨੂੰ ਜਨਮ ਦੇਣਾ। ਗ੍ਰਹਿਸੂਤਰਾਂ ਵਿਚ ਇਸ ਸੰਸਕਾਰ ਗਰਭ ਦੇ ਦੂਸਰੇ ਜਾਂ ਤੀਸਰੇ ਮਹੀਨੇ ਕਰਨ ਦਾ ਵਿਧਾਨ ਦੱਸਿਆ ਗਿਆ ਹੈ ਜਦੋਂ ਚੰਦਰਮਾ ਕਿਸੇ ਪੁਰਸ਼ ਨਛੱਤਰ ਵਿਚ ਹੋਵੇ। ਇਸ ਸੰਸਕਾਰ ਵਿਚ ਇਸਤਰੀ ਦੇ ਨੱਕ ਦੇ ਸੱਜੇ ਛੇਦ ਵਿਚ ਬੋਹੜ ਦੇ ਰੁੱਖ ਦਾ ਰਸ ਪਾਇਆ ਜਾਂਦਾ ਸੀ ਕਿਉਂਕਿ ਬੋਹੜ ਦਾ ਰੁੱਖ ਲੰਮੇਰੀ ਉਮਰ ਵਾਲਾ ਹੁੰਦਾ ਹੈ ਅਤੇ ਇਸ ਵਿਚ ਤ੍ਰਿਦੇਵ ਦਾ ਵਾਸਾ ਮੰਨਿਆ ਜਾਂਦਾ ਹੈ। ਆਸ਼ਵਲਾਯਨ ਗ੍ਰਹਿਸੂਤਰ ਅਨੁਸਾਰ ਇਸ ਸੰਸਕਾਰ ਦੀ ਵਿਧੀ ਇਸ ਪ੍ਰਕਾਰ ਹੈ- ਗਰਭ ਦੇ ਤੀਜੇ ਮਹੀਨੇ ਪੁਰਸ਼ ਨਛੱਤਰ ਦੇ ਦਿਨ ਇਸਤਰੀ ਦੁਆਰਾ ਵਰਤ ਰੱਖਣ ਉਪਰੰਤ ਆਪਣੇ ਸਮਾਨ ਰੰਗ ਦੀ ਵੱਛੀ ਵਾਲੀ ਗਾਂ ਦੇ ਦਹੀਂ ਵਿਚ ਦੋ ਕਣ ਉੜਦ ਅਤੇ ਇਕ ਕਣ ਜੌਂ ਦਾ ਲੈ ਲੈਣਾ ਚਾਹੀਦਾ। ਇਹ ਪੁੱਛਣ ਤੇ ਕਿ 'ਤੂੰ ਕੀ ਪੀ ਰਹੀ ਹੈ'? ਇਸਤਰੀ ਬੋਲੇਗੀ – ਪੁੰਸਵਨ (ਪੁੱਤਰ ਦੀ ਉਤਪਤੀ) । ਇਸੇ ਪ੍ਰਕਾਰ ਦਹੀਂ ਦੋ ਸੇਮ ਅਤੇ ਇਕ ਜੌਂ ਦੇ ਦਾਣੇ ਨਾਲ ਇਹ ਕਿਰਿਆ ਤਿੰਨ ਵਾਰ ਕਰਨੀ ਹੈ।

**ੲ) ਸੀਮੰਤੋਨਯਨ ਸੰਸਕਾਰ**- ਇਸ ਸ਼ਬਦ ਦਾ ਭਾਵ ਇਸਤਰੀ ਦੇ ਵਾਲਾਂ ਨੂੰ ਉੱਪਰ ਵੱਲ ਵਿਭਾਜਿਤ ਕਰਨ ਤੋਂ ਹੈ। ਗੋਭਿਲਗ੍ਰਹਿ ਸੂਤਰ ਦੇ ਅਨੁਸਾਰ ਇਹ ਸੰਸਕਾਰ ਗਰਭ ਦੇ ਚੌਥੇ, ਛੇਵੇਂ ਜਾਂ ਅੱਠਵੇਂ ਮਹੀਨੇ ਤੱਕ ਕੀਤਾ ਜਾ ਸਕਦਾ ਹੈ।

ਬੌਧਾਯਨ ਗ੍ਰਹਿਸੂਤਰ ਅਨੁਸਾਰ ਗਰਭ ਦੇ ਤੀਜੇ ਮਹੀਨੇ ਤੋਂ ਲੈ ਕੇ ਅੱਠਵੇਂ ਮਹੀਨੇ ਤੱਕ ਜਿਸ ਮਹੀਨੇ, ਦਾ ਸੁਆਮੀ ਬਲਵਾਨ ਹੋਵੇ ਇਸ ਮਹੀਨੇ ਵਿਚ ਸੀਮੰਤੋਨਯਨ ਸੰਸਕਾਰ ਕਰਨਾ ਚਾਹੀਦਾ ਹੈ।

ਇਹ ਸੰਸਕਾਰ ਮਾਤਪੂਜਨ, ਨਾਂਦੀਸਰਾਧ ਅਤੇ ਪ੍ਰਜਾਪਤਯ ਆਹੂਤੀ ਤੋਂ ਬਾਅਦ ਆਰੰਭ ਕਰਨ ਦਾ ਵਿਧਾਨ ਹੈ। ਨਾਂਦੀਮੁਖ ਵਿਚ ਦਾਦੇ ਦੀਆਂ ਤਿੰਨ ਪੀੜ੍ਹੀਆਂ ਤੱਕ ਦੇ ਪੂਰਵਜਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਆਸ਼ਵਲਾਯਨ ਗ੍ਰਹਿਸੂਤਰ ਵਿਚ ਇਸ ਸੰਸਕਾਰ ਦੀ ਵਿਧੀ ਇਸ ਪ੍ਰਕਾਰ ਹੈ- ਪਤਿ ਤਿਲ ਅਤੇ ਮੂੰਗੀ ਦੇ ਮਿਲੇ ਹੋਏ ਮਿਸ਼ਰਣ ਨੂੰ ਪਕਾ ਕੇ ਪ੍ਰਜਾਪਤਿ ਨੂੰ ਆਹੂਤੀ ਦੇ ਕੇ, ਪੀੜ੍ਹੀ ਤੇ ਬੈਠੀ ਇਸਤਰੀ ਦੀ ਮਾਂਗ ਨੂੰ ਦੋ ਕੱਚੇ ਗੂਲਰ ਦੇ ਫੁੱਲ, ਤਿੰਨ ਕੁਸ਼ ਦੀਆਂ ਰਸੀਆਂ ਨਾਲ ਤਿੰਨ ਥਾਵਾਂ ’ਤੇ ਸਫੈਦ ਦਾਗ ਵਾਲੇ ਸਾਹੀ ਦੇ ਕੰਡਿਆਂ ਨਾਲ ਪਿੱਪਲ ਦੇ ਖੂੰਟੇ ਅਤੇ ਸੂਤ ਦੇ ਟਕੂਏ ਨਾਲ ਮੰਤਰਾਂ ਰਾਹੀਂ ਇਸਤਰੀ ਦੀ ਮਾਂਗ ਨੂੰ ਭਰਦਾ ਹੈ। ਇਸ ਤੋਂ ਬਾਅਦ ਉਹ ਇਸਤਰੀ ਦੇ ਇਸ ਰੁੱਖ ਸਮਾਨ ਹੀ ਊਰਜਾ ਭਰਪੂਰ ਅਤੇ ਫਲਵਤੀ ਹੋਣ ਦੀ ਪ੍ਰਾਰਥਨਾ ਕਰਦਾ ਹੈ।

**ਸ) ਜਾਤਕ੍ਰਮ ਸੰਸਕਾਰ**- ਇਹ ਸੰਸਕਾਰ ਬੱਚੇ ਦੇ ਜਨਮ ਲੈਣ ਤੋਂ ਬਾਅਦ ਉਸ ਦੇ ਪਿਤਾ ਦੁਆਰਾ ਨਿਭਾਇਆ ਜਾਣ ਵਾਲਾ ਸੰਸਕਾਰ ਹੈ। ਵਿਸ਼ਨੂੰ ਪੁਰਾਣ ਵਿਚ ਬੱਚੇ ਦੇ ਜਨਮ ਸਮੇਂ ਇਸ ਸੰਸਕਾਰ ਨੂੰ ਕਰਨ ਸੰਬੰਧੀ ਕਿਹਾ ਗਿਆ ਹੈ। ਇਸ ਸੰਸਕਾਰ ਦੀ ਵਿਧੀ ਅਨੁਸਾਰ ਇਹ ਸੰਸਕਾਰ ਨਲੀ ਕੱਟਣ ਤੋਂ ਪਹਿਲਾਂ ਕਰਨਾ ਚਾਹੀਦਾ ਹੈ। ਬ੍ਰਹਦਾਨਯਕ ਉਪਨਿਸ਼ਦ ਵਿਚ ਉਲੇਖ ਮਿਲਦਾ ਹੈ ਕਿ ਪੁੱਤਰ ਪ੍ਰਾਪਤੀ ਤੋਂ ਸਮੇਂ ਅਗਨੀ ਪ੍ਰਜਵਲਿਤ ਕਰ ਕੇ ਬੱਚੇ ਨੂੰ ਕਿਸੇ ਦੀ ਗੋਦ ਵਿਚ ਰੱਖਣ ਤੋਂ ਬਾਅਦ ਘਿਓ ਅਤੇ ਦਹੀਂ ਮਿਲਾ ਕੇ ਕਾਂਸੇ ਦੇ ਭਾਂਡੇ ਵਿਚ ਰੱਖਣ ਤੋਂ ਬਾਅਦ ਪਿਤਾ ਦੁਆਰਾ ਬੱਚੇ ਦੀ ਨਿਰਵਿਘਨ ਪਾਲਣਾ ਵਾਲੇ ਵਾਕ ਅਗਨੀ ਦੇਵਤਾ ਨੂੰ ਸੰਬੋਧਿਤ ਹੋ ਕੇ ਪ੍ਰਾਰਥਨਾ ਕਰਨੀ ਚਾਹੀਦੀ ਹੈ। ਇਸ ਪ੍ਰਾਰਥਨਾ ਤੋਂ ਬਾਅਦ ਪਿਤਾ ਆਪਣੇ ਮੂੰਹ ਨੂੰ ਬੱਚੇ ਦੇ ਖੱਬੇ ਕੰਨ ਵਾਲੇ ਪਾਸੇ ਕਰਕੇ ‘ਵਾਕ’ਸ਼ਬਦ ਬੋਲਦਾ ਹੈ। ਉਦੋਂ ਉਹ ਦਹੀਂ, ਘਿਓ ਅਤੇ ਸ਼ਹਿਦ ਮਿਲਾ ਕੇ ਸੋਨੇ ਦੇ ਚਮਚੇ ਰਾਹੀਂ ਬੱਚੇ ਨੂੰ ਚਟਾਉਂਦਾ ਹੈ ਅਤੇ ਮੰਤਰਾਂ ਦਾ ਉਚਾਰਣ ਕਰਦਾ ਹੈ।

**ਹ) ਨਾਮਕਰਣ ਸੰਸਕਾਰ**- ਨਾਮਕਰਣ ਸੰਸਕਾਰ ਨਵ ਜਨਮੇ ਬੱਚੇ ਦੇ ਨਾਮ ਰੱਖਣ ਨਾਲ ਸੰਬੰਧਿਤ ਹੈ ਜਿਸ ਵਿਚ ਬੱਚੇ ਦਾ ਨਾਮ ਰੱਖਿਆ ਜਾਂਦਾ ਹੈ। ਰਿਗਵੇਦ ਵਿਚ ਯੱਗ ਤੋਂ ਬਾਅਦ ਬੱਚੇ ਦਾ ਨਾਮ ਰੱਖਣ ਸੰਬੰਧੀ ਵਿਚਾਰ ਹੈ। ਆਸ਼ਵਲਾਯਨ ਗ੍ਰਹਿਸੂਤਰ ਆਨੁਸਾਰ ਬੱਚੇ ਦਾ ਨਾਮਕਰਣ ਜਨਮ ਤੋਂ ਦਸਵੇਂ ਦਿਨ ਕਰਨਾ ਚਾਹੀਦਾ ਹੈ। ਮਾਯਨ ਅਨੁਸਾਰ ਚਾਰ ਨਾਮ ਹੁੰਦੇ ਹਨ- ਨਛੱਤਰ ਨਾਮ (ਬੱਚੇ ਦੇ ਜਨਮ ਦਾ ਨਛੱਤਰ), ਗੁਪਤਨਾਮ, ਪ੍ਰਸਿੱਧ ਨਾਮ ਅਤੇ ਯੱਗ ਪੂਰਾ ਕਰਨ ਤੋਂ ਬਾਅਦ ਰੱਖਿਆ ਗਿਆ ਨਾਮ। ਨਾਮਕਰਣ ਸੰਸਕਾਰ ਦੀ ਵਿਧੀ ਸੰਬੰਧੀ ਵਿਸ਼ਨੂੰ ਪੁਰਾਣ ਦਾ ਕਥਨ ਹੈ ਕਿ ਇਸ ਸੰਸਕਾਰ ਦੇ ਮੌਕੇ ਤੇ ਨਾਂਦੀਮੁਖ ਨਾਮਕ ਪਿਤਰਾਂ ਦੀ ਪੂਜਾ ਕਰਨੀ ਚਾਹੀਦੀ ਹੈ। ਗੋਭਿਲਗ੍ਰਹਿਸੂਤਰ ਦਾ ਨਿਰਦੇਸ਼ ਹੈ ਪਿਤਾ ਬੱਚੇ ਦੀ ਜਨਮ ਤਰੀਕ ਅਤੇ ਨਛੱਤਰਾਂ ਨੂੰ ਆਹੂਤੀਆਂ ਪ੍ਰਦਾਨ ਕਰਦਾ ਹੈ।

ਬੱਚੇ ਦਾ ਨਾਮ ਉਚਾਰਣ ਕਰਨ ਤੋਂ ਪਹਿਲਾਂ ਉਸਦੀਆਂ ਗਿਆਨ ਇੰਦਰੀਆਂ ਨੂੰ ਸਪਰਸ਼ ਕਰਦੇ ਹੋਏ ਗੋਭਿਲ ਗ੍ਰਹਿ ਸੂਤਰ ਦੇ ਮੰਤਰ ਦਾ ਉਚਾਰਣ ਕਰਨਾ ਚਾਹੀਦਾ ਹੈ।

ਪਤੰਜਲੀ ਲਿਖਦਾ ਹੈ ਕਿ ਜੋ ਨਾਮ ਦੁਸ਼ਮਣਾਂ ਦਾ ਹੋਵੇ , ਉਹ ਨਾਮ ਬਚੇ ਦਾ ਨਹੀਂ ਹੋਣਾ ਚਾਹੀਦਾ ਕਿਉਂਕਿ ਦੁਸ਼ਮਣ ਦੇ ਨਾਮ ਦੇ ਪ੍ਰਭਾਵ ਕਾਰਨ ਬੱਚੇ ਵਿੱਚ ਵੀ ਆਪਣੇ ਮਾਤਾ ਪਿਤਾ ਲਈ ਦੁਸ਼ਮਣੀ ਦਾ ਭਾਵ ਆਉਣਾ ਸੰਭਵ ਹੈ। ਹਿੰਦੂ ਧਰਮ ਵਿੱਚ ਬੱਚੇ ਦੇ ਨਾਮ ਬਹੁਤਾਤ ਰੂਪ ਵਿਚ ਧਾਰਮਿਕ ਭਾਵ ਪ੍ਰਗਟ ਕਰਨ ਵਾਲੇ ਜਾਂ ਕਿਸੇ ਵਿਸ਼ੇਸ਼ ਗੁਣ ਨੂੰ ਪ੍ਰਗਟ ਕਰਨ ਵਾਲੇ ਰੱਖੇ ਜਾਂਦੇ ਹਨ ਕਿਉਂਕਿ ਇਹ ਮੰਨਿਆ ਜਾਂਦਾ ਹੈ ਕਿ ਨਾਮਾਂ ਦਾ ਮਨੋਵਿਗਆਨਕ ਪ੍ਰਭਾਵ ਵੀ ਬੱਚੇ ਤੇ ਪੈਂਦਾ ਹੈ।

**(ਕ) ਨਿਸ਼ਕਰਮਣ ਸੰਸਕਾਰ** "ਨਿਸ਼ਕਰਮਣ ਸੰਸਕਾਰ ਦਾ ਅਰਥ ਬੱਚੇ ਨੂੰ ਜਣੇਪਾ ਘਰ ਤੋਂ ਬਾਹਰ ਲੈ ਜਾਣਾ ਹੈ, ਭਾਵ ਬਾਹਰੀ ਮਾਹੌਲ ਵੱਲ।" ਪਾਰਸਕਰਗ੍ਰਹਿਸੂਤਰ ਵਿੱਚ ਦੱਸਿਆ ਗਿਆ ਹੈ ਕਿ ਪਿਤਾ ਬੱਚੇ ਨੂੰ ਬਾਹਰ ਲੈ ਜਾਂਦਾ ਹੈ ਅਤੇ ਮੰਤਰਾਂ ਦਾ ਜਾਪ ਕਰਦੇ ਹੋਏ ਉਸਨੂੰ ਸੂਰਜ ਦੇ ਦਰਸ਼ਨ ਕਰਵਾਉਂਦਾ ਹੈ।

ਪ੍ਰਾਚੀਨ ਸਮੇਂ ਵਿਚ ਸੂਰਜ ਦਰਸ਼ਨ ਸੰਸਕਾਰ ਵਾਲੇ ਦਿਨ ਬੱਚੇ ਦੀ ਮਾਂ ਘਰ ਦੇ ਵਿਹੜੇ ਜਾਂ ਘਰ ਦੇ ਉਸ ਸਥਾਨ ਨੂੰ, ਜਿੱਥੇ ਸੂਰਜ ਦੀ ਰੌਸ਼ਨੀ ਪੂਰੀ ਤਰ੍ਹਾਂ ਪਹੁੰਚਦੀ ਹੋਵੇ, ਉੱਥੇ ਗੋਬਰ ਅਤੇ ਮਿੱਟੀ ਨਾਲ 'ਓਮ' ਅਤੇ 'ਸਵਾਸਤਿਕ' ਵਰਗੇ ਸ਼ੁਭ ਚਿੰਨ੍ਹ ਬਣਾ ਕੇ ਝੋਨੇ ਦਾ ਲਾਵੇ ਨੂੰ ਖਿਲਾਰ ਦਿੰਦੀ ਸੀ। ਮੰਗਲ ਸੂਚਕ ਹੋਣ ਕਾਰਨ ਝੋਨੇ ਦੇ ਲਾਵੇ ਨੂੰ ਖਿਲਾਰ ਕੇ ਉਥੇ ਬੱਚੇ ਨੂੰ ਲਿਆਂਦਾ ਜਾਂਦਾ। ਇਸ ਤੋਂ ਬਾਅਦ ਪਿਤਾ ਵੱਲੋਂ ਬੱਚੇ ਨੂੰ ਸੂਰਜਦਰਸ਼ਨ ਕਰਵਾਇਆ ਜਾਂਦਾ। ਅਸਲ ਵਿੱਚ, ਇਹ ਸੰਸਕਾਰ ਮਾਤਾ-ਪਿਤਾ ਵੱਲੋਂ ਬੱਚੇ ਨੂੰ ਬਾਹਰੀ ਕੁਦਰਤੀ ਅਤੇ ਗੈਰ-ਕੁਦਰਤੀ ਸੰਕਕਟਾਂ ਤੋਂ ਸੁਰੱਖਿਅਤ ਰੱਖਣ ਦੇ ਯਤਨਾਂ ਲਈ ਦੇਵੀ ਦੇਵਤਾਵਾਂ ਦੀ ਪੂਜਾ ਕਰਨ ਦੀ ਵਿਧੀ ਹੈ।

**(ਖ) ਅੰਨਪ੍ਰਾਸ਼ਨ ਸੰਸਕਾਰ**- ਇਹ ਤਿੰਨ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ- ਅੰਨਾ+ਪ੍ਰਾ+ਆਸਨ = ਅੰਨਪ੍ਰਾਸ਼ਨ।"। ਅੰਨ ਦਾ ਅਰਥ ਹੈ ਪਕਾਇਆ ਹੋਇਆ ਅੰਨ (ਪਕਾਇਆ ਹੋਇਆ ਖਾਧ ਪਦਾਰਥ), ਪ੍ਰਾ ਦਾ ਅਰਥ ਹੈ ਵਿਸ਼ੇਸ਼ ਅਤੇ ਆਸਣ ਦਾ ਅਰਥ ਹੈ ਭੋਜਨ ਜਾਂ ਖਾਣਾ। ਆਮ ਤੌਰ 'ਤੇ ਹਰ ਵਿਅਕਤੀ ਆਪਣੇ ਸਮੇਂ ਅਨੁਸਾਰ ਭੋਜਨ ਗ੍ਰਹਿਣ ਕਰਦਾ ਹੈ, ਪਰ ਨਵਜੰਮੇ ਬੱਚੇ ਲਈ ਉਸ ਨੂੰ ਖਾਸ ਮਹੀਨੇ, ਦਿਨ, ਤਰੀਕ ਅਤੇ ਸਮੇਂ ਅਨੁਸਾਰ ਭੋਜਨ ਗ੍ਰਹਿਣ ਕਰਵਾਇਆ ਜਾਂਦਾ ਹੈ। ਇਸ ਲਈ ਇਸ ਨੂੰ ਅੰਨਪ੍ਰਾਸ਼ਨ ਕਿਹਾ ਜਾਂਦਾ ਹੈ। ਇਸ ਸੰਸਕਾਰ ਲਈ ਪੁਰਵ ਫਲਗੁਨੀ, ਪੂਰਵ ਹਾੜ, ਪੂਰਵ ਭਾਦਰੋਂ ਪਦ,  ਭਰਣੀ ਅਤੇ ਰੇਵਤੀ ਨਛੱਤਰ, ਮੰਗਲਵਾਰ, ਸ਼ਨੀਵਾਰ ਵਰਗੇ ਦਿਨ, ਦ੍ਵਾਦਸ਼ੀ ਅਤੇ ਸਪਤਮੀ ਆਦਿ ਤਿਥਾਂ ਵਰਜਿਤ ਹਨ। ਇਸ ਤੋਂ ਇਲਾਵਾ ਅੰਨਪ੍ਰਾਸ਼ਨ ਸੰਸਕਾਰ ਲਈ ਹੋਰ ਨਛੱਤਰ, ਤਾਰੀਖਾਂ ਅਤੇ ਦਿਨ ਸ਼ੁਭ ਮੰਨੇ ਜਾਂਦੇ ਹਨ। ਪਾਰਸਕਰਗ੍ਰਹਿਸੂਤਰ ਦੇ ਅਨੁਸਾਰ, ਇਹ ਸੰਸਕਾਰ ਜਨਮ ਤੋਂ ਛੇਵੇਂ, ਅੱਠਵੇਂ, ਨੌਵੇਂ, ਦਸਵੇਂ ਮਹੀਨੇ ਜਾਂ ਇੱਕ ਸਾਲ ਪੂਰਾ ਹੋਣ 'ਤੇ ਵੀ ਕੀਤਾ ਜਾ ਸਕਦਾ ਹੈ।

ਅਸ਼ਵਲਾਯਨ ਗ੍ਰਹਿਸੂਤਰ ਵਿੱਚ ਦੱਸਿਆ ਗਿਆ ਹੈ ਕਿ ਬੱਚੇ ਨੂੰ ਤੇਜ ਬੁੱਧੀ ਬਣਾਉਣ ਲਈ ਉਸ ਨੂੰ ਘਿਓ ਨਾਲ ਭਰੇ ਚੌਲ ਖੁਆਏ ਜਾਣੇ ਚਾਹੀਦੇ ਹਨ। ਇਸ ਰਸਮ ਵਿੱਚ ਵਾਗਦੇਵਤਾ (ਸਰਸਵਤੀ ਦੇਵੀ) ਨੂੰ ਤਿਆਰ ਕੀਤੇ ਹੋਏ ਭੋਜਨ ਪਦਾਰਥ ਭੇਟ ਕੀਤੇ ਜਾਂਦੇ ਹਨ ਅਤੇ ਬੱਚੇ ਦੀਆਂ ਸਾਰੀਆਂ ਇੰਦਰੀਆਂ ਦੀ ਸੁਚੇਤਤਾ ਲਈ ਪ੍ਰਾਰਥਨਾ ਕੀਤੀ ਜਾਂਦੀ

ਹੈ। ਅੰਤ ਵਿੱਚ ਪਿਤਾ ਦੁਆਰਾ ਬੱਚੇ ਨੂੰ ਭੋਜਨ ਖਵਾਇਆ ਜਾਂਦਾ ਹੈ ਅਤੇ ਇਸ ਦੇ ਨਾਲ ਬ੍ਰਾਹਮਣ ਵਿਦਵਾਨ ਵੀ ਭੋਜਨ ਗ੍ਰਹਿਣ ਕਰਦੇ ਹਨ।

**ਗ) ਚੂੜਾ ਕਰਮ ਜਾਂ ਮੁੰਡਨ ਸੰਸਕਾਰ** - ਇਹ ਸੰਸਕਾਰ ਬੱਚੇ ਦੇ ਜਨਮ ਵਾਲੇ ਸਿਰ ਦੇ ਵਾਲਾਂ ਨੂੰ ਉਤਾਰਨ ਨਾਲ ਸੰਬੰਧਿਤ ਹੈ ਜਿਸ ਵਿਚ ਵੈਦਿਕ ਵਿਧੀ ਅਨੁਸਾਰ ਬੱਚੇ ਦੇ ਪਹਿਲੇ , ਤੀਜੇ ਅਤੇ ਪੰਜਵੇਂ ਸਾਲ ਵਿੱਚ ਸ਼ੁਭ ਮਹੂਰਤ ਅਨੁਸਾਰ ਮੁੰਡਨ ਕਰਨ ਦਾ ਵਿਧਾਨ ਹੈ। ਜੇਕਰ ਪੰਜ ਸਾਲਾਂ ਤੱਕ ਕਿਸੇ ਕਾਰਨ ਕਰਕੇ ਮੁੰਡਨ ਨਾ ਕਰਵਾਇਆ ਜਾ ਸਕੇ ਤਾਂ ਬਿਨਾਂ ਮਹੂਰਤ ਦੇ ਕਿਸੇ ਵੀ ਸ਼ੁਭ ਦਿਨ ਮੁੰਡਨ ਕਰਵਾਇਆ ਜਾ ਸਕਦਾ ਹੈ। ਮਨੂ ਸਿਮਰਤੀ ਦੇ ਅਨੁਸਾਰ ਸਾਰੀਆਂ ਬ੍ਰਾਹਮਣ ਜਾਤੀਆਂ ਦਾ ਮੁੰਡਨ ਪਹਿਲੇ ਜਾਂ ਤੀਜੇ ਸਾਲ ਵਿੱਚ ਹੋਣਾ ਚਾਹੀਦਾ ਹੈ।

ਅਸ਼ਵਲਾਯਨ ਗ੍ਰਹਿਸੂਤਰ ਅਨੁਸਾਰ ਇਸ ਸੰਸਕਾਰ ਸੰਬੰਦੀ ਇਕ ਬਹੁਵਿਵਸਥਿਤ ਵਿਕਲਪ ਇਹ ਵੀ ਹੈ ਕਿ ਅਨੇਕਾਂ ਕੁੱਲਾਂ ਵਿਚ ਉਪਨਯਨ ਸੰਸਕਾਰ ਦੇ ਨਾਲ ਸੰਸਕਾਰ ਤੋਂ ਪਹਿਲਾਂ ਇਹ ਸੰਸਕਾਰ ਕੀਤਾ ਜਾਂਦਾ ਹੈ। ਧਰਮ ਸ਼ਾਸਤਰਾਂ ਦੇ ਅਨੁਸਾਰ ਸੂਰਜ ਦੇ ਉਤਰਾਜਨ ਨੂੰ 14 ਜਨਵਰੀ ਤੋਂ 14 ਜੁਲਾਈ ਵਾਲੇ ਸਮੇਂ ਨੂੰ ਇਸ ਸੰਸਕਾਰ ਲਈ ਸ਼ੁੱਭ ਮੰਨਿਆ ਗਿਆ ਹੈ। ਥਿਤੀ ਅਨੁਸਾਰ ਚਾਨਣ ਪੱਖ ਦਾ ਸਮਾਂ (ਸ਼ੁਕਲ ਪੱਖ) ਮੁੰਡਨ ਲਈ ਸ਼ੁੱਭ ਹੈ। ਐਤਵਾਰ, ਮੰਗਲਵਾਰ, ਅਤੇ ਸ਼ਨੀਵਾਰ ਦਾ ਸਮਾਂ ਮੁੰਡਨ ਕਰਨ ਲੀ ਵਰਜਿਤ ਹੈ।

ਮੁੰਡਨ ਸੰਸਕਾਰ ਦੌਰਾਨ ਬੱਚੇ ਦੇ ਵਾਲ ਕੱਟਣ ਦੇ ਨਾਲ ਹੀ ਹੋਮ, ਬ੍ਰਾਹਮਣ ਭੋਜਨ ਅਤੇ ਦਕਸ਼ਣਾ ਦਾਨ ਆਦਿਕ ਅਨੇਕ ਕਰਮ ਕਾਂਡ ਹੁੰਦੇ ਹਨ। ਕੱਟੇ ਹੋਏ ਵਾਲ ਗੋਬਰ ਵਿਚ ਰੱਖ ਕੇ ਗੱਡ ਦੇਣੇ ਚਾਹੀਦੇ ਹਨ ਭਾਵ ਇਸ ਪ੍ਰਕਾਰ ਰੱਖਣੇ ਚਾਹੀਦੇ ਹਨ ਕਿ ਕੋਈ ਇਸ ਨੂੰ ਪ੍ਰਾਪਤ ਨਾ ਕਰ ਸਕੇ। ਕੁਝ ਗ੍ਰੰਥਾਂ ਵਿਚ ਕੱਟੇ ਹੋਏ ਵਾਲਾਂ ਨੂੰ ਬਲਦ ਦੇ ਗੋਬਰ ਵਿਚ ਰੱਖ ਕੇ ਗਊਸ਼ਾਲਾ ਵਿਚ ਦੱਬ ਦੇਣ ਦਾ ਵਿਧਾਨ ਦੱਸਿਆ ਗਿਆ ਹੈ। ਕਈ ਥਾਵਾਂ ’ਤੇ ਆਪਣੀ ਮੰਨਤ ਅਨੁਸਾਰ ਬਹੁਤ ਸਾਰੇ ਲੋਕ ਕਿਸੇ ਵਿਸ਼ੇਸ਼ ਮੰਦਰ ਜਾਂ ਕਿਸੇ ਤੀਰਥ ਸਥਾਨ ’ਤੇ ਪਵਿੱਤਰ ਨਦੀ ਦੇ ਕਿਨਾਰੇ ਮੁੰਡਨ ਕਰਵਾਉਂਦੇ ਹਨ।

**ਘ) ਕਰਣਵੇਧ ਸੰਸਕਾਰ**- ਹਿੰਦੂ ਧਰਮ ਅਨੁਸਾਰ ਬੱਚੇ ਦੀ ਸੁੰਦਰਤਾ ਅਤੇ ਸ਼ਿੰਗਾਰ ਲਈ ਕੰਨ ਵਿੰਨਣ ਵਾਲੇ ਸੰਸਕਾਰ ਨੂੰ ਕਰਣਵੇਧ ਸੰਸਕਾਰ ਕਿਹਾ ਜਾਂਦਾ ਹੈ। ਇਹਿੰਦੂ ਧਰਮ ਗ੍ਰੰਥਾਂ ਵਿਚ ਬੱਚੇ ਦੇ 6ਵੇਂ ਜਾਂ 7ਵੇਂ ਮਹੀਨੇ ਤੋਂ ਲੈ ਕੇ 7 ਸਾਲ ਦੀ ਉਮਰ ਤੱਕ ਇਸ ਸੰਸਕਾਰ ਨੂੰ ਕਰਵਾਉਣ ਬਾਰੇ ਨਿਰਦੇਸ ਪ੍ਰਾਪਤ ਹੁੰਦੇ ਹਨ। ਹਿੰਦੂ  ਵਿਸ਼ਵਾਸ ਅਨੁਸਾਰ ਜਿਸ ਵਿਅਕਤੀ ਦਾ ਕਰਣਵੇਧ ਸੰਸਕਾਰ ਨਾ ਕੀਤਾ ਗਿਆ ਹੋਵੇ, ਉਹ ਆਪਣੇ ਰਿਸ਼ਤੇਦਾਰਾਂ ਦੇ ਅੰਤਮ ਸੰਸਕਾਰ ਦਾ ਅਧਿਕਾਰੀ ਨਹੀਂ ਹੁੰਦਾ ਹੈ। ਬੱਚੇ ਦੀ ਬੌਧਿਕ ਉੱਨਤੀ ਅਤੇ ਵਿਦਿਅਕ ਵਿਕਾਸ ਲਈ ਹਿੰਦੂ ਧਰਮ ਵਿਚ ਇਹ ਸੰਸਕਾਰ ਕਰਵਾਇਆ ਜਾਂਦਾ ਹੈ।

ਇਸ ਸੰਸਕਾਰ ਲਈ ਸ਼ੁੱਭ ਮਹੂਰਤ ਦਾ ਹੋਣਾ ਬਹੁਤ ਜ਼ਰੂਰੀ ਹੈ। ਕਿਸੇ ਪਵਿੱਤਰ ਸਥਾਨ ਤੇ ਉਸ ਸੰਸਕਾਰ ਨੂੰ ਨਿਭਾਇਆ ਜਾਂਦਾ ਹੈ। ਦੇਵੀ-ਦੇਵਤਿਆਂ ਦਾ ਪੂਜਣ ਕਰਨ ਤੋਂ ਬਾਅਦ ਸੂਰਜ ਵੱਲ ਮੂੰਹ ਕਰ ਕੇ ਬੈਠਿਆ ਜਾਂਦਾ ਹੈ।

ਹੱਥ ਵਿਚ ਚਾਂਦੀ, ਸੋਨੇ ਜਾਂ ਲੋਹੇ ਦੀ ਸੂਈ ਲੈ ਕੇ ਬੱਚੇ ਦੇ ਕੰਨ ਵਿਚ ਮੰਤਰ ਬੋਲਦੇ ਹੋਏ ਲੜਕੇ ਦੇ ਪਹਿਲਾਂ ਸੱਜੇ ਕੰਨ ਅਤੇ ਫਿਰ ਖੱਬੇ ਕੰਨ ਵਿੰਨ ਕੇ ਸੋਨੇ ਦਾ ਕੁੰਡਲ ਜਾਂ ਗਹਿਣਾ ਪਹਿਣਾਇਆ ਜਾਂਦਾ ਹੈ। ਲੜਕੀ ਦਾ ਕਰਣਵੇਧ ਪਹਿਲਾਂ ਖੱਬੇ ਕੰਨ ਅਤੇ ਫਿਰ ਸੱਜੇ ਕੰਨ ਵਿਚ ਕੀਤਾ ਜਾਂਦਾ ਹੈ। ਮੌਜੂਦਾ ਸਮੇਂ ਵਿਚ ਇਹ ਸੰਸਕਾਰ ਕੇਵਲ ਲੜਕੀ ਦਾ ਹੀ ਕੀਤਾ ਜਾਂਦਾ ਹੈ।

**3.3.2 ਧਰਮ ਪ੍ਰਵੇਸ਼ ਸੰਸਕਾਰ (ਉਪਨਯਨ ਜਾਂ ਯਗੋਪਵੀਤ ਸੰਸਕਾਰ)**- ਹਿੰਦੂ ਧਰਮ ਵਿਚ ਗੈਰ ਧਰਮੀ ਲਈ ਪ੍ਰਵੇਸ਼ 'ਸ਼ੁੱਧੀਕਰਨ' ਰਾਹੀਂ ਕੀਤਾ ਜਾਂਦਾ ਹੈ ਪ੍ਰੰਤੂ ਹਿੰਦੂ ਧਰਮ ਵਿਚ ਜਨਮ ਲੈਣ ਵਾਲੇ ਬੱਚੇ ਨੂੰ ਸ਼ਾਸਤਰਾਂ ਦੀ ਵਿਧੀ ਅਨੁਸਾਰ ਨਿਸ਼ਚਿਤ ਉਮਰ ਵਿਚ ਜਨੇਊ ਧਾਰਨ ਕਰਵਾਇਆ ਜਾਂਦਾ ਹੈ ਜਿਸ ਨੂੰ ਅਸੀਂ ਉਸ ਬੱਚੇ ਦਾ ਵਿਧੀਵਤ ਢੰਗ ਰਾਹੀਂ ਹਿੰਦੂ ਧਰਮ ਵਿਚ ਪ੍ਰਵੇਸ਼ ਮੰਨਿਆ ਜਾ ਸਕਦਾ ਹੈ। 'ਉਪਨਯਨ' ਸ਼ਬਦ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ – ਉਪ+ਨਯਨ। ਉਪ ਦਾ ਅਰਥ ਹੈ ਨੇੜੇ ਅਤੇ ਨਯਨ ਦਾ ਅਰਥ ਹੈ – ਲੈ ਕੇ ਜਾਣਾ। ਅਰਥਾਤ ਗਿਆਨ ਅਤੇ ਬ੍ਰਹਮ ਦੀ ਪ੍ਰਾਪਤੀ ਲਈ ਗੁਰੂ ਦੇ ਨੇੜੇ ਲੈ ਜਾਣਾ। ਅਗਨੀ ਦੇ ਨਜ਼ਦੀਕ ਪਹੁੰਚ ਕੇ (ਬੈਠ ਕੇ) ਪਰਮ ਤੱਤ ਤੱਕ ਪਹੁੰਚਾਉਣ ਵਾਲਾ ਸੰਸਕਾਰ ਉਪਨਯਨ ਸੰਸਕਾਰ ਹੈ।

ਪਾਰਸਨਰ ਗ੍ਰਹਿਸੂਤਕਰ, ਆਪਸਤੰਧ ਗ੍ਰਹਿਸੂਤਰ, ਮਨੂ ਸਮ੍ਰਿਤੀ ਅਨੁਸਾਰ ਬ੍ਰਾਹਮਣ ਬੱਚੇ ਦੇ ਅੱਠਵੇਂ ਸਾਲ, ਕਸ਼ੱਤਰੀ ਬੱਚੇ ਦਾ ਗਿਆਰਵੇਂ ਸਾਲ ਅਤੇ ਵੈਸ਼ ਬੱਚੇ ਦਾ ਬਾਰ੍ਹਵੇਂ ਸਾਲ ਵਿਚ ਉਪਨਯਨ ਸੰਸਕਾਰ ਹੋਣਾ ਚਾਹੀਦਾ ਹੈ। ਇਸੇ ਪ੍ਰਕਾਰ ਬ੍ਰਾਹਮਣ ਬੱਚੇ ਦੇ ਬਸੰਤ ਰੁੱਤ ਵਿਚ, ਕਸ਼ੱਤਰੀ ਦਾ ਗਰਮੀ ਦੀ ਰੁੱਤ ਵਿਚ ਅਤੇ ਵੈਸ਼ ਦਾ ਸਰਦ ਰੁ੫ਤ ਵਿਚ ਉਪਨਯਨ ਕਰਨ ਦਾ ਵਿਧਾਨ ਹੈ।

ਸ਼ਾਸਤਰ ਨਿਯਮਾਂ ਅਨੁਸਾਰ ਉਪਨਯਨ ਦਾ ਮੰਤ ਸ਼ੁੱਭ ਮਹੂਰਤ ਤੋਂ ਇਕ ਦੋ ਦਿਨ ਪਹਿਲਾਂ ਸਥਾਪਿਤ ਕੀਤਾ ਜਾਂਦਾ ਹੈ। ਇਸ ਸੰਸਕਾਰ ਨੂੰ ਬੱਚੇ ਦੇ ਪਿਤਾ ਦੁਆਰਾ ਨਿਭਾਇਆ ਜਾਂਦਾ ਹੈ। ਪਿਤਾ ਨਾ ਹੋਣ ਦੀ ਸੂਰਤ ਵਿਚ ਬੱਚੇ ਦ ਦਾਦਾ, ਦਾਦਾ ਨਾ ਹੋਣ ਦੀਸੂਰਤ ਵਚ ਪਿਤਾ ਦਾ ਭਰਾ ਅਤੇ ਪਤਾ ਦੇ ਭਰਾ ਨਾ ਹੋਣ ਦੀ ਸੂਰਤ ਵਿਚ ਪਿਤਾ ਦੇ ਚਚੇਰੇ ਜਾਂ ਦੂਸਰੇ ਭਰਾ ਇਸ ਸੰਸਕਾਰ ਨੂੰ ਨਿਭਾ ਸਕਦੇ ਹਨ।

ਇਸ ਸੰਸਕਾਰ ਦੌਰਾਨ ਬੱਚੇ ਨੂੰ ਬ੍ਰਾਹਮਣ ਵੱਲੋਂ ਲੰਗੋਟੀ ਅਤੇ ਮੇਖਲਾ ਧਾਰਨ ਕਰਵਾ ਕੇ ਪਵਿੱਤਰ ਧਾਗਾ ਪਹਿਨਾਇਆ ਜਾਂਦਾ ਹੈ ਜਿਸ ਨੂੰ ਯਗੋਪਵੀਤ (ਜੇਨਊ) ਕਿਹਾ ਜਾਂਦਾ ਹੈ। ਮਨੂ ਅਨੁਸਾਰ ਬ੍ਰਾਹਮਣ ਦਾ ਜਨੇਊ ਸੂਤ ਦਾ, ਕਸ਼ੱਤਰੀ ਦਾ ਸਣ ਦਾ ਅਤੇ ਵੈਸ਼ ਦਾ ਉੱਨ ਦਾ ਹੋਣਾ ਚਾਹੀਦਾ ਹੈ। ਇਹ ਪਵਿੱਤਰ ਧਾਗਾ ਬ੍ਰਾਹਮਣ, ਦੁਆਰਾ ਗਾਇਤ੍ਰੀ ਮੰਤ੍ਰ ਪੜ੍ਹ ਕੇ ਬੱਚੇ ਨੂੰ ਪਹਿਨਾਇਆ ਜਾਂਦਾ ਹੈ ਅਤੇ ਇਸੇ ਗਾਇਤ੍ਰੀ ਮੰਤ੍ਰ ਦੀ ਬੱਚੇ ਨੂੰ ਦੀਖਿਆ ਦਿੱਤੀ ਜਾਂਦੀ ਹੈ। ਜਿਸ ਬੱਚੇ 'ਤੇ ਇਹ ਸੰਸਕਾਰ ਕੀਤਾ ਜਾਂਦਾ ਹੈ ਉਸ ਨੂੰ ਬੱਟੂ ਜਾਂ ਬ੍ਰਹਮਚਾਰੀ ਵੀ ਕਿਹਾ ਜਾਂਦਾ ਹੈ। ਸੰਸਕਾਰ ਪੂਰਾ ਹੋਣ ਤੋਂ ਬਾਅਦ ਬੱਟੂ ਜਾਂ ਬ੍ਰਹਮਚਾਰੀ ਨੂੰ 'ਉਪਨਿਤ' ਕਿਹਾ ਜਾਂਦਾ ਹੈ।

ਜਨੇਊ ਦੇ ਧਾਗੇ ਨੂੰ ਤਿੰਨ ਧਾਗਿਆਂ ਦੁਆਰਾ ਬਣਾਇਆ ਜਾਂਦਾ ਹੈ ਜਿਸ ਨੂੰ ਖੱਬੇ ਮੋਢੇ ਦੇ ਉਪਰ ਅਤੇ ਸੱਜੀ ਬਾਂਹ ਦੇ ਹੇਠਾਂ ਧਾਰਨ ਕੀਤਾ ਜਾਂਦਾ ਹੈ ਭਾਵ ਕਿ ਇਸ ਨੂੰ ਗਲੇ ਵਿਚ ਇਸ ਪ੍ਰਕਾਰ ਧਾਰਨ ਕੀਤਾ ਜਾਂਦਾ ਹੈ ਕਿ ਇਹ ਖੱਬੇ ਮੋਢੇ ਦੇ ਉੱਪਰ ਰਹੇ। ਜਨੇਊ ਦੇ ਤਿੰਨ ਸੂਤਰਾਂ ਨੂੰ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਨਾਲ ਹੀ ਇਹ ਤਿੰਨ ਸੂਤਰ ਗਾਇਤ੍ਰੀ ਮੰਤ੍ਰ ਦੇ ਤਿਨ ਚਰਨਾਂ ਦੇ ਪ੍ਰਤੀਕ ਹੁੰਦੇ ਹਨ।

ਯਗੋਪਵੀਤ (ਜਨੇਊ) ਧਾਰਨ ਤੋਂ ਬਾਅਦ ਸਰੀਰਕ ਕਿਰਿਆ ਦੌਰਾਨ ਇਸ ਦੀ ਪਵਿੱਤਰਤਾ ਦਾ ਖਾਸ ਧਿਆਨ ਰੱਖਿਆ ਜਾਂਦਾ ਹੈ । ਇਹ ਉਸ ਸਮੇਂ ਹੀ ਬਦਲਿਆ ਜਾਂਦਾ  ਹੈ ਜਦੋਂ ਇਹ ਮੈਲਾ ਹੋ ਜਾਵੇ ਜਾਂ ਟੁੱਟ ਜਾਵੇ। ਮੌਜੂਦਾ ਸਮੇਂ ਵਿਚ ਇਸ ਸੰਸਕਾਰ ਦਾ ਪ੍ਰਚਲਨ ਭਾਵੇਂ ਕਾਫੀ ਘੱਟ ਗਿਆ ਹੈ ਪ੍ਰੰਤੂ ਫਿਰ ਵੀ ਬਹੁਤਾਤ ਹਿੰਦੂ ਵਿਆਹ ਜਨੇਊ ਧਾਰਨ ਤੋਂ ਬਿਨਾਂ ਸੰਪੂਰਨ ਨਹੀਂ ਮੰਨੇ ਜਾਂਦੇ।

**3.4 ਵਿਆਹ ਸੰਸਕਾਰ** - ਹਿੰਦੂ ਧਰਮ ਵਿਚ ਵਿਆਹ ਨੂੰ ਇਕ ਪਵਿੱਤਰ ਸੰਸਕਾਰ ਮੰਨਿਆ ਜਾਂਦਾ ਹੈ ਜਿਸ ਵਿਚ ਇਕ ਔਰਤ ਅਤੇ ਮਰਦ ਜੀਵਨ ਭਰ ਲਈ ਇਕ ਦੂਸਰੇ ਦਾ ਸਾਥ ਨਿਭਾਉਣ ਲਈ ਪ੍ਰਤੀਬੱਧ ਹੁੰਦੇ ਹਨ। ਇਹ ਸੰਸਕਾਰ ਵੈਦਿਕ ਰੀਤੀ ਰਾਹੀਂ ਬ੍ਰਾਹਮਣ ਦੀ ਹਾਜ਼ਰੀ ਵਿਚ ਸੰਪੂਰਨ ਕੀਤਾ ਜਾਂਦਾ ਹੈ। ਵਿਆਹ ਦੇ ਜੀਵਨ ਸਾਥੀ ਲਈ ਵਰ ਅਤੇ ਲਾੜੀ ਦੇ ਗੁਣ ਅਤੇ ਵਿਸ਼ੇਸ਼ਤਾਵਾਂ ਵੇਖ ਕੇ ਚੋਣ ਕਰਨ ਸੰਬੰਧੀ ਨਿਰਦੇਸ਼ ਪ੍ਰਾਪਤ ਹੁੰਦੇ ਹਨ। ਵਸ਼ਿਸ਼ਠ ਅਤੇ ਕਾਂਤਯਾਯਨ ਦੇ ਮਤ ਅਨੁਸਾਰ ਕੁਸ਼ਟ ਰੋਗ ਪੀੜਾ, ਸਫੇਦ ਕੁਸ਼ਟੀ ਪੀੜਾ, ਅਪਸਮਾਰ (ਮੁਰਛਿਤ ਰੋਗ ਫੀੜਾ, ਬ੍ਰਹਮਤਿਆਰੇ, ਰਾਜਅਕਸਮਾ (ਟੀ.ਬੀ) ਰੋਗ ਪੀੜਤ , ਅੰਨੇ ਬੋਲੇ, ਦੂਰ ਦੇਸ਼ ਵਿਚ ਰਹਿਣ ਵਾਲੇ, ਦੂਸਰਿਆਂ ਤੇ ਨਿਰਭਰ, ਨਸ਼ਿਆਂ ਦੇ ਸੇਵਨ ਕਰਨ ਵਾਲੇ, ਨਪੁੰਸਕ, ਬਹੁਤ ਜ਼ਿਆਦਾ ਗਰੀਬ ਜਾਂ ਅਮੀਰ, ਜ਼ਿਆਦਾ ਦੂਰ ਜਾਂ ਜ਼ਿਆਦਾ ਨੇੜੇ ਵਾਲੇ ਨੂੰ ਲੜਕੀ ਨਹੀਂ ਦੇਣੀ ਚਾਹੀਦੀ। ਪਰਿਵਾਰਯੁਕਤ, ਚਰਿੱਤਰਵਾਨ, ਸ਼ੁਭ ਲੱਛਣਾਂ ਵਾਲੇ, ਵੇਦ ਅਧਿਐਨ ਵਿਚ ਸੰਪੰਨ, ਸਰੀਰਕ ਤੌਰ ਤੇ ਸਵਸਥ ਲੜਕਾ ਹੀ ਵਿਆਹ ਲਈ ਯੋਗ ਹੈ। ਇਸੇ ਪ੍ਰਕਾਰ ਲੜਕੀ ਦੇ ਸੰਬੰਧ ਵਿਚ ਵੀ ਮਨੂ ਸਮ੍ਰਿਤੀ ਦਾ ਮਤ ਹੈ ਕਿ ਕਪਿਲਾ (ਭੂਰੇ ਵਾਲਾਂ ਵਾਲੀ), ਨਾਦਿਕਾਂਗੀ (ਜ਼ਿਆਦਾ ਅੰਗਾਂ ਵਾਲੀ), ਨਾਤਿਲੋਮਾ (ਜ਼ਿਆਦਾ ਰੋਮਾਂ ਵਾਲੀ). ਨਾਲੋਮਿਕਾ ( ਰੋਮ ਰਹਿਤ ਸਰੀਰ ਵਾਲੀ) ਰੋਗੀ, ਜ਼ਿਆਦਾ ਕੌੜਾ ਬੋਲਣ ਵਾਲੀ, ਪੀਲੀਆ ਅੱਖਾਂ ਵਾਲੀ ਅਤੇ ਜਿਸ ਲੜਕੀ ਦਾ ਨਾਮ ਨਛੱਤਰ, ਰੁੱਖ, ਨਦੀ, ਪਰਬਤ, ਪੰਛੀ, ਸੱਪ ਆਦਿ ਨਾਲ ਸੰਬੰਧਿਤ ਹੋਵੇ ਉਸ ਨਾਲ ਵਿਆਹ ਨਹੀਂ ਕਰਨਾ ਚਾਹੀਦਾ। ਇਸ ਤੋਂ ਇਲਾਵਾ ਆਪਣੇ ਪਰਿਵਾਰ ਦੀ ਸੱਤ ਪੀੜੀਆਂ ਨਾਲ ਸੰਬੰਧਿਤ ਆਪਣੇ ਗੋਤ ਵਾਲੀ ਅਤੇ ਜਿਸ ਲੜਕੀ ਦਾ ਭਰਾ ਨਾ ਹੋਵੇ ਉਸ ਨਾਲ ਵਿਆਹ ਕਰਨਾ ਉਚਿਤ ਨਹੀਂ। ਕਿਸੇ ਵੀ ਪ੍ਰਕਾਰ ਦੇ ਦੋਸ਼ਯੁਕਤ ਲੜਕੇ ਦਾ ਵਿਆਹ ਦੋਸ਼ਮੁਕਤ ਲੜਕੀ ਨਾਲ ਹੋ ਸਕਦਾ ਹੈ ਪ੍ਰੰਤੂ ਦੋਸ਼ ਮੁਕਤ ਵਰ ਦਾ ਦੋਸ਼ ਰਹਿਤ ਲੜਕੀ ਨਾਲ ਵਿਆਹ ਨਹੀਂ ਕਰਨਾ ਚਾਹੀਦਾ । ਹਿੰਦੂ ਗ੍ਰੰਥਾਂ ਵਿਚ ਦੋਸ਼ ਯੁਕਤ ਲੜਕੇ ਨੂੰ ਸੁਯੋਗ ਲੜਕੀ ਦੇਣ ਵਾਲੇ ਮਾਤਾ ਪਿਤਾ ਨੂੰ ਪਾਪੀ ਅਤੇ ਨਰਕਗਾਮੀ  ਦੱਸਿਆ ਗਿਆ ਹੈ।

ਸੁਯੋਗ ਵਰ ਅਤੇ ਸੁਯੋਗ ਲੜਕੀ ਦੀ ਚੋਣ ਤੋਂ ਬਾਅਦ ਵਿਆਹ ਦਾ ਸ਼ੁੱਭ ਲਗਨ ਨਿਸ਼ਚਿਤ ਕਰਨ ਤੋਂ ਪਹਿਲਾਂ ਲੜਕੇ ਅਤੇ ਲੜਕੀ ਦੋਵਾਂ ਦੇ ਗ੍ਰਹਿ ਅਤੇ ਨਛੱਤਰਾਂ ਦਾ ਮਿਲਾਣ ਕੀਤਾ ਜਾਂਦਾ ਹੈ। ਇਸ ਲਈ ਪ੍ਰਾਚੀਨ ਸ਼ਬਦ 'ਭਕਣ' ਦੀ ਦੀ

ਵਰਤੋਂ ਕੀਤੀ ਜਾਂਦੀ ਹੈ। ਜਿਸ ਦਾ ਅਰਥ ਹੈ ਲੜਕੇ ਅਤੇ ਲੜਕੀ ਦੋਵਾਂ ਦੇ ਗ੍ਰਹਿ ਅਤੇ ਨਛੱਤਰਾਂ ਦੁਆਰਾ ਇਕ ਦੂਸਰੇ ਦੇ ਦੋਸ਼ਾਂ ਨੂੰ ਮਿਟਾਉਣਾ।

ਵਿਆਹ ਸੰਸਕਾਰ ਵਿਚ ਸਭ ਤੋਂ ਅਹਿਮ ਕਾਰਜ ਹੈ ਸ਼ੁੱਭ ਲਗਨ ਦੇ ਅਨੁਸਾਰ ਵਿਆਹ ਦਾ ਮਹੂਰਤ ਨਿਰਧਾਰਤ ਕਰਨਾ। ਲੜਕੇ ਅਤੇ ਲੜਕੀ ਦੀ ਜਨਮ ਰਾਸ਼ੀ ਦੇ ਆਧਾਰ 'ਤੇ ਨਿਸ਼ਚਿਤ ਦਿਨ, ਵਾਰ, ਨਛੱਤਰ ਅਤੇ ਸਮਾਂ ਨਿਰਧਾਰਿਤ ਕੀਤਾ ਜਾਂਦਾ ਹੈ ਜੋ ਵਿਆਹ ਦਾ ਮਹੂਰਤ ਅਖਾਵਉਂਦਾ ਹੈ। ਵਿਆਹ ਮਹੂਰਤ ਲਈ ਲੜਕੇ ਅਤੇ ਲੜਕੀ ਦੇ ਗ੍ਰਹਿਆਂ ਦੀ ਸਥਿਤੀ ਅਤੇ ਨਛੱਤਰਾਂ ਦਾ ਵਿਸ਼ਲੇਸ਼ਣ ਵੀ ਕੀਤਾ ਜਾਂਦਾ ਹੈ। ਵਿਆਹ ਵਿਚ ਨਿਰਧਾਰਿਤ ਕੀਤੇ ਗਏ ਲਗਨ ਦਾ ਅਰਥ ਹੈ ਵਿਆਹ ਦੀ ਨਿਸ਼ਚਿਤ ਤਰੀਕ। ਫੇਰੇ ਲੈਣ ਦਾ ਸਮਾਂ। ਜੇਕਰ ਲਗਨ ਨਿਰਧਾਰਿਤ ਕਰਨ ਵਿਚ ਕੋਈ ਗਲਤੀ ਰਹਿ ਜਾਵੇ ਤਾਂ ਇਹ ਗੰਭੀਰ ਦੋਸ਼ ਮੰਨਿਆ ਜਾਂਦਾ ਹੈ। ਲਗਨ ਤੋਂ ਬਿਨਾਂ ਹਿੰਦੂ ਵਿਆਹ ਸੰਸਕਾਰ ਅਧੂਰਾ ਹੁੰਦਾ ਹੈ। ਮਹੂਰਤ ਚਿੰਤਾਮਣਿ ਗ੍ਰੰਥ ਅਨੁਸਾਰ ਮਿਥੁਨ ਰਾਸ਼ੀ ਦੇ ਸੂਰਜ ਵਿਚ ਰਹਿਣ ਵਾਲਾ ਸਮਾਂ- ਹਾੜ ਸ਼ੁਕਲ ਦਸਵੀਂ ਤੋਂ ਲੈ ਕੇ ਕੱਤਕ ਸ਼ੁਕਲ ਏਕਾਦਸ਼ੀ ਤੱਕ ਦਾ ਸਮਾਂ ਹਰੀਸ਼ਯਨ ਦਾ ਸਮਾਂ ਹੋਣ ਕਾਰਨ ਵਿਆਹ ਲਈ ਵਰਜਿਤ ਹੈ। ਜਨਮ ਵਾਲੇ ਮਹੀਨੇ, ਜਨਮ ਮਿਤੀ, ਜਨਮ ਨਛੱਤਰ ਆਦਿ ਵਿਚ ਵਿਆਹ ਸੰਸਕਾਰ ਕਰਨਾ ਉਚਿਤ ਨਹੀਂ। ਇਸਦੇ ਨਾਲ ਹੀ ਤਿੰਨ ਜੇਠ (ਜੇਠ ਲੜਕਾ, ਜੇਠ ਲੜਕੀ ਅਤੇ ਜੇਠ ਮਹੀਨਾ) ਇਕੱਠੇ ਨਹੀਂ ਹੋਣੇ ਚਾਹੀਦੇ। ਜ਼ਿਆਦਾਤਰ ਵਿਆਹ ਰਾਤ ਦੇ ਲਗਨ ਵਿਚ ਕੀਤੇ ਜਾਂਦੇ ਹਨ ਪ੍ਰੰਤੂ ਕੁਝ ਵਿਸ਼ੇਸ਼ ਸਥਾਨ ਅਤੇ ਸਥਿਤੀਆਂ ਅਨੁਸਾਰ ਦਿਨ ਵਿਚ ਵੀ ਕੀਤੇ ਜਾ ਸਕਦੇ ਹਨ।

ਵਿਆਹ ਸੰਸਕਾਰ ਪੂਰਾ ਕਰਨ ਲਈ ਵਿਆਹ ਵਾਲੇ ਸਥਾਨ ਤੇ ਵਿਆਹ ਮੰਡਪ ਦਾ ਨਿਰਮਾਣ ਕਰ ਕੇ ਇਸ ਨੂੰ ਸਜਿਆ ਜਾਂਦਾ ਹੈ। ਵਰ ਅਤ ਕੰਨਿਆ ਆਪਮਏ ਨਿਵਾਸ ਸਥਾਨ ਤੋਂ ਮੰਡਪ ਵਿਚ ਆਉਣ ਤੋਂ ਬਾਅਦ ਪੂਜਾ ਸਮੱਗਰੀ ਦੁਆਰਾ ਗਣੇਸ਼ ਨੂੰ ਯਾਦ ਕਰਦੇ ਹੋਏ ਆਪਮਏ ਨਾਮ ਅਤੇ ਗੋਤ ਦਾ ਉਚਾਰਣ ਕਰ ਕੇ 'ਹਲਦੀ ਲੇਖਨ' ਸੰਬੰਧੀ ਸੰਕਲਪ ਉਚਾਰਨ ਕਰਦੇ ਹਨ। ਸਭ ਤੋਂ ਪਹਿਲਾਂ ਗਣੇਸ਼ ਗੌਰੀ ਦਾ ਪੂਜਨ ਕਰਨ ਤੋਂ ਬਾਅਦ ਕਲਸ ਸਥਾਪਿਤ ਕੀਤਾ ਜਾਂਦਾ ਹੈ ਅਤੇ ਉਸ ਵਿਚ ਵਰੁਣ , ਨੌ ਗ੍ਰਹਿ ਅਤੇ ਸਮੂਹ ਦੇਵੀ-ਦੇਵਤਿਆਂ ਦੀ ਪੂਜਾ ਕਰ ਕੇ ਹਲਦੀ ਲੇਪਨ (ਹਲਦੀ ਅਤੇ ਤੇਲ ਦਾ ਮਿਸ਼ਰਣ) ਆਰੰਭ ਹੁੰਦਾ ਹੈ। ਇਸ ਦੌਰਾਨ ਹੀ ਵਰ ਅਤੇ ਕੰਨਿਆ ਨੂੰ ਆਪਣੇ ਸਥਾਨ ਤੋਂ ਕੰਕਣ (ਪੀਲੇ ਕਪੜੇ ਵਿਚ ਪੀਲੀ ਸਰੋਂ, ਚੱਕਰ, ਹੀਂਗ ਅਤੇ ਲੋਹੇ ਦੀ ਮੁਦਰਿਕਾ) ਬੰਨ ਦਿੱਤਾ ਜਾਂਦਾ ਹੈ।

ਹਲਦੀ ਲੇਪਨ ਤੋਂ ਬਾਅਦ ਲੜਕੇ ਦੇ ਵਿਆਹ ਮੰਡਪ ਵਿਚ ਪ੍ਰਵੇਸ਼ ਤੋਂ ਪਹਿਲਾਂ ਮਾਤ੍ਰਕਾ ਪੂਜਣ, ਨਾਂਦੀਸ਼ਰਾਧ, ਦੁਆਰਪੂਜਾ, ਅਤੇ ਆਚਾਰ ਦੀਆਂ ਰਸਮਾਂ ਨੂੰ ਵੀ ਨਿਭਾਇਆ ਜਾਂਦਾ ਹੈ। ਵਿਆਹ ਮੰਡਪ ਵਿਚ ਪ੍ਰਵੇਸ਼ ਤੋਂ ਬਾਅਦ ਲੜਕੇ ਦੁਆਰਾ ਸ਼ਾਸਤਰਾਂ ਵਿਚ ਵਰਣਿਤ ਪੂਜਾ ਵਿਧੀਆਂ ਸੰਪੂਰਨ ਕੀਤੀਆਂ ਜਾਂਦੀਆਂ ਹਨ। ਇਸ ਤੋਂ ਬਾਅਦ ਆਪਣੇ ਦੇਸ਼, ਕਾਲ, ਅਤੇ ਗੋਤ ਦਾ ਉਚਾਰਣ ਕਰਦੇ ਹੋਏ ਯੋਜਨ ਨਾਮਕ ਅਗਨੀ ਦਾ ਸਥਾਪਨਾ ਦਾ ਸੰਕਲਪ ਲੈਂਦਾ ਹੈ ਅਤੇ ਵੇਦੀਕਰਮ ਦੀ ਸਥਾਪਨਾ ਕੀਤੀ ਜਾਂਦੀ ਹੈ। ਇਸ ਤੋਂ ਬਾਅਦ ਲੜਕਾ ਦੁਬਾਰਾ ਫਿਰ ਆਪਣੇ ਨਾਮ ਅਤੇ ਗੋਤ ਦਾ ਉਚਾਰਣ ਕਰ ਕੇ ਧਰਮ, ਅਰਥ, ਕਾਮ, ਸੰਤਾਨ ਅਤੇ ਪਤਨੀ ਸੰਬੰਧੀ ਸੰਕਲਪ ਲੈਂਦਾ ਹੈ।

ਇਸ ਤੋਂ ਬਾਅਦ ਲੜਕੀਨੂੰ ਮੰਡਪ ਵਿਚ ਪ੍ਰਵੇਸ਼ ਕਰਵਾ ਕੇ ਕੰਨਿਆਪੂਜਣ ਦੀ ਰਸਮ ਕੀਤੀ ਜਾਂਦੀ ਹੈ। ਗੌਤਰੋਗਰ ਦੀ ਰਸਮ ਤੋਂ ਬਾਅਦ ਕੰਨਿਆਦਾਨ ਦੀ ਰੀਤ ਨੂੰ ਨਿਭਾਇਆ ਜਾਂਦਾ ਹੈ ਜੋ ਕਿ ਹਿੰਦੂ ਧਰਮ ਵਿਚ ਵਿਆਹ ਸੰਸਕਾਰ ਦੀ ਇਕ ਨਿਵੇਕਲੀ ਰੀਤ ਹੈ। ਇਸ ਰੀਤ ਦਾ ਭਾਵ ਹੈ ਕਿ ਲੜਕੀ ਦੇ ਕੰਨਿਆਦਾਨ ਕਰਨ ਵਾਲੇ ਦਾ ਅਧਿਕਾਰ ਖਤਮ ਹੋ ਜਾਂਦਾ ਹੈ ਅਤੇ ਲੜਕੇ ਨੂੰ ਇਸ ਅਧਿਕਾਰ ਦੀ ਪ੍ਰਾਪਤੀ ਹੋ ਜਾਂਦੀ ਹੈ। ਕੰਨਿਆਦਾਨ ਨੂੰ ਲੜਕੀ ਦਾ ਪਿਤਾ, ਦਾਦਾ, ਜਨੇਊਧਾਰੀ ਭਰਾ ਜਾਂ ਕੁੱਲ ਦੇ ਲੋਕ ਅਦਾ ਕਰ ਸਕਦੇ ਹਨ। ਕੰਨਿਆਦਾਨ ਕਰਨ ਵਾਲੇ ਅਤੇ ਕੰਨਿਆ ਦੇ ਹੱਥ ਵਿਚ ਸ਼ਾਸਤਰਾਂ ਵਿਚ ਵਰਣਿਤ ਵਸਤੂਆਂ ਰੱਖ ਕੇ ਵਿਧੀਵਤ ਢੰਗ ਰਾਹੀਂ ਸੰਕਲਪ ਕਰਦੇ ਹੋਏ ਇਸ ਨੂੰ ਨਿਭਾਇਆ ਜਾਂਦਾ ਹੈ। ਕੰਨਿਆਦਾਨ ਦੀ ਸੰਪੂਰਨਤਾ ਤੋਂ ਬਾਅਦ ਹਵਨ ਅਤ ਲਾਜਹੋਮ ਕੀਤਾ ਜਾਂਦਾ ਹੈ ਅਤ ਸਪਤਪਦੀ ਦੀ ਰਸਮ ਅਦਾ ਕੀਤੀ ਜਾਂਦੀ ਹੈ। ਸਪਤਪਦੀ ਦੀ ਰਸਮ ਵਿਚ ਲੜਕੇ ਅਤੇ ਲੜਕੀ ਦੁਆਰਾ ਇਕ ਦੂਜੇ ਤੋਂ ਸੱਤ ਵਰਨ ਲਏ ਜਾਂਦੇ ਹਨ ਅਤੇ ਇਨ੍ਹਾਂ ਵਚਨਾਂ ਨੂੰ ਸਵੀਕਾਰ ਕੀਤਾ ਜਾਂਦਾ ਹੈ। ਇਨ੍ਹਾਂ ਵਚਨਾਂ ਤੋਂ ਪਹਿਲਾਂ ਲੜਕੇ ਅਤੇ ਲੜਕੀ ਦੁਆਰਾ ਅਗਨੀ ਨੂੰ ਮੁੱਖ ਰੱਖਦੇ ਹੋਏ ਸੱਤ ਫੇਰੇ ਵੀ ਕੀਤੇ ਜਾਂਦੇ ਹਨ। ਇਸ ਰਸਮ ਵਿਚ ਸੱਤ ਫੇਰੇ ਅਤੇ ਸੱਤ ਵਚਨਾਂ ਤੋਂ ਇਲਾਵਾ ਲੜਕੇ ਦੁਆਰਾ ਲੜਕੀ ਦੇ ਸੱਤ ਸਥਾਨਾਂ ’ਤੇ ਪੈਰ ਵੀ ਰਖਵਾਏ ਜਾਂਦੇ ਹਨ।

ਸਪਤਪਦੀ ਤੋਂ ਬਾਅਦ ਲੜਕੇ ਦੁਆਰਾ ਲੜਕੀ ਦੀ ਮਾਂਗ ਵਿਚ ਸੰਧੂਰ ਭਰਨ ਦੀ ਰਸਮ ਕੀਤੀ ਜਾਂਦੀ ਹੈ ਜਿਸ ਨੂੰ ਸੰਧੂਰਦਾਨ ਕਿਹਾ ਜਾਂਦਾ ਹੈ। ਉਪਰੰਤ ਗਣੇਸ਼ ਅਤੇ ਹੋਰ ਦੇਵੀ-ਦੇਵਤਿਆਂ ਦੀ ਪੂਜਾ ਤੋਂ ਬਾਅਦ ਬ੍ਰਾਹਮਣ ਦਕਸ਼ਿਨਾ ਭੇਟਾ ਕਰ ਕੇ ਵਿਆਹ ਸੰਸਕਾਰ ਸੰਪੂਰਣ ਹੋ ਜਾਂਦਾ ਹੈ।

**3.5 ਅੰਤਯੇਸ਼ਟਿ (ਮ੍ਰਿਤਕ) ਸੰਸਕਾਰ**- ਇਹ ਸੰਸਕਾਰ ਅੰਤ ਵਿਚ ਨਿਭਾਇਆ ਜਾਣ ਵਾਲਾ ਸੰਸਕਾਰ ਹੈ ਜੋ ਕਿਸੇ ਮਨੁੱਖ ਦੀ ਮੌਤ ਹੋਣ ਉਪਰੰਤ ਸ਼ਾਸਤਰ ਵਿਧੀ ਰਾਹੀਂ ਕੀਤਾ ਜਾਂਦਾ ਹੈ। ਅੰਤਯੇਸ਼ਟਿ ਸ਼ਬਦ ਦੋ ਸ਼ਬਦਾਂ – ਅੰਤਰ + ਇਸ਼ਟੀ ਦੇ ਜੋੜ ਤੋਂ ਬਣਿਆ ਹੈ। ਅੰਤਯ ਦਾ ਅਰਥ ਹੈ ਅੰਤਿਮ ਅਤੇ ਇਸ਼ਟੀ ਦਾ ਅਰਥ ਹੈ ਯੱਗ ਜਾਂ ਸੰਸਕਾਰ ਭਾਵ ਜੀਵਨ ਦਾ ਅੰਤਿਮ ਯੱਗ ਜਾਂ ਸੰਸਕਾਰ। ਹਿੰਦੂ ਧਰਮ ਅਨੁਸਾਰ ਮੌਤ ਜੀਵਨ ਦੀ ਅਟੱਲ ਸੱਚਾਈ ਹੈ ਜਿਸ ਵਿਚ ਆਤਮਾ ਇਕ ਸਰੀਰ ਨੂੰ ਛੱਡ ਕੇ ਦੂਜੇ ਸਰੀਰ ਵਿਚ ਪ੍ਰਵੇਸ਼ ਕਰਦੀ ਹੈ। ਮੌਤ ਸਰੀਰ ਦੇ ਖਤਮ ਹੋਣ ਦਾ ਨਾਮ ਹੈ ਕਿਉਂਕਿ ਆਤਮਾ ਅਮਰ ਹੈ । ਸ਼ਵੇਤਾਸਵਰ ਉਪਨਿਸ਼ਦ ਅਨੁਸਾਰ ਸਥੂਲ ਸਰੀਰ ਦੀ ਮੌਤ ਉਪਰੰਤ ਨਿਕਲਣ ਵਾਲੀ ਜੀਵਾਤਮਾ ਇੰਨੀ ਸੂਖਮ ਹੁੰਦੀ ਹੈ ਕਿ ਉਸ ਨੂੰ ਕੋਈ ਆਪਣੀਆਂ ਅੱਖਾਂ ਨਾਲ ਨਹੀਂ ਵੇਖ ਸਕਦਾ। ਜੀਵਾਤਮਾ ਦੀ ਸੂਖਮਤਾ ਅਤੇ ਅਦ੍ਰਿਸ਼ਤਾ ਇਕ ਵਾਲ ਦੀ ਨੋਕ ਦੇ 100ਵੇਂ ਭਾਗ ਜਿੰਨੀ ਹੁੰਦੀ ਹੈ। ਹਿੰਦੂ ਧਰਮ ਅਨੁਸਾਰ ਜੀਵਾਤਮਾ ਨੂੰ ਆਪਣੇ ਇਸ ਜਨਮ ਵਿਚ ਕੀਤੇ ਕਰਮਾਂ ਅਨੁਸਾਰ ਹੀ ਕਰਮ ਫਲ ਅਤੇ ਅਗਲੇ ਜਨਮ ਦਾ ਨਿਰਣਾ ਹੁੰਦਾ ਹੈ। ਪਾਪੀ ਆਤਮਾ ਨੂੰ ਜਮਦੂਤਾਂ ਦੁਆਰਾ ਅਨੇਕਾਂ ਤਰ੍ਹਾਂ ਦੇ ਕਸ਼ਟ ਦਿੰਦੇ ਹੋਏ ਯਮਰਾਜ ਕੋਲ ਲਿਜਾਇਆ ਜਾਂਦਾ ਹੈ ਜਿਥੇ ਅਨੇਕਾਂ ਪ੍ਰਕਾਰ ਦੀਆਂ ਸਖਤ ਸਜ਼ਾਵਾਂ ਅਤੇ ਨਰਕਾਂ ਦਾ ਉਲੇਖ ਪ੍ਰਾਪਤ ਹੁੰਦਾ ਹੈ। ਦੂਜੇ ਪਾਸੇ ਧਰਮ ਰੀਤੀ ਅਨੁਸਾਰ ਜੀਵਨ ਬਤੀਤ ਕਰਨ ਵਾਲੀਆਂ ਪਵਿੱਤਰ ਆਤਮਾ ਯਮਲੋਕ ਨਹੀਂ ਜਾਂਦੀਆਂ। ਉਨ੍ਹਾਂ ਨੂੰ ਭਗਵਾਨ ਵਿਸ਼ਨੂੰ ਦੇ ਦੂਤ ਸਨਮਾਨ ਸਹਿਤ ਬੈਕੁੰਠ ਲੋਕ ਲੈ ਜਾਂਦੇ ਹਨ।

ਹਿੰਦੂ ਧਰਮ ਵਿਚ ਮਨੁੱਖ ਦੀ ਮੌਤ ਹੋਣ ਤੋਂ ਬਾਅਦ ਉਸ ਦੇ ਪਰਿਵਾਰ ਦੁਆਰਾ ਮਨੁੱਖ ਦੀ ਸਦਗਤੀ ਅਤੇ ਮੁਕਤੀ ਲਈ ਧਰਮ ਸ਼ਾਸਤਰਾਂ ਵਿਚ ਵਰਣਿਤ ਵਿਧੀਆਂ ਅਨੁਸਾਰ ਸੰਸਕਾਰ ਨਿਭਾਉਣੇ ਜ਼ਰੂਰੀ ਹਨ। ਹਿੰਦੂ ਸ਼ਾਸਤਰਾਂ ਅਨੁਸਾਰ ਪ੍ਰਾਣੀ ਦੀ ਮੌਤ ਹੋਣ ਉਪਰੰਤ ਉਸ ਨੂੰ ਮੰਡਲ ਬਣਾ ਕੇ ਜ਼ਮੀਨ ਤੇ ਲਿਟਾ ਦੇਣਾ ਚਾਹੀਦਾ ਹੈ। ਮੰਡਲ ਬਣਾਉਣ ਤੋਂ ਪਹਿਲਾਂ ਜਾਂ ਬਾਅਦ ਵਿਚ ਉਸ ਜ਼ਮੀਨ ਤੋਂ ਗਾਂ ਦੇ ਗੋਬਰ ਦੇ ਲੇਪ ਕਰ ਦੇਣਾ ਚਾਹੀਦਾ ਹੈ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਮੰਡਲ ਵਿਚ ਤ੍ਰਿਦੇਵ ਅਤੇ ਦੂਸਰੇ ਦੇਵਤਿਆਂ ਦਾ ਵਾਸ ਹੁੰਦਾ ਹੈ ਅਤੇ ਰਾਖਸ਼ਸ਼, ਪਿਸ਼ਾਚ, ਭੂਤ. ਪ੍ਰੇਤ ਆਦਿ ਜ਼ਮੀਨ ਤੋਂ ਉੱਪਰ ਆਕਾਸ਼ ਵਿਚ ਹੋਣ ਕਾਰਨ ਇਨ੍ਹਾਂ ਦਾ ਪ੍ਰਭਾਵ ਮੰਡਲ ਅਤੇ ਜ਼ਮੀਨ ਤੱਕ ਨਹੀਂ ਪਹੁੰਚ ਸਕਦਾ। ਮ੍ਰਿਤਕ ਪ੍ਰਾਣੀ ਦੇ ਮੂੰਹ ਵਿਚ ਸਾਲਿਗ੍ਰਾਮ ਜਲ ਅਤੇ ਗੰਗਾਜਲ ਆਦਿ ਪਾਉਣਾ ਮ੍ਰਿਤਕ ਪ੍ਰਾਣੀ ਦੇ ਪਾਪਾਂ ਦਾ ਨਾਸ ਕਰਨ ਵਾਲਾ ਮੰਨਿਆ ਜਾਂਦਾ ਹੈ। ਮੌਤ ਤੋਂ ਮ੍ਰਿਤਕ ਪ੍ਰਾਣੀ ਲੀ ਰੋਣਾ ਵਿਅਰਥ ਹੈ ਕਿਉਂਕਿ ਅਜਿਹਾ ਕਰਨ ਨਾਲ ਹੋਣ ਵਾਲੇ ਦਾ ਅੱਥਰੂ, ਨੱਕ-ਮੂੰਹ ਤੋਂ ਨਿਕਲਣ ਵਾਲਾ ਕਫ, ਥੁੱਕ ਆਦਿ ਮ੍ਰਿਤਕ ਦੇ ਮੂੰਹ ਵਿਚ ਜਾਂਦਾ ਹੈ। ਸ਼ਾਸਤਰ ਵਿਧੀ ਅਨੁਸਾਰ ਘਰ ਦੇ ਦਰਵਾਜ਼ੇ ’ਤੇ ਮ੍ਰਿਤਕ ਸਿਰ ਉੱਤਰ ਵੱਲ ਅਤੇ ਪੈਰ ਦੱਖਣ ਵੱਲ ਰੱਖਣੇ ਚਾਹੀਦੇ ਹਨ। ਮ੍ਰਿਤਕ ਦੇ ਪੁੱਤਰ ਨੂੰ ਸਭ ਤੋਂ ਪਹਿਲਾਂ ਆਪਣਾ ਮੁੰਡਨ ਕਰਵਾ ਕੇ ਇਸ਼ਨਾਨ ਤੋਂ ਬਾਅਦ ਧੋਤੀ ਵਸਤਰ ਧਾਰਣ ਕਰਨਾ ਚਾਹੀਦਾ ਹੈ। ਉਸ ਤੋਂ ਬਾਅਦ ਮ੍ਰਿਤਕ ਪ੍ਰਾਣੀ ਦਾ ਇਸ਼ਨਾਨ ਕਰਵਾ ਕੇ ਮਾਲ ਨਾਲ ਮ੍ਰਿਤਕ ਸਰੀਰ ਨੂੰ ਸ਼ੁਸ਼ੋਭਿਤ ਕਰਨ ਤੋਂ ਬਾਅਦ ਨਵੇਂ ਕੱਪੜੇ ਪਵਾ ਦੇਣੇ ਚਾਹੀਦੇ ਹਨ। ਸੁਹਾਗਣ ਇਸਤਰੀ ਦੇ ਮ੍ਰਿਤਕ ਹੋਣ ਦੀ ਸੂਰਤ ਵਿਚ ਉਸ ਨੂੰ ਰੰਗੀਨ ਗੋਟੀਦਾਰ ਵਸਤਰ ਪਹਿਨਾ ਕੇ ਸ਼ਿੰਗਾਰ ਕਰ ਦੇਣਾ ਚਾਹੀਦਾ ਹੈ। ਹਿੰਦੂ ਧਰਮ ਵਿਚ ਪ੍ਰਾਣੀ ਦੀ ਮ੍ਰਿਤਕ ਸੰਸਕਾਰ ਦੌਰਾਨ 16 ਵਾਰ ਪਿੰਡ ਦਾਨ ਕੀਤਾ ਜਾਂਦਾ ਹੈ। ਇਨ੍ਹਾਂ ਵਚੋਂ 6 ਪਿੰਡ ਦਾਨ ਮ੍ਰਿਤਕ ਸਰੀਰ ਨੂੰ ਅਗਨੀ ਭੇਟ ਕਰਨ ਤੋਂ ਪਹਿਲਾਂ ਅਤੇ 10 ਪਿੰਡ ਦਾਨ ਅਗਨੀ ਭੇਟ ਕਰਨ ਤੋਂ ਬਾਅਦ ਅਗਲੇ ਦਿਨਾਂ ਵਿਚ ਅੰਤਿਮ ਕਿਰਿਆ ਜਾਂ ਭੋਗ ਤੱਕ ਕੀਤੇ ਜਾਂਦੇ ਹਨ। ਮ੍ਰਿਤਕ ਸਰੀਰ ਨੂੰ ਮੌਤ ਵਾਲੇ ਸਥਾਨ ਤੋਂ ਘਰ ਦੇ ਦਰਵਾਜ਼ੇ ਤੇ ਲਿਜਾਉਣ ਤੋਂ ਪਹਿਲਾਂ ‘ਸ਼ਵ’ ਨਾਮ ਪਿੰਡ ਦਾਨ ਕੀਤਾ ਜਾਂਦਾ ਹੈ ਜੋ ਮ੍ਰਿਤਕ ਸੰਸਕਾਰ ਦਾ ਪਹਿਲਾ ਪਿੰਡ ਦਾਨ ਹੈ। ਮ੍ਰਿਤਕ ਸਰੀਰ ਦੀ ਅਰਥੀ ਨੂੰ ਉਸਦਾ ਪੁੱਤਰ ਆਪਣੇ ਸਕੇ ਸੰਬੰਧੀਆਂ ਆਪਣੇ ਮੋਢਿਆਂ ਤੇ ਰੱਖ ਕੇ ਰਾਮ ਨਾਮ ਸਤਯ’ ਜਾਂ ‘ਹਰਿ ਬੋਲ’ ਵਰਗੇ ਸ਼ਬਦਾਂ ਦਾ ਉਚਾਰਣ ਕਰਦੇ ਹੋਏ ਸ਼ਮਸ਼ਾਨ ਘਾਟ ਤੱਕ ਲੈ ਜਾਂਦਾ ਹੈ। ਸ਼ਮਸ਼ਾਨ ਘਾਟ ਵਿਚ ਦਾਹ ਵਾਲੇ ਸਥਾਨ ਨੂੰ ਸਾਫ ਕਰਨ ਤੋਂ ਬਾਅਦ ਪਾਣੀ ਆਦਿ ਛਿੜਕਾਅ ਕਰ ਕੇ ਮ੍ਰਿਤਕ ਦਾ ਸਰੀਰ ਉੱਤਰ ਅਤੇ ਪੈਰ ਦੱਖਣ ਵੱਲ ਕੀਤੇ ਜਾਂਦੇ ਹਨ। ਇਸ ਦੌਰਾਨ ਚਿਤਾ ਬਣਾ ਕੇ ਉਸ ਨੂੰ ਚੰਦਨ, ਤੁਲਸੀ, ਪਿੱਪਲ ਆਦਿ ਦੀ ਲੱਕੜੀ ਨਾਲ ਸਜਾ ਕੇ ਪੁੱਤਰ ਦੁਆਰਾ ਅਗਨੀ ਦੇਵਤਾ ਨੂੰ ਪ੍ਰਾਰਥਨਾ ਕਰਨ ਤੋਂ ਬਾਅਦ ਦੋ ਪਿੰਡ ਦਾਨ ਕੀਤੇ ਜਾਂਦੇ ਹਨ। ਇਸ ਪ੍ਰਕਾਰ ਵਿਧੀਵਤ ਢੰਗ ਰਾਹੀਂ ਪੰਜ ਪਿੰਡ ਦਾਨ ਕਰਨ ਤੋਂ ਬਾਅਦ ਸੁੱਕੇ ਘਾਹ ਦੀ ਸਹਾਇਤਾ ਨਾਲ ਪੁੱਤਰ ਵੱਲੋਂ ਪਿਤਾ ਨੂੰ ਅਗਨੀ ਭੇਟਾ ਕੀਤੀ ਜਾਂਦੀ ਹੈ। ਮ੍ਰਿਤਕ ਸਰੀਰ ਦੇ ਅੱਧੇ ਜਾਂ ਪੂਰੇ ਸੜ ਜਾਣ ਤੋਂ ਬਾਅਦ ਅਗਨੀ ਦੇਣ ਵਾਲੇ ਨੂੰ ਮ੍ਰਿਤਕ ਸਰੀਰ ਦੇ ਸਿਰ ਨੂੰ ਬਾਂਸ ਜਾਂ ਲੱਕੜ ਨਾਲ ਭੰਨ ਦੇਣਾ ਚਾਹੀਦਾ ਹੈ। ਇਸ ਨੂੰ ‘ਕਪਾਲ ਕਿਰਿਆ’ ਕਿਹਾ ਜਾਂਦਾ ਹੈ। ਇਸ ਤੋਂ ਬਾਅਦ ਦਾਹ ਸੰਸਕਾਰ ਵਿਚ ਸ਼ਾਮਿਲ ਸਮੂਹ ਵਿਅਕਤੀਆਂ ਦੁਆਰਾ ਇਸ਼ਨਾਨ ਕੀਤਾ ਜਾਂਦਾ ਹੈ ਅਤੇ ਨਿੰਮ ਦੇ ਪੱਤ ਚੱਬਦੇ ਹੋਏ ਮ੍ਰਿਤਕ ਦੇ ਗੁਣਾਂ ਦਾ ਵਰਣਨ ਕੀਤਾ ਜਾਂਦਾ ਹੈ। ਇਸ ਤੋਂ ਬਾਅਦ ਦਸ ਦਿਨਾਂ ਤੱਕ ਮ੍ਰਿਤਕ ਵਿਅਕਤੀ ਦੀ

ਆਤਮਾ ਦੇ ਕਲਿਆਣ ਲਈ ਘਰ ਦੇ ਦਰਵਾਜ਼ੇ ਤੇ ਮਿੱਟੀ ਦੇ ਬਰਤਨ ਵਿਚ ਤਿਲਾਂ ਦੇ ਤੇਲ ਦਾ ਦੀਵਾ ਜਗਾਉਣਾ ਚਾਹੀਦਾ ਹੈ। ਪਹਿਲੇ ਦਿਨ ਦਾ ਭੋਜਨ ਆਪਣੇ ਘਰ ਤੋਂ ਨਾ ਕਰ ਕੇ ਕਿਸੇ ਦੂਜੇ ਦੇ ਘਰ ਤੋਂ ਬਿਨਾਂ ਲੂਣ ਵਾਲਾ ਕੀਤਾ ਜਾਂਦਾ ਹੈ। ਦਾਹ ਸੰਸਕਾਰ ਤੋਂ ਦੂਜੇ, ਤੀਜੇ ਜਾਂ ਚੌਥੇ ਦਿਨ ਮ੍ਰਿਤਕ ਦੀਆਂ ਅਸਥੀਆਂ ਇੱਕਠੀਆਂ ਕਰ ਕੇ ਇਸ ਨੂੰ ਗੰਗਾ ਵਿਚ ਪ੍ਰਵਾਹ ਕੀਤਾ ਜਾਂਦਾ ਹੈ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਜਿਸ ਵਿਅਕਤੀ ਦੀਆਂ ਅਸਥੀਆਂ ਗੰਗਾ ਵਿਚ ਪੈ ਜਾਣ ਉਸ ਦਾ ਦੁਬਾਰਾ ਜਨਮ ਨਹੀਂ ਹੁੰਦਾ ਅਤੇ ਉਹ ਮੁਕਤ ਹੋ ਕੇ ਸਵਰਗ ਵਿਚ ਚਲਾ ਜਾਂਦਾ ਹੈ ।

ਮ੍ਰਿਤਕ ਪ੍ਰਾਣੀ ਦੇ ਦਾਹ ਸੰਸਕਾਰ ਤੋਂ ਅਗਲੇ ਦਸ ਦਿਨਾਂ ਤੱਕ ਜਾਂ ਦਸਵੇਂ ਦਿਨ 10 ਹੋਰ ਪਿੰਡ ਦਾਨ ਕੀਤੇ ਜਾਂਦੇ ਹਨ। ਦਾਹ ਸੰਸਕਾਰ ਤੋਂ 12ਵੇਂ ਜਾਂ 13ਵੇਂ ਦਿਨ ਮ੍ਰਿਤ ਭੋਜ ਅਰਥਾਤ ਮ੍ਰਿਤਕ ਪ੍ਰਾਣੀ ਨੂੰ ਸਮਰਪਿਤ ਭੋਜਨ ਕਰਵਾਇਆ ਜਾਂਦਾ ਹੈ ਜਿਸ ਵਿਚ ਮ੍ਰਿਤਕ ਵਿਅਕਤੀ ਦੇ ਸਾਕ ਸੰਬੰਧੀ , ਪਰਿਵਾਰ ਅਤੇ ਦੂਰ ਨੇੜੇ ਦੇ ਜਾਣਕਾਰ ਵਿਅਕਤੀ ਸ਼ਾਮਿਲ ਹੁੰਦੇ ਹਨ। ਇਸ ਦਿਨ ਮ੍ਰਿਤਕ ਦੇ ਨਮਿਤ ਬ੍ਰਾਹਮਣਾਂ ਨੂੰ ਅੰਨ, ਕੱਪੜੇ, ਬਿਸਤਰ ਜਾਂ ਦੈਨਿਕ ਜੀਵਨ ਵਿਚ ਪ੍ਰਯੋਗ ਹੋਣ ਵਾਲੀਆਂ ਵਸਤੂਆਂ ਦਾ ਦਾਨ ਕੀਤਾ ਜਾਂਦਾ ਹੈ। ਇਸ ਤੋਂ ਬਾਅਦ ਮ੍ਰਿਤਕ ਪ੍ਰਾਣੀ ਦੀ ਬਰਸੀ ਅਤ ਸ਼ਰਾਧਾਂ ਦੇ ਦਿਨਾਂ ਵਿਚ ਇਨ੍ਹਾਂ ਦੇ ਨਮਿੱਤ ਬ੍ਰਾਹਮਣਾਂ ਨੂੰ ਭੋਜਨ ਖਵਾ ਕੇ ਦਾਨ ਆਦਿ ਕੀਤਾ ਜਾਂਦਾ ਹੈ।

**3.6 ਅੰਤਿਕਾ -**

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਹਿੰਦੂ ਧਰਮ ਵਿਚ ਜੀਵਨ ਦੇ ਹਰ ਅਹਿਮ ਮੌਕੇ ਤੇ ਸ਼ਾਸਤਰ ਵਿਧੀ ਅਨੁਸਾਰ ਧਰਮ ਸੰਸਕਾਰ ਨਿਭਾਏ ਜਾਂਦੇ ਹਨ। ਇਹ ਧਰਮ ਭੌਤਿਕ ਅਤੇ ਪਰਾਭੌਤਿਕ ਜੀਵਨ ਨੂੰ ਇਕ ਦੂਜੇ ਤੇ ਆਧਾਰਿਤ ਅਤੇ ਨਿਰੰਤਰਤਾ ਵਜੋਂ ਵੇਖਦਾ ਹੈ ਜਿਸ ਕਾਰਨ ਭੌਤਿਕ ਜੀਵਨ ਵਿਚ ਪਰਾਭੌਤਿਕ ਵਰਤਾਰਿਆਂ ਦੀ ਸਥਿਰਤਾ ਅਤੇ ਪਰਾਭੌਤਿਕ ਸ਼ਕਤੀਆਂ ਨੂੰ ਖੁਸ਼ ਕਰਨਾ ਇਨ੍ਹਾਂ ਸੰਸਕਾਰਾਂ ਨਦਾ ਅਹਿਮ ਹਿੱਸਾ ਹੁੰਦਾ ਹੈ। ਹਿੰਦੂ ਧਰਮ ਵਿਚ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਜੀਵਨ ਦੇ ਵਿਭਿੰਨ ਮੌਕਿਆਂ ਨੂੰ ਧਰਮ ਗ੍ਰੰਥਾਂ ਵਿਚ ਵਰਣਿਤ ਸੰਸਕਾਰ ਵਿਧੀਆਂ ਦੁਆਰਾ ਸੰਪੂਰਨ ਕੀਤਾ ਜਾਣਾ ਬਹੁਤ ਜ਼ਰੂਰੀ ਹੈ ਅਤੇ ਇਨ੍ਹਾਂ ਸੰਸਕਾਰਾਂ ਨੂੰ ਵਿਧੀਵਤ ਢੰਗ ਰਾਹੀਂ ਕਰਨ ਵਾਲਾ ਹੀ ਅਸਲ ਅਰਥਾਂ ਵਿਚ ਹਿੰਦੂ ਹੈ।

**ਪੜ੍ਹਣਯੋਗ ਪੁਸਤਕਾਂ**

ਮਿਸ਼ਰਾ. ਐਮ.ਕੇ (ਡਾ.), ਹਿੰਦੂ ਸੋਲਹ ਸੰਸਕਾਰ: ਵੈਗਾਯਨਿਕ ਆਧਾਰ (ਹਿੰਦੀ), ਕਲਪਨਾ ਪ੍ਰਕਾਸ਼ਨ, ਦਿੱਲੀ, 2014.

ਪੰਡਿਤ ਸ੍ਰੀਰਾਮ ਸ਼ਰਮਾ ਆਚਾਰਯ, ਸ਼ੋਡਸ਼ ਸੰਸਕਾਰ ਵਿਵੇਚਨ (ਹਿੰਦੀ), ਅਖੰਡ ਜਯੋਤੀ ਸੰਸਥਾਨ, ਮਥੁਰਾ, 2015.

ਆਰਯੋਂ ਕੇ ਸੋਲਹ ਸੰਸਕਾਰ (ਹਿੰਦੀ), ਗਯਾਨੇਸ਼ਵਰਾਯ, ਵਾਨਪ੍ਰਸਥ ਸਾਧਕ ਆਸ਼ਰਮ, ਸਾਬਰਕਾਂਠਾ (ਗੁਜਰਾਤ)।

ਪ੍ਰੀਤੀ ਪ੍ਰਭਾ ਗੋਇਲ (ਡਾ.), ਸੋਲਹ ਹਿੰਦੂ ਸੰਸਕਾਰ (ਹਿੰਦੀ), ਅਰਿਹੰਤ ਪ੍ਰਕਾਸ਼ਨ, ਜੋਧਪੁਰ, 2019.

ਡਾ. ਰਾਜਬਲੀ ਪਾਂਡੇਯ, ਹਿੰਦੂ ਸੰਸਕਾਰ, ਚੌਖੰਭਾ ਪ੍ਰਕਾਸ਼ਨ, ਵਾਰਾਨਸੀ।

ਪੰਡਿਤ ਸ਼ਸ਼ੀਮੋਹਨ ਬਹਲ, ਸ਼ੋਡਸ਼ ਸੰਸਕਾਰ ਵਿਧਿ (ਹਿੰਦੀ), ਰਣਧੀਰ ਪ੍ਰਕਾਸ਼ਨ, ਹਰਿਦੁਆਰ।

ਪੰਡਿਤ ਮੋਰਧਵਜ ਸ਼ਰਮਾ, ਸਟਲ ਸ਼ੋਡਸ਼ ਸੰਸਕਾਰ : ਪੂਜਨ ਪੱਧਤੀ (ਹਿੰਦੀ), ਸ਼੍ਰੀ ਸਰਸਵਤੀ ਪ੍ਰਕਾਸ਼ਨ, ਅਜਮੇਰ

ਰਾਧੇਸ਼ਯਾਮ ਖੇਮਕਾ, ਸੰਸਕਾਰਪ੍ਰਕਾਸ਼ (ਹਿੰਦੀ), ਗੀਤਾਪ੍ਰੈਸ, ਗੋਰਖਪੁਰ, 2000.

**ਅਭਿਆਸ ਲਈ ਪ੍ਰਸ਼ਨ**

**ਵੱਡੇ ਪ੍ਰਸ਼ਨ**

1. ਹਿੰਦੂ ਧਰਮ ਦੇ ਕਿਹੜੇ-ਕਿਹੜੇ ਸੰਸਕਾਰ ਹਨ ਵਰਣਨ ਕਰੋ।
2. ਹਿੰਦੂ ਧਰਮ ਗ੍ਰੰਥਾਂ ਵਿਚ ਸੰਸਕਾਰਾਂ ਬਾਰੇ ਕੀ ਵਰਣਨ ਹੈ। ਆਪਣੇ ਸ਼ਬਦਾਂ ਵਿਚ ਬਿਆਨ ਕਰੋ।
3. ਧਰਮ ਪ੍ਰਵੇਸ਼ ਸੰਸਕਾਰ ਉੱਤੇ ਨੋਟ ਲਿਖੋ।
4. ਹਿੰਦੂ ਧਰਮ ਦੇ ਜਨਮ ਸੰਬੰਧੀ ਸੰਸਕਾਰਾਂ ਬਾਰੇ ਤੁਸੀਂ ਕੀ ਜਾਣਦੇ ਹੋ।

**ਛੋਟੇ ਪ੍ਰਸ਼ਨ**

1. ਗਰਭਦਾਨ ਸੰਸਕਾਰ
2. ਨਾਮਕਰਣ ਸੰਸਕਾਰ
3. ਵਿਆਹ ਸੰਸਕਾਰ
4. ਮ੍ਰਿਤਕ ਸੰਸਕਾਰ

# CORE COURSE (CC): RELIGIOUS STUDIES

**SEMESTER II** **Section - A**

## PAPER I: ਧਰਮ ਸੰਸਕਾਰ (ਜਨਮ, ਧਰਮ-ਪ੍ਰਵੇਸ਼, ਵਿਆਹ ਅਤੇ ਮ੍ਰਿਤਕ ਸੰਸਕਾਰ)

## UNIT- 4 ਜੈਨ ਧਰਮ: ਜਨਮ, ਧਰਮ-ਪ੍ਰਵੇਸ਼, ਵਿਆਹ ਅਤੇ ਮ੍ਰਿਤਕ ਸੰਸਕਾਰ

4.0 ਵਿਸ਼ਾ ਪ੍ਰਵੇਸ਼

4.1 ਜਾਣ ਪਛਾਣ

4.2 ਜੈਨ ਧਰਮ ਜਨਮ ਸੰਸਕਾਰ

- ਜਨਮ ਤੋਂ ਪਹਿਲਾਂ ਕੀਤੀਆਂ ਜਾਣ ਵਾਲੀਆਂ ਰਸਮਾਂ
- ਜਨਮ ਤੋਂ ਬਾਅਦ ਕੀਤੀਆਂ ਜਾਣ ਵਾਲੀਆਂ ਰਸਮਾਂ

4.3 ਧਰਮ ਪ੍ਰਵੇਸ਼ ਸੰਸਕਾਰ

4.4 ਵਿਆਹ ਸੰਸਕਾਰ

- ਵਿਆਹ ਦੀਆਂ ਰਸਮਾਂ
- ਕੁਲਕਰ ਸਥਾਪਨ
- ਮੰਡਪ ਪ੍ਰਤੀਸ਼ਠਾ
- ਮੰਗਲਾਸਤਕ
- ਹਸਤ ਮੇਲਾਪਾ

4.5 ਮ੍ਰਿਤਕ ਸੰਸਕਾਰ

- ਅੰਤਿਮ ਸੰਸਕਾਰ ਦੀਆਂ ਰਸਮਾਂ ਦੀ ਸ਼ੁਰੂਆਤ
- ਅੰਤਿਮ ਸੰਸਕਾਰ ਦੌਰਾਨ ਸਮਾਪਤੀ ਦੀਆਂ ਰਸਮਾਂ

4.6 ਸਾਰ

4.7 ਪੜ੍ਹਣਯੋਗ ਪੁਸਤਕਾਂ

4.8 ਅਭਿਆਸ ਲਈ ਪ੍ਰਸ਼ਨ

### 4.0 ਵਿਸ਼ਾ ਪ੍ਰਵੇਸ਼

ਪ੍ਰਸਤੁਤ ਵਿਸ਼ਾ ਜੈਨ ਧਰਮ ਦੇ ਧਾਰਮਿਕ ਸੰਸਕਾਰਾਂ ਨਾਲ ਸੰਬੰਧਿਤ ਹੈ ਜਿਸ ਵਿਚ ਇਸ ਧਰਮ ਦੇ ਵਿਭਿੰਨ ਸੰਸਕਾਰਾਂ ਸੰਬੰਧੀ ਰੌਸ਼ਨੀ ਪਾਉਂਦੇ ਹੋਏ ਵਿਦਿਆਰਥੀਆਂ ਨੂੰ ਜੈਨ ਧਰਮ ਦੇ ਸੰਸਕਾਰਾਂ ਬਾਰੇ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕੀਤੀ ਜਾਵੇਗੀ।

### 4.1 ਜਾਣ-ਪਛਾਣ

ਜੈਨ ਧਰਮ ਭਾਰਤੀ ਸ੍ਰਮਣ ਪਰੰਪਰਾ ਨਾਲ ਸੰਬੰਧਿਤ ਧਰਮ ਹੈ। ਜੈਨ ਉਹ ਹਨ ਜੋ ਜਿਨ ਦੇ ਪੈਰੋਕਾਰ ਹਨ। ਜਿਨ ਸ਼ਬਦ ਦੀ ਉਤਪਤੀ 'ਜੀ' ਸ਼ਬਦ ਤੋਂ ਹੋਈ ਹੈ। 'ਜੀ' ਦਾ ਅਰਥ ਹੈ ਜਿੱਤਣਾ ਅਤੇ 'ਜਿਨ' ਦਾ ਅਰਥ ਹੈ- ਜਿੱਤਣ ਵਾਲਾ। ਜਿਨ੍ਹਾਂ ਨੇ ਆਪਣੇ ਮਨ, ਬਾਣੀ ਅਤੇ ਸਰੀਰ ਨੂੰ ਜਿੱਤ ਲਿਆ ਹੈ ਉਹ ਜਿਨ ਹਨ। ਜੈਨ ਧਰਮ ਭਾਵ ਜਿਨ ਭਗਵਾਨ ਦਾ ਧਰਮ। ਪਹਿਰਾਵਾ ਰਹਿਤ ਸੀਰੀ, ਸ਼ੁੱਧ ਸ਼ਾਕਾਹਾਰੀ ਭੋਜਨ ਅਤੇ ਸ਼ੁੱਧ ਬੋਲੀ ਜੈਨ ਮਨੁੱਖ ਦੇ ਪਹਿਲੇ ਲੱਛਣ ਹਨ। ਜੈਨ ਧਰਮੀ ਆਪਣੇ ਧਰਮ ਪ੍ਰਤੀ ਬਹੁਤ ਚੇਤੰਨ ਰਹਿੰਦੇ ਹਨ। ਇਹ ਧਰਮ ਮੁੱਖ ਰੂਪ ਵਿਚ ਹਿੰਦੂ ਧਰਮ ਅੰਦਰ ਫੈਲੇ ਜਟਿਲ ਕਰਮ ਕਾਂਡਾਂ ਦੇ ਵਿਰੋਧ ਵਜੋਂ ਹੋਂਦ ਵਿਚ ਆਇਆ। ਇਸ ਵਿਚ ਹਿੰਦੂ ਧਰਮ ਦੇ ਸੰਸਕਾਰਾਂ ਵਾਂਗ ਗੁੰਝਲ ਰਹੁ ਰੀਤੀਆਂ ਨਹੀਂ ਹਨ। ਖਾਸਕਰ ਇਸ ਧਰਮ ਨੇ ਲੋਕਾਂ ਦੀ ਬੋਲੀ ਵਿਚ ਆਪਣੇ ਵਿਚਾਰਾਂ ਨੂੰ ਪ੍ਰਚਾਰਿਆ। ਇਸ ਧਰਮ ਵਿਚਲੇ ਜੀਵਨ ਦੇ ਵੱਖ-ਵੱਖ ਸੰਸਕਾਰਾਂ ਦਾ ਵਰਣਨ ਇਸ ਪ੍ਰਕਾਰ ਹੈ-

### 4.2 ਜੈਨ ਧਰਮ ਜਨਮ ਸੰਸਕਾਰ

ਜਨਮ ਸੰਸਕਾਰ ਬੱਚੇ ਦੇ ਜਨਮ ਨਾਲ ਸੰਬੰਧਿਤ ਕੀਤੇ ਜਾਣ ਵਾਲੇ ਸੰਸਕਾਰ ਜਾਂ ਕਰਮ ਨੂੰ ਦਰਸਾਉਂਦਾ ਹੈ। ਜੈਨ ਧਰਮ ਵਿਚ ਬੱਚੇ ਦੇ ਜਨਮ ਲੈਣ ਤੋਂ ਪਹਿਲਾਂ ਹੀ ਇਹ ਸੰਸਕਾਰ ਆਰੰਭ ਹੋ ਜਾਂਦੇ ਹਨ ਜਦੋਂ ਬੱਚਾ ਮਾਂ ਦੇ ਗਰਭ ਵਿਚ ਹੁੰਦਾ ਹੈ। ਇਹ ਸੰਸਕਾਰ ਬੱਚੇ ਦੇ ਜਨਮ ਤੋਂ ਪਹਿਲਾਂ ਸ਼ੁਰੂ ਹੋ ਕੇ ਉਸ ਦੇ ਜਨਮ ਲੈਣ ਤੋਂ ਬਾਅਦ ਤੱਕ ਚਲਦੇ ਰਹਿੰਦੇ ਹਨ। ਇਨ੍ਹਾਂ ਦਾ ਉਦੇਸ਼ ਬੱਚੇ ਨੂੰ ਧਾਰਮਿਕ ਮਹੱਤਤਾ ਵਾਲਾ ਮਾਹੌਲ ਪ੍ਰਦਾਨ ਕਰ ਕੇ ਉਸ ਨੂੰ ਅਧਿਆਤਮਕ ਕਦਰਾਂ ਕੀਮਤਾਂ ਨਾਲ ਜੋੜਣਾ ਹੈ। ਜੈਨ ਧਰਮ ਦੇ ਜਨਮ ਸੰਸਕਾਰ ਦੀਆਂ ਰਸਮਾਂ ਨੂੰ ਅਸੀਂ ਦੋ ਭਾਗਾਂ ਵਿਚ ਵੰਡ ਸਕਦੇ ਹਾਂ- ਜਨਮ ਤੋਂ ਪਹਿਲਾਂ ਕੀਤੀਆਂ ਜਾਣ ਵਾਲੀਆਂ ਰਸਮਾਂ ਅਤੇ ਜਨਮ ਤੋਂ ਬਾਅਦ ਕੀਤੀਆਂ ਰਸਮਾਂ।

- **ਜਨਮ ਤੋਂ ਪਹਿਲਾਂ ਕੀਤੀਆਂ ਜਾਣ ਵਾਲੀਆਂ ਰਸਮਾਂ**

ਜੈਨ ਧਰਮ ਵਿਚ ਬੱਚੇ ਦੇ ਜਨਮ ਤੋਂ ਪਹਿਲਾਂ ਕਈ ਰਸਮਾਂ ਨਿਭਾਈਆਂ ਜਾਂਦੀਆਂ ਹਨ। ਗਰਭਧਾਰਨ, ਸੀਮੰਤੋਨਯਨ ਅਤੇ ਪੁੰਸਾਵਨ ਵਰਗੇ ਸੰਸਕਾਰ ਉਸ ਸਮੇਂ ਕੀਤੇ ਜਾਂਦੇ ਹਨ ਜਦੋਂ ਬੱਚਾ ਮਾਂ ਦੇ ਗਰਭ ਵਿੱਚ ਹੁੰਦਾ ਹੈ। ਇਨ੍ਹਾਂ ਤਿੰਨਾਂ ਸੰਸਕਾਰਾਂ ਨੂੰ ਪੂਰਵ-ਜਨਮ ਸੰਸਕਾਰ ਕਿਹਾ ਜਾਂਦਾ ਹੈ ਅਤੇ ਜੋ ਬੱਚੇ ਦੇ ਜਨਮ ਤੋਂ ਬਾਅਦ ਕੀਤੇ ਜਾਂਦੇ ਹਨ, ਉਨ੍ਹਾਂ ਨੂੰ ਜਨਮ ਤੋਂ ਬਾਅਦ ਦੇ ਸੰਸਕਾਰ ਕਿਹਾ ਜਾਂਦਾ ਹੈ। ਜਨਮ ਤੋਂ ਪਹਿਲਾਂ ਦੀਆਂ ਰਸਮਾਂ ਵਿੱਚ ਮਾਂ ਦੀਆਂ ਕਦਰਾਂ-ਕੀਮਤਾਂ ਅਤੇ ਖ਼ਾਨਦਾਨੀ ਕਦਰਾਂ-ਕੀਮਤਾਂ ਨੂੰ ਪਹਿਲ ਦਿੱਤੀ ਜਾਂਦੀ ਹੈ। ਇਹਨਾਂ ਰਸਮਾਂ ਦਾ ਮੁੱਖ ਉਦੇਸ਼ ਬੱਚੇ ਦੇ ਜਨਮ ਤੋਂ ਪਹਿਲਾਂ ਅਤੇ ਬਾਅਦ ਵਿੱਚ ਜੀਵਨ ਵਿੱਚ ਸੁਧਾਰ ਕਰਨਾ ਹੈ।

- **ਜਨਮ ਤੋਂ ਬਾਅਦ ਕੀਤੀਆਂ ਰਸਮਾਂ**

ਬੱਚੇ ਦੇ ਜਨਮ ਤੋਂ ਬਾਅਦ ਕੀਤੀਆਂ ਜਾਂਦੀਆਂ ਰਸਮਾਂ ਨੂੰ ਜਾਤਕਰਮ ਸੰਸਕਾਰ ਕਿਹਾ ਜਾਂਦਾ ਹੈ। ਬੱਚਾ ਮਾਂ ਦੇ ਗਰਭ ਵਿੱਚ ਇੱਕ ਵੱਖਰੇ ਮਾਹੌਲ ਵਿੱਚ ਰਹਿੰਦਾ ਹੈ। ਇਹ ਮੂੰਹ ਰਾਹੀਂ ਭੋਜਨ ਨਹੀਂ ਲੈਂਦਾ ਅਤੇ ਨੱਕ ਰਾਹੀਂ ਸਾਹ ਲੈਂਦਾ ਹੈ। ਇਸ ਦਾ ਭੋਜਨ ਨਾਭੀਨਾਲ ਰਾਹੀਂ ਆਉਂਦਾ ਹੈ। ਗਰਭ ਅਵਸਥਾ ਦੌਰਾਨ, ਬੱਚਾ ਪਾਣੀ ਨਾਲ ਭਰੀ ਥੈਲੀ ਦੇ ਅੰਦਰ ਰਹਿੰਦਾ ਹੈ। ਬੱਚੇ ਦਾ ਮੂੰਹ ਅਤੇ ਅੱਖਾਂ ਕਫ ਵਰਗੇ ਪਦਾਰਥ ਨਾਲ ਬੰਦ ਹੋ ਜਾਂਦੀਆਂ ਹਨ, ਜਿਸ ਕਾਰਨ ਮੂੰਹ ਅਤੇ ਅੱਖਾਂ ਵਿੱਚ ਪਾਣੀ ਨਹੀਂ ਜਾ ਸਕਦਾ। ਇਸ ਲਈ ਜਨਮ ਤੋਂ ਬਾਅਦ ਉਸ ਦਾ ਮੂੰਹ ਅਤੇ ਨੱਕ ਸਾਫ਼ ਕਰਨਾ ਜ਼ਰੂਰੀ ਹੈ।

ਜਨਮ ਤੋਂ ਬਾਅਦ ਬੱਚੇ ਦਾ ਮਾਂ ਨਾਲ ਸਰੀਰਕ ਲਗਾਵ ਖਤਮ ਹੋ ਜਾਂਦਾ ਹੈ, ਇਸ ਲਈ ਦੁੱਧ ਪੀਣ ਦੇ ਨਾਲ-ਨਾਲ ਸਾਹ ਲੈਣ ਦੀ ਪ੍ਰਕਿਰਿਆ ਨੂੰ ਆਸਾਨ ਬਣਾਉਣ ਲਈ ਬੱਚੇ ਦੇ ਮੂੰਹ, ਕੰਨ, ਨੱਕ ਅਤੇ ਫੇਫੜਿਆਂ ਨੂੰ ਸਾਫ਼ ਕਰਨਾ ਜ਼ਰੂਰੀ ਹੈ। ਜਦੋਂ ਬੱਚਾ ਪਾਣੀ ਦੀ ਥੈਲੀ ਦੇ ਅੰਦਰ ਹੁੰਦਾ ਹੈ ਤਾਂ ਇਕ ਤਰ੍ਹਾਂ ਦਾ ਤੇਲ ਵਾਲਾ ਪੈਕ ਉਸ ਦੇ ਸਰੀਰ ਨੂੰ ਢੱਕ ਲੈਂਦਾ ਹੈ, ਇਸ ਲਈ ਪਾਣੀ ਦੀ ਥੈਲੀ ਚਮੜੀ ਨੂੰ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਨਹੀਂ ਪਹੁੰਚਾਉਂਦੀ। ਥੈਲੀ ਤੋਂ ਬਾਹਰ ਆਉਣ ਤੋਂ ਬਾਅਦ, ਸਰੀਰ ਤੋਂ ਤੇਲਯੁਕਤ ਪੈਕ ਨੂੰ ਹਟਾਉਣ ਲਈ ਬੱਚੇ ਨੂੰ ਨਹਾਉਣਾ ਜ਼ਰੂਰੀ ਹੈ। ਬੱਚੇ ਦੀਆਂ ਪੰਜ ਇੰਦਰੀਆਂ ਨੂੰ ਜਗਾਉਣ ਲਈ ਸਾਰੀਆਂ ਜ਼ਰੂਰੀ ਕਿਰਿਆਵਾਂ ਅਤੇ ਰਸਮਾਂ ਨਿਭਾਉਣੀਆਂ ਪੈਂਦੀਆਂ ਹਨ। ਬੱਚੇ ਦੀ ਜੀਭ 'ਤੇ ਥੋੜ੍ਹਾ ਜਿਹਾ ਘਿਓ ਲਗਾਉਣ ਦੀ ਵੀ ਸਲਾਹ ਦਿੱਤੀ ਜਾਂਦੀ ਹੈ। ਘਿਓ ਜਾਂ ਤੇਲ ਲਗਾਉਣ ਨਾਲ ਜ਼ੁਕਾਮ ਤੋਂ ਬਚਾਅ ਹੁੰਦਾ ਹੈ।

ਜਨਮ ਰਸਮਾਂ ਵਿੱਚੋਂ ਇੱਕ ਵਿੱਚ ਬੱਚੇ ਨੂੰ ਚੱਟਣ ਲਈ ਘਿਓ ਅਤੇ ਸ਼ਹਿਦ ਦੇਣਾ ਸ਼ਾਮਲ ਹੈ। ਹਾਲਾਂਕਿ, ਮਾਤਰਾ ਇੱਕੋ ਜਿਹੀ ਨਹੀਂ ਹੋਣੀ ਚਾਹੀਦੀ। ਸ਼ਹਿਦ ਘਿਓ ਨਾਲੋਂ ਤਿੰਨ ਗੁਣਾ ਹੋਣਾ ਚਾਹੀਦਾ ਹੈ। ਇਸ ਚਾਟ ਨੂੰ ਸੋਨੇ ਦੇ ਕਾਂਟੇ ਦੀ ਮਦਦ ਨਾਲ ਬੱਚੇ ਨੂੰ ਚੱਟਣ ਲਈ ਬਣਾਇਆ ਜਾਂਦਾ ਹੈ। ਓਮ ਸ਼ਬਦ ਨੂੰ ਜੀਭ 'ਤੇ ਵੀ ਸ਼ੀਸ਼ੇ ਦੀ ਮਦਦ ਨਾਲ ਲਿਖਿਆ ਜਾਂਦਾ ਹੈ। ਮਨੋਵਿਗਿਆਨੀਆਂ ਦੇ ਅਨੁਸਾਰ, ਇਹ ਰਸਮ ਬੱਚੇ ਨੂੰ ਆਪਣੇ ਜਨਮ ਤੋਂ ਬਾਅਦ ਪੰਜ ਸਾਲ ਦੀ ਉਮਰ ਤੱਕ ਜੋ ਕੁਝ ਵੀ ਸਿੱਖਦਾ ਹੈ ਉਸਨੂੰ ਯਾਦ ਰੱਖਣ ਵਿੱਚ ਮਦਦ ਕਰਦਾ ਹੈ। ਉਸ ਦੀ ਜ਼ੁਬਾਨ 'ਤੇ ਓਮ ਲਿਖਣ ਦਾ ਮੁੱਖ ਉਦੇਸ਼ ਇਹ ਹੈ ਕਿ ਉਹ ਜੋ ਵੀ ਬੋਲੇਗਾ, ਉਹ ਉਸ ਨੂੰ ਅਧਿਆਤਮਿਕਤਾ ਦੇ ਮਾਰਗ 'ਤੇ ਲੈ ਜਾਵੇਗਾ। ਬੱਚੇ ਦਾ ਪਿਤਾ ਉਸਦੇ ਕੰਨ ਵਿੱਚ ਫੁਸਫੁਸਾਉਂਦਾ ਹੈ- 'ਵੇਦੋਸੀ', ਜਿਸਦਾ ਮਤਲਬ ਹੈ 'ਤੁਸੀਂ ਇੱਕ ਗਿਆਨਵਾਨ ਵਿਅਕਤੀ ਹੋ।' ਇਸ ਤਰ੍ਹਾਂ, ਜਨਮ ਰਸਮ ਨਾਲ ਬ੍ਰਹਮ ਅਤੇ ਵਿਗਿਆਨਕ ਮਹੱਤਵ ਜੁੜਿਆ ਹੋਇਆ ਹੈ ਅਤੇ ਇਸ ਨੂੰ ਨਿਭਾਉਣਾ ਜ਼ਰੂਰੀ ਹੈ।

ਜੈਨ ਧਰਮ ਵਿੱਚ ਜਾਤਕਰਮ ਨਾਮਕ ਇੱਕ ਰੀਤੀ ਹੈ ਜੋ ਇੱਕ ਬੱਚੇ ਦੇ ਜਨਮ ਅਤੇ ਪਿਤਾ ਅਤੇ ਬੱਚੇ ਦੇ ਵਿਚਕਾਰ ਬੰਧਨ ਦਾ ਜਸ਼ਨ ਮਨਾਉਂਦੀ ਹੈ। ਇਸ ਰਸਮ ਦੌਰਾਨ, ਪਿਤਾ ਸ਼ਹਿਦ ਅਤੇ ਘਿਓ ਨਾਲ ਆਪਣੇ ਬੁੱਲ੍ਹਾਂ ਨੂੰ ਛੂਹ ਕੇ ਬੱਚੇ ਦਾ ਸਵਾਗਤ ਕਰਦਾ ਹੈ। ਕਈ ਵਾਰ, ਰਸਮ ਨੂੰ ਵੈਦਿਕ ਭਜਨਾਂ ਦੇ ਪਾਠ ਨਾਲ ਚਿੰਨ੍ਹਿਤ ਕੀਤਾ ਜਾਂਦਾ ਹੈ।

ਜੈਨ ਧਰਮ ਵਿੱਚ ਇੱਕ ਵਿਹਾਰਕ ਭਰੂਣ ਲਈ ਅਸੀਸ ਦੇਣ ਦੀ ਰਸਮ ਵੀ ਹੈ, ਜੋ ਆਮ ਤੌਰ 'ਤੇ ਗਰਭ ਦੇ ਸੱਤਵੇਂ ਮਹੀਨੇ ਦੌਰਾਨ ਮਨਾਇਆ ਜਾਂਦਾ ਹੈ। ਇਸ ਸਮਾਗਮ ਦੌਰਾਨ ਮਾਂ ਅਤੇ ਬੱਚੇ ਦੀ ਭਲਾਈ ਲਈ ਪਾਠ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਮਾਂ ਦੇ ਮੱਥੇ 'ਤੇ ਸ਼ੁਭ ਲਾਲ ਪਾਊਡਰ (ਸਿੰਦੂਰ) ਲਗਾਉਣਾ ਅਤੇ ਉਸ ਦੀ ਗੋਦ ਵਿੱਚ ਫਲ, ਮਿਠਾਈਆਂ ਅਤੇ ਫੁੱਲ ਰੱਖਣੇ ਵੀ ਜਨਮ ਸੰਸਕਾਰ ਦੀਆਂ ਰਸਮਾਂ ਵਿਚ ਸ਼ਾਮਿਲ ਹਨ।

**4.3 ਧਰਮ ਪ੍ਰਵੇਸ਼ ਸੰਸਕਾਰ**

ਦੂਸਰੇ ਧਰਮਾਂ ਵਾਂਗ ਜੈਨ ਧਰਮ ਵਿਚ ਵੀ ਧਰਮ ਪ੍ਰਵੇਸ਼ ਸੰਸਕਾਰ ਇਕ ਅਹਿਮ ਸਥਾਨ ਰੱਖਦਾ ਹੈ। ਇਸ ਧਰਮ ਦੇ ਵਿਸ਼ਵਾਸ ਅਨੁਸਾਰ ਬੱਚੇ ਦੇ ਜਨਮ ਰਾਹੀਂ ਉਸ ਦਾ ਧਰਮ ਵਿਚ ਪ੍ਰਵੇਸ਼ ਨਹੀਂ ਮੰਨਿਆ ਜਾਂਦਾ ਸਗੋਂ ਧਰਮ ਵਿਚ ਪ੍ਰਵੇਸ਼ ਲਈ ਵਿਸ਼ੇਸ਼ ਨਿਯਮਾਂ ਤਹਿਤ ਧਰਮ ਦੀਖਿਆ ਪ੍ਰਦਾਨ ਕੀਤੀ ਜਾਂਦੀ ਹੈ। ਜੈਨ ਧਰਮ ਵਿਚ ਧਰਮ ਪ੍ਰਵੇਸ਼

ਸੰਸਕਾਰ ਸੰਬੰਧੀ ਇਹ ਨੁਕਤਾ ਖਾਸ ਧਿਆਨ ਦੇਣ ਯੋਗ ਹੈ ਕਿ ਜੈਨ ਧਰਮ ਦੀਆਂ ਦੋ ਸੰਪਰਦਾਵਾਂ- ਸ੍ਵੇਤਾਂਬਰ ਅਤੇ ਦਿਗੰਬਰ ਵਿਚੋਂ ਕੇਵਲ ਦਿਗੰਬਰ ਸੰਪਰਦਾ ਹੀ ਧਰਮ ਪ੍ਰਵੇਸ਼ ਸੰਸਕਾਰ ਨੂੰ ਮੰਨਦੀ ਹੈ ਅਤੇ ਸ੍ਵੇਤਾਂਬਰ ਸੰਪਰਦਾ ਵਿਚ ਇਸ ਸੰਸਕਾਰ ਦੀ ਕੋਈ ਥਾਂ ਨਹੀਂ।

ਦਿਗੰਬਰ ਸੰਪਰਦਾ ਵਿਚ ਜੈਨ ਧਰਮ ਵਿਚ ਪ੍ਰਵੇਸ਼ ਕਰਨ ਵਾਲੇ ਭਿਖੂ ਦੇ ਕੱਪੜੇ ਉਤਾਰ ਦਿੱਤੇ ਜਾਂਦੇ ਹਨ ਅਤੇ ਕੇਵਲ ਦੋ ਵਸਤਰ ਧਾਰਨ ਕਰਵਾਏ ਜਾਂਦੇ ਹਨ। ਜੈਨੀ ਭਿਖੂ ਆਪਣੇ ਆਚਾਰਯ ਤੋਂ ਪ੍ਰਾਪਤ ਕੀਤਾ ਗਿਆ ਕੇਵਲ ਇਕ ਝਾੜੂ ਅਤੇ ਇਕ ਪਾਣੀ ਦੀ ਗੜਵੀ ਹੀ ਆਪਣੇ ਕੋਲ ਰੱਖਦਾ ਹੈ ਅਤੇ ਆਪਣਾ ਸਮੁੱਚਾ ਜੀਵਨ ਬਿਨਾਂ ਕਪੜਿਆਂ ਦੇ ਹੀ ਬਤੀਤ ਕਰਦਾ ਹੈ।

ਜੈਨ ਧਰਮ ਅਨੁਸਾਰ ਕਿਸੇ ਭਿਖੂ ਨੂੰ ਧਰਮ ਪ੍ਰਵੇਸ਼ ਕਰਵਾਉਣ ਸਮੇਂ ਮੁੱਖ ਰੂਪ ਵਿਚ ਤਿੰਨ ਰਸਮਾਂ ਅਦਾ ਕੀਤੀਆਂ ਜਾਂਦੀਆਂ ਹਨ, ਜਿਨ੍ਹਾਂ ਨੂੰ ਉਪਨੀਤੀ ਕ੍ਰਿਆ ਜਾਂ ਯਗੋਪਵੀਤ ਕ੍ਰਿਆ ਕਿਹਾ ਜਾਂਦਾ ਹੈ। ਇਹ ਰਸਮਾਂ ਬੱਚੇ ਦੇ ਅੱਠ ਸਾਲ ਦੀ ਉਮਰ ਵਿਚ ਨਿਭਾਈਆ ਜਾਂਦੀਆਂ ਹਨ।

ਪਹਿਲੀ ਰਸਮ ਵਿਚ ਧਰਮ ਪ੍ਰਵੇਸ਼ ਕਰਨ ਵਾਲੇ ਬੱਚੇ ਤੋਂ ਜੈਨ ਮੰਦਰ ਵਿਚ ਅਰਹੰਦ ਦੇਵ ਦੀ ਪੂਜਾ ਕਰਵਾ ਕੇ ਉਸ ਦੇ ਲੱਕ ਵਿਚ ਮੁੰਜ ਦੀ ਰੱਸੀ ਬੰਨ੍ਹੀ ਜਾਂਦੀ ਹੈ। ਇਸ ਨੂੰ ਮੌਜੀ ਬੰਧਨ ਕਿਹਾ ਜਾਂਦਾ ਹੈ। ਇਸ ਰਸਮ ਦੌਰਾਨ ਧਰਮ ਪ੍ਰਵੇਸ਼ ਕਰਨ ਵਾਲਾ ਭਿਖੂ ਨਗਨ ਅਵਸਥਾ ਵਿਚ ਸਿਰ ਤੇ ਕੱਪੜੇ ਨਾਲ ਢਕੀ ਹੋਈ ਟੋਕਰੀ ਲੈ ਸਾਧੂ ਨਾਲ ਜੈਨ ਮੰਦਰ ਵਿਚ ਜਾਂਦਾ ਹੈ। ਉਪਰੰਤ ਬੱਚੇ ਦਾ ਮੁੰਡਨ ਕਰਵਾ ਕੇ ਚਿੱਟੇ ਰੰਗ ਦੀ ਧੋਤੀ ਅਤੇ ਗਲ ਵਿਚ ਚਿੱਟੇ ਰੰਗ ਦਾ ਪਰਨਾ ਧਾਰਨ ਕਰਵਾਇਆ ਜਾਂਦਾ ਹੈ। ਇਹ ਰਸਮਾਂ ਧਰਮ ਪ੍ਰਵੇਸ਼ ਕਰਨ ਵਾਲੇ ਬੱਚੇ ਦੇ ਵਿਸ਼ੇ-ਵਿਕਾਰਾਂ ਤੋਂ ਮੁਕਤ ਹੋਣ ਦਾ ਪ੍ਰਤੀਕ ਹਨ। ਧਰਮ ਪ੍ਰਵੇਸ਼ ਕਰਨ ਵਾਲੇ ਬੱਚੇ ਨੂੰ ਬ੍ਰਹਮਚਾਰੀ ਦਾ ਨਾਮ ਪ੍ਰਦਾਨ ਕੀਤਾ ਜਾਂਦਾ ਹੈ ਅਤੇ ਉਸ ਨੂੰ ਭਿਖਿਆ ਮੰਗਣ ਲਈ ਭੇਜਿਆ ਜਾਂਦਾ ਹੈ।

ਧਰਮ ਪ੍ਰਵੇਸ਼ ਸੰਸਕਾਰ ਦੀ ਦੂਜੀ ਰਸਮ ਵਿਚ ਧਰਮ ਧਰਮ ਪ੍ਰਵੇਸ਼ ਕਰਨ ਵਾਲੇ ਬੱਚੇ ਨੂੰ ਵਤਚਰਯਾ ਕਿਰਿਆ ਕਰਵਾਉਂਦੇ ਹੋਏ ਅਹਿੰਸਾ ਪਾਲਣ ਦੇ ਨਿਯਮਾਂ, ਕਰਨ ਯੋਗ ਅਤੇ ਨਾ ਕਰਨਯੋਗ ਕੰਮਾਂ ਬਾਰੇ ਦੱਸਿਆ ਜਾਂਦਾ ਹੈ। ਧਰਮ ਪ੍ਰਵੇਸ਼ ਕਰਨ ਵਾਲੇ ਲਈ ਜੋਤਿਸ਼ ਵਿਦਿਆ , ਛੰਦ ਸ਼ਾਸਤਰ ਆਦਿ ਦਾ ਅਧਿਐਨ ਵੀ ਇਸ ਰਸਮ ਦਾ ਜ਼ਰੂਰੀ ਹਿੱਸਾ ਹਨ। ਇਸ ਰਸਮ ਦੌਰਾਨ ਵਡੇਰੀ ਉਮਰ ਦੇ ਜੈਨੀ ਭਿਖੂ ਦੁਆਰਾ ਨਵੇਂ ਬਣੇ ਭਿਖੂਆਂ ਨੂੰ ਪਿੰਡ ਦੀ ਹੱਦ ਛੱਡ ਕੇ ਯਾਤਰਾ ਕਰਨ ਲਈ ਪ੍ਰੇਰਨਾ ਦਿੱਤੀ ਜਾਂਦੀ ਹੈ।

ਧਰਮ ਪ੍ਰਵੇਸ਼ ਸੰਸਕਾਰ ਦੀ ਤੀਜੀ ਰਸਮ ਬਾਰਾਂ ਜਾਂ ਸੋਲਾਂ ਸਾਲ ਦੀ ਉਮਰ ਵਿਚ ਕਰਵਾਈ ਜਾਂਦੀ ਹੈ ਜਿਸ ਦੌਰਾਨ ਵਾਤਾਵਰਨ ਕਿਰਿਆ ਅਦਾ ਕੀਤੀ ਜਾਂਦੀ ਹੈ। ਇਸ ਕਿਰਿਆ ਦੌਰਾਨ ਬ੍ਰਹਮਚਾਰੀ ਦੁਆਰਾ ਵਿਸ਼ੇਸ਼ ਵਰਤਾਂ ਨੂੰ ਛੱਡ ਕੇ ਆਮ ਵਰਤਾਂ ਦੀ ਪਾਲਣਾ ਕੀਤੀ ਜਾਂਦੀ ਹੈ।

**4.4 ਜੈਨ ਧਰਮ ਵਿਆਹ ਸੰਸਕਾਰ**

ਜੈਨ ਪਰੰਪਰਾ ਵਿੱਚ, ਬਾਕੀ ਭਾਰਤੀ ਭਾਈਚਾਰਿਆਂ ਵਾਂਗ, ਵਿਆਹ ਇੱਕ ਭਾਈਚਾਰਕ ਘਟਨਾ ਹੈ ਕਿਉਂਕਿ ਇਸ ਵਿਚ ਨਾ ਸਿਰਫ ਦੋ ਵਿਅਕਤੀ, ਬਲਕਿ ਦੋ ਪਰਿਵਾਰ ਇੱਕਜੁੱਟ ਹੁੰਦੇ ਹਨ। ਕਈ ਵਾਰ ਵਿਆਹ ਤੱਕ, ਜਾਂ ਉਸ ਤੋਂ ਬਾਅਦ, ਬੱਚੇ ਆਮ ਤੌਰ 'ਤੇ ਆਪਣੇ ਮਾਪਿਆਂ ਨਾਲ ਰਹਿੰਦੇ ਹਨ ਅਤੇ ਇਹ ਮਾਪਿਆਂ ਦੀ ਜ਼ਿੰਮੇਵਾਰੀ ਹੈ ਕਿ ਉਹ ਉਨ੍ਹਾਂ ਨੂੰ ਸੰਭਾਵੀ ਵਿਆਹੁਤਾ ਸਾਥੀ ਨਾਲ ਜਾਣ-ਪਛਾਣ ਕਰਾਉਣ [ਜਾਂ ਢੁਕਵੇਂ ਵਿਚੋਲਿਆਂ ਦੀ ਮਦਦ ਨਾਲ]।

ਵਿਆਹ ਤੋਂ ਪਹਿਲਾਂ ਜਦੋਂ ਲੜਕਾ ਲੜਕੀ ਦੀ ਸਹਿਮਤੀ ਹੁੰਦੀ ਹੈ ਤਾਂ ਮੰਗਣੀ ਦਾ ਸਮਾਰੋਹ ਆਯੋਜਿਤ ਕੀਤਾ ਜਾਂਦਾ ਹੈ, ਜਿਸ ਵਿੱਚ ਭਾਈਚਾਰੇ ਦੇ ਪ੍ਰਮੁੱਖ ਮੈਂਬਰਾਂ ਨੂੰ ਸੱਦਾ ਦਿੱਤਾ ਜਾਂਦਾ ਹੈ ਜਿਸ ਵਿਚ ਵੱਖ-ਵੱਖ ਵਸਤੂਆਂ ਅਤੇ ਤੋਹਫ਼ਿਆਂ ਦਾ ਇੱਕ ਰਸਮੀ ਅਦਾਨ-ਪ੍ਰਦਾਨ ਹੁੰਦਾ ਹੈ ਅਤੇ ਮੰਗਣੇ ਨੂੰ ਮੰਗਣਾ ਦਸਤਾਵੇਜ਼ ਵਿਚ ਰਿਕਾਰਡ ਕੀਤਾ ਜਾਂਦਾ ਹੈ। ਇਹ ਰਸਮ ਲਾੜੇ ਦੇ ਘਰ ਜਾਂ ਕਮਿਊਨਿਟੀ ਹਾਲ ਵਿੱਚ ਹੁੰਦੀ ਹੈ ਅਤੇ ਵਿਆਹ ਦੀ ਤਾਰੀਖ ਸੰਬੰਧੀ ਆਮ ਤੌਰ 'ਤੇ ਇਸ ਪੜਾਅ 'ਤੇ ਚਰਚਾ ਕੀਤੀ ਜਾਂਦੀ ਹੈ।

ਜਦੋਂ ਸ਼ੁਭ ਦਿਨ ਅਤੇ ਸਮੇਂ ਬਾਰੇ ਸਲਾਹ-ਮਸ਼ਵਰੇ ਤੋਂ ਬਾਅਦ ਵਿਆਹ ਦੀ ਮਿਤੀ 'ਤੇ ਸਹਿਮਤੀ ਹੁੰਦੀ ਹੈ, ਤਾਂ ਸੱਦੇ ਪੱਤਰ ਵਿਅਕਤੀਗਤ ਤੌਰ 'ਤੇ ਭੇਜੇ ਜਾਂ ਬਣਾਏ ਜਾਂਦੇ ਹਨ। ਸੱਦੇ ਗਏ ਮਹਿਮਾਨਾਂ ਦੀ ਗਿਣਤੀ ਬਹੁਤ ਵੱਡੀ ਹੋ ਸਕਦੀ ਹੈ। ਇਸ ਵਿੱਚ ਬਹੁਤ ਸਾਰੇ ਰਿਸ਼ਤੇਦਾਰ ਅਤੇ ਭਾਈਚਾਰੇ ਦੇ ਕਾਫੀ ਸਾਰੇ ਮੈਂਬਰ ਸ਼ਾਮਲ ਹੋਣੇ ਚਾਹੀਦੇ ਹਨ। ਵਿਆਹ ਵਾਲੇ ਦਿਨ ਤੋਂ ਤਕਰੀਬਨ ਸੱਤ ਤੋਂ ਦਸ ਦਿਨ ਪਹਿਲਾਂ, ਲਾੜੀ ਦਾ ਪਰਿਵਾਰ ਆਪਣੇ ਨਜ਼ਦੀਕੀ ਰਿਸ਼ਤੇਦਾਰਾਂ ਦਾ ਇੱਕ ਵਫ਼ਦ ਲਾੜੇ ਦੇ ਘਰ ਭੇਜਦਾ ਹੈ, ਜਿਸ ਵਿੱਚ ਪੁਜਾਰੀ ਵੱਲੋਂ ਲਿਖੇ ਇੱਕ ਵਿਸ਼ੇਸ਼ ਸੱਦੇ ਨਾਲ ਲਾੜੇ ਦੇ ਪਰਿਵਾਰ ਨੂੰ ਵਿਆਹ ਸਮਾਗਮ ਵਿੱਚ ਜਲੂਸ ਲਿਆਉਣ ਦੀ ਬੇਨਤੀ ਕੀਤੀ ਜਾਂਦੀ ਹੈ। ਦੋਵੇਂ ਪਰਿਵਾਰ ਲਾੜੀ ਲਈ ਕੱਪੜੇ ਅਤੇ ਗਹਿਣੇ ਤਿਆਰ ਕਰਦੇ ਹਨ, ਜਿਸ ਨੂੰ ਉਹ ਆਪਣੇ ਨਵੇਂ ਘਰ ਲੈ ਜਾਂਦੀ ਹੈ। ਲਾੜੇ ਦਾ ਪਰਿਵਾਰ ਸਮਾਰੋਹ ਤੋਂ ਇੱਕ ਜਾਂ ਦੋ ਦਿਨ ਪਹਿਲਾਂ ਆਪਣੇ ਤੋਹਫ਼ੇ ਪੇਸ਼ ਕਰਦਾ ਹੈ, ਅਤੇ ਲਾੜੀ ਦੇ ਪਰਿਵਾਰ ਦੇ ਤੋਹਫ਼ੇ ਵਿਆਹ ਵਾਲੇ ਦਿਨ ਪੇਸ਼

ਕੀਤੇ ਜਾਂਦੇ ਹਨ। ਜੈਨ ਧਰਮ ਵਿੱਚ ਦਾਜ ਪ੍ਰਥਾ ਨਹੀਂ ਹੈ। ਲਾੜੇ ਤੋਂ ਲਾੜੇ ਦੇ ਪਰਿਵਾਰ ਨੂੰ ਤੋਹਫ਼ੇ ਵੀ ਸਮਾਜ ਦੁਆਰਾ ਨਿਰਧਾਰਤ ਕੀਤੇ ਜਾਂਦੇ ਹਨ, ਜਦੋਂ ਤੱਕ ਉਹ ਪੂਰੀ ਤਰ੍ਹਾਂ ਸਵੈਇੱਛਤ ਨਹੀਂ ਹੁੰਦੇ।

- **ਵਿਆਹ ਦੀਆਂ ਰਸਮਾਂ**

ਵਿਆਹ ਦੀ ਰਸਮ ਬ੍ਰਾਹਮਣ ਜਾਂ ਨਾਮਵਰ ਜੈਨ ਦੁਆਰਾ ਕੀਤੀ ਜਾਂਦੀ ਹੈ। ਵਿਆਹ ਦੀਆਂ ਰਸਮਾਂ ਵਿੱਚ ਸੋਲਾਂ ਪੜਾਅ ਹੁੰਦੇ ਹਨ ਜਿਨ੍ਹਾਂ ਵਿੱਚੋਂ ਪਹਿਲੇ ਤਿੰਨ ਪੜਾਅ ਵਿਆਹ ਦੇ ਦਿਨ ਤੋਂ ਪਹਿਲਾਂ ਹੁੰਦੇ ਹਨ। ਮਾਤ੍ਰਿਕਾ ਸਥਾਪਨ (Maatruka Sthaapan) , ਲਾੜੀ ਦੇ ਘਰ ਵਿੱਚ ਕੀਤੀ ਜਾਣ ਵਾਲੀ ਇੱਕ ਸ਼ੁਭ ਰਸਮ ਹੈ ਜੋ ਸਵਰਗੀ ਦੇਵੀਆਂ ਦਾ ਸੱਦਾ ਹੈ। ਇਹ ਰਸਮ ਬ੍ਰਾਹਮਣੀ, ਮਹੇਸ਼ਵਰੀ, ਕੁਮਾਰੀ, ਵੈਸ਼ਨਵੀ, ਵਾਰਾਹੀ, ਇੰਦਰਾਣੀ, ਚਾਮੁੰਡਾ ਅਤੇ ਤ੍ਰਿਪੁਰਾ ਨੂੰ ਅਸਥਾਈ ਤੌਰ 'ਤੇ ਲਾੜੀ ਦੇ ਘਰ ਵਿੱਚ ਰਹਿਣ ਅਤੇ ਲਾੜੀ ਦੀ ਖੁਸ਼ੀ ਅਤੇ ਜੋੜੇ ਦੀ ਖੁਸ਼ਹਾਲੀ ਨੂੰ ਯਕੀਨੀ ਬਣਾਉਣ ਲਈ ਵਿਆਹ ਦੇ ਦਿਨ ਤੋਂ ਦੋ ਤੋਂ ਸੱਤ ਦਿਨ ਪਹਿਲਾਂ ਹੁੰਦੀ ਹੈ।

- **ਕੁਲਕਰ ਸਥਾਪਨ** (Kulakara Sthaapan)

ਇਹ ਲਾੜੇ ਦੇ ਘਰ ਵਿੱਚ ਕੀਤੀ ਜਾਣ ਵਾਲੀ ਸ਼ੁਭ ਰਸਮ ਹੈ ਜੋ ਸਵਰਗੀ ਦੇਵਤਿਆਂ ਦਾ ਸੱਦਾ ਹੈ। ਇਹ ਰਸਮ ਵਿਮਲ-ਵਾਹਨ, ਚਖਸੁਸਮਨ, ਯਸ਼ਸਵਨ, ਅਭਿਚੰਦਰ, ਪ੍ਰਸੰਨਜੀਤ, ਮਰੁਦੇਵ ਅਤੇ ਨਾਭੀ ਨੂੰ ਪਰਿਵਾਰ ਦੀ ਪਰੰਪਰਾ ਦੀ ਖੁਸੀਂ ਅਤੇ ਰੱਖ-ਰਖਾਅ ਨੂੰ ਯਕੀਨੀ ਬਣਾਉ ਦੁ ਉਦੇਸ਼ ਨਾਲ ਲਾੜੇ ਦੇ ਘਰ ਵਿਚ ਅਸਥਾਈ ਨਿਵਾਸ ਕਰਵਾਉਣ ਲਈ ਕੀਤੀ ਜਾਂਦੀ ਹੈ।

ਇਨ੍ਹਾਂ ਰਸਮਾਂ ਤੋਂ ਬਾਅਦ, ਲਾੜਾ ਅਤੇ ਲਾੜੀ ਦੋਵਾਂ ਦੀ ਚਮੜੀ ਦੀ ਨਿਯਮਤ ਤੌਰ 'ਤੇ ਖੁਸ਼ਬੂਦਾਰ ਤੇਲ ਅਤੇ ਹਲਦੀ ਵਰਗੇ ਸੁੰਦਰਤਾ ਵਧਾਉਣ ਵਾਲੇ ਪਦਾਰਥਾਂ ਨਾਲ ਮਾਲਿਸ਼ ਕੀਤੀ ਜਾਂਦੀ ਹੈ। ਉਨ੍ਹਾਂ ਦੀ ਤੰਦਰੁਸਤੀ ਲਈ ਮੰਦਰ ਵਿੱਚ ਪੂਜਾ ਅਤੇ ਹਰ ਪਰਿਵਾਰ ਵੱਲੋਂ ਪੁੱਤਰ ਜਾਂ ਧੀ ਦੇ ਗਲੇ ਵਿੱਚ ਸੋਨੇ ਦੀ ਚੇਨ ਪਾਉਣ ਦੀ ਰਸਮ [ਮਾਲਾ] ਕੀਤੀ ਜਾਂਦੀ ਹੈ। ਵਿਆਹ ਤੋਂ ਠੀਕ ਪਹਿਲਾਂ ਇਹ ਸਮਾਂ ਪਰਿਵਾਰਾਂ ਲਈ ਖੁਸ਼ੀ ਅਤੇ ਜਸ਼ਨ ਦਾ ਹੁੰਦਾ ਹੈ।

ਵਿਆਹ ਦੇ ਦਿਨ ਤੋਂ ਬਾਅਦ, ਆਦਰਸ਼ਕ ਤੌਰ 'ਤੇ ਇਸ ਤੋਂ ਸੱਤ ਦਿਨ ਬਾਅਦ, ਪਰ ਇਸ ਤੋਂ ਪਹਿਲਾਂ ਜੇ ਇਹ ਸੰਭਵ ਨਹੀਂ ਹੈ, ਤਾਂ ਪਰਿਵਾਰਾਂ ਦੇ ਘਰਾਂ ਵਿੱਚ ਨਿਵਾਸ ਕਰਨ ਵਾਲੇ ਦੇਵਤਿਆਂ ਨੂੰ ਵਿਦਾਈ ਦੇਣ ਲਈ ਇੱਕ ਹੋਰ ਰਸਮ ਕੀਤੀ ਜਾਂਦੀ ਹੈ।

* **ਮੰਡਪ ਪ੍ਰਤੀਸ਼ਠਾ** (Mandapa Paratishthaa)

ਇਹ ਘਰ ਜਾਂ ਵਿਆਹ ਦੇ ਮੰਡਪ ਵਿੱਚ ਕੀਤੀ ਜਾਣ ਵਾਲੀ ਇੱਕ ਸ਼ੁਭ ਰਸਮ ਹੈ ਜਿਸ ਦਾ ਉਦੇਸ਼ ਉਸ ਪਵਿੱਤਰ ਸਥਾਨ [ਮੰਡਪ] ਦੀ ਸਥਾਪਨਾ ਕਰਨ ਲਈ ਸਾਰੇ ਥਾਵਾਂ ਦੇ ਦੇਵਤਿਆਂ ਨੂੰ ਬੁਲਾਉਣਾ ਹੈ ਜਿਸ ਮੰਡਪ ਵਿੱਚ ਵਿਆਹ ਹੋਵੇਗਾ। 'ਪਵਿੱਤਰ ਬਿੰਦੂ' [ਮੇਨਕਾ ਥੰਮ੍ਹ] ਦੀ ਇਹ ਰਸਮ ਜਾਂ ਤਾਂ ਵਿਆਹ ਵਾਲੇ ਦਿਨ ਜਾਂ ਕੁਝ ਦਿਨ ਪਹਿਲਾਂ ਲਾੜੀ ਦੇ ਘਰ ਹੁੰਦੀ ਹੈ। ਮੇਨਕਾ ਸਤੰਭ ਇੱਕ ਸਧਾਰਨ ਲੱਕੜ ਦਾ ਪ੍ਰਤੀਕ ਹੈ ਜੋ ਕੰਪਾਸ ਦੇ ਚਾਰ ਬਿੰਦੂਆਂ ਦੇ ਦੇਵਤਿਆਂ ਦੀਆਂ ਅਸੀਸਾਂ ਨੂੰ ਦਰਸਾਉਂਦਾ ਹੈ। ਕਈ ਵਾਰ ਇਹ ਰਸਮ ਲਾੜੇ ਦੇ ਘਰ ਹੁੰਦੀ ਹੈ। ਮੇਨਕਾ ਥੰਮ੍ਹ ਨੂੰ ਮੰਡਪ ਵਿੱਚ ਕੋਰੀ (Cori) ਦੇ ਅੰਦਰ ਇੱਕ ਪਵਿੱਤਰ ਸਥਾਨ ਵਿੱਚ ਰੱਖਿਆ ਜਾਂਦਾ ਹੈ। ਇੱਕ ਨਿਸ਼ਚਿਤ ਖੇਤਰ ਵਿੱਚ ਪੱਤਿਆਂ ਦੀਆਂ ਤਾਰਾਂ [Toranas] ਦੇ ਨਾਲ ਚਾਰ ਕੋਨੇ ਦੇ ਥੰਮ੍ਹਾਂ ਦਾ ਨਿਰਮਾਣ ਕਰਕੇ, ਵਿਆਹ ਦੀ ਰਸਮ ਕੋਰੀ ਦੇ ਅੰਦਰ ਹੁੰਦੀ ਹੈ। ਕੇਂਦਰ ਵਿੱਚ ਇੱਕ ਛੋਟਾ ਨੀਵਾਂ ਥੜ੍ਹਾ [ਵੇਦੀ] ਪਵਿੱਤਰ ਅੱਗ ਲਈ ਹੁੰਦਾ ਹੈ।

ਇਸ਼ਨਾਨ ਕਰਨ ਤੋਂ ਬਾਅਦ ਵਧੀਆ ਕੱਪੜੇ-ਗਹਿਣੇ ਪਾ ਕੇ, ਮੱਥੇ ਉਤੇ ਤਿਲਕ ਲਗਾਉਣ ਤੋਂ ਬਾਅਦ ਲਾੜਾ ਦੇਵਤਿਆਂ ਦੀ ਪੂਜਾ ਕਰਦਾ ਹੈ ਅਤੇ ਆਪਣੇ ਰਿਸ਼ਤੇਦਾਰਾਂ ਨਾਲ ਵਿਆਹ ਵਾਲੀ ਥਾਂ ਦੀ ਯਾਤਰਾ ਸ਼ੁਰੂ ਕਰਦਾ ਹੈ। ਰਵਾਇਤੀ ਤੌਰ ਤੇ ਉਹ ਘੋੜੇ ਜਾਂ ਹਾਥੀ ਉੱਤੇ ਸਵਾਰ ਹੁੰਦਾ ਹੈ ਪਰ ਅੱਜਕੱਲ੍ਹ ਇਹ ਰਸਮ ਇਕ ਹਾਲ ਜਾਂ ਹੋਟਲ ਵਿਚ ਕੀਤੀ ਜਾਂਦੀ ਹੈ ਅਤੇ ਲਾੜੇ ਦੇ ਨਾਲ ਉਸ ਦੇ ਸਾਥੀ ਹੁੰਦੇ ਹਨ। ਰਸਮੀ ਤੌਰ 'ਤੇ ਉਹ ਹਾਲ ਦੇ ਦਰਵਾਜ਼ੇ ਵੱਲ ਲਗਭਗ 100 ਗਜ਼ ਤੱਕ ਚੱਲਦੇ ਹਨ, ਜਿੱਥੇ ਪੂਜਾ ਕਰਨ ਵਾਲਾ ਪੁਜਾਰੀ ਇੱਕ ਮੰਤਰ ਦਾ ਜਾਪ ਕਰਦਾ ਹੈ। ਪਹਿਲੇ ਤੀਰਥੰਕਰ ਭਗਵਾਨ ਆਦਿਨਾਥ ਦੀ ਉਸਤਤਿ ਕਰਦਾ ਹੈ ਅਤੇ ਜੈਨ ਮਾਰਗ ਦੀ ਮਹਿਮਾ 'ਤੇ ਜ਼ੋਰ ਦਿੰਦਾ ਹੋਇਆ ਜੋੜੇ ਲਈ ਦੋਸਤੀ, ਖੁਸ਼ਹਾਲੀ ਸ਼ਾਂਤੀ, ਸੰਤੁਸ਼ਟੀ, ਚੰਗੀ ਸਿਹਤ ਆਦਿ ਲਈ ਪ੍ਰਾਰਥਨਾ ਕਰਦਾ ਹੈ। ਲਾੜੇ ਦੀ ਭੈਣ ਜਾਂ ਅਣਵਿਆਹੀ ਔਰਤ ਲਾੜੇ ਨੂੰ ਘੜੀ ਦੀ ਦਿਸ਼ਾ ਵਿੱਚ ਤਿੰਨ ਵਾਰ ਚੱਕਰ ਲਗਵਾਉਂਦੀ ਹੈ। ਮੰਨਿਆ ਜਾਂਦਾ ਹੈ ਕਿ ਇਹ ਰਸਮ ਬੁਰਾਈ ਨੂੰ ਦੂਰ ਕਰਦੀ ਹੈ।

ਲਾੜਾ ਹਾਲ ਦੇ ਪ੍ਰਵੇਸ਼ ਦੁਆਰ 'ਤੇ ਪਹੁੰਚਣ ਤੋਂ ਬਾਅਦ ਇਕ ਛੋਟੇ ਜਿਹੇ ਸਟੂਲ 'ਤੇ ਖੜ੍ਹਾ ਹੁੰਦਾ ਹੈ ਜਿਥੇ ਲਾੜੀ ਦੀ ਮਾਂ ਹੋਰ ਔਰਤਾਂ ਰਿਸ਼ਤੇਦਾਰਾਂ ਦੇ ਨਾਲ, ਪ੍ਰਤੀਕਾਤਮਕ ਇਸ਼ਾਰਿਆਂ ਨਾਲ ਜਾਂ ਦੀਪਕ [ਆਰਤੀ]

ਲਹਿਰਾਉਂਦੇ ਹੋਏ ਉਸਦੇ ਦੁਆਲੇ ਲਾਲ ਕੱਪੜੇ ਜਾਂ ਮਾਲਾ ਪਾ ਕੇ ਉਸਦਾ ਸਵਾਗਤ ਕਰਦੀਆਂ ਹਨ। ਪਰ ਅੱਜਕੱਲ੍ਹ ਇਹ ਰਿਵਾਜ ਹੈ ਕਿ ਲਾੜੀ ਪਹਿਲਾਂ ਲਾੜੇ ਦਾ ਹਾਰ ਪਾ ਕੇ ਸਵਾਗਤ ਕਰਦੀ ਹੈ।

ਹਾਲ ਵਿੱਚ ਦਾਖਲ ਹੋਣ ਤੋਂ ਬਾਅਦ ਲਾੜਾ ਉਸ ਦੇ ਰਸਤੇ ਵਿੱਚ ਰੱਖੇ ਗਏ ਦੋ ਮਿੱਟੀ ਦੇ ਭਾਂਡੇ ਤੋੜਦਾ ਹੈ। ਇਹ ਰਸਮ ਸਮਾਰੋਹ ਨੂੰ ਕਿਸੇ ਵੀ ਬੁਰੇ ਪ੍ਰਭਾਵ ਤੋਂ ਬਚਾਉਂਦੀ ਹੈ। ਫਿਰ ਉਸ ਨੂੰ ਕੋਰੀ ਵਿੱਚ ਲਿਜਾਇਆ ਜਾਂਦਾ ਹੈ ਅਤੇ ਲਾੜਾ ਦੋ ਸੀਟਾਂ ਦੇ ਖੱਬੇ ਪਾਸੇ ਬੈਠਦਾ ਹੈ। ਲਾੜੀ ਵਿਸਤ੍ਰਿਤ ਪਹਿਰਾਵਾ ਧਾਰਨ ਕੇ ਉਸ ਦੇ ਮਾਮੇ ਦੁਆਰਾ ਲਿਆਂਦੀ ਜਾਂਦੀ ਹੈ ਜੋ ਲਾੜੇ ਦੇ ਨਾਲ ਆਪਣਾ ਸਥਾਨ ਗ੍ਰਹਿਣ ਕਰਦੀ ਹੈ। ਕਈ ਵਾਰ ਲਾੜੇ ਤੋਂ ਇੱਕ ਛੋਟੇ ਪਰਦੇ ਦੁਆਰਾ ਪਰਦਾ ਵੀ ਕੀਤਾ ਜਾਂਦਾ ਹੈ।

- **ਮੰਗਲਾਸਤਕ**

ਇਸ ਰਸਮ ਦੌਰਾਨ ਭਗਵਾਨ ਮਹਾਂਵੀਰ ਅਤੇ ਉਸਦੇ ਮਾਤਾ-ਪਿਤਾ, ਗੌਤਮ, ਭਗਵਾਨ ਆਦਿਨਾਥ ਅਤੇ ਉਸਦੇ ਮਾਤਾ-ਪਿਤਾ, ਪੁੰਡਰਿਕ, ਭਰਤ ਅਤੇ ਹੋਰ ਚਕਰਵਰਤੀ, ਸਾਰੇ ਵਾਸੂਦੇਵ ਅਤੇ ਪ੍ਰਤੀਵਾਸੂਦੇਵ ਦੇ ਸਨਮੁੱਖ ਸ਼ੁਭ ਪ੍ਰਾਰਥਨਾਵਾਂ ਪੜ੍ਹੀਆਂ ਜਾਂਦੀਆਂ ਹਨ। ਬ੍ਰਾਹਮੀ ਅਤੇ ਕੰਦਨਬਾਲਾ, ਸਰਪ੍ਰਸਤ ਦੇਵੀ, ਕਾਕਰੇਸ਼ਵਰੀ, ਸਿਧਾਯਿਕਾ, ਕਰਪਦੀ ਅਤੇ ਮਾਤੰਗਾ ਅੱਗੇ ਵੀ ਸੁਰੱਖਿਆ ਲਈ ਪ੍ਰਾਰਥਨਾਵਾਂ ਕੀਤੀਆਂ ਜਾਂਦੀਆਂ ਹਨ। ਪ੍ਰਾਰਥਨਾਵਾਂ ਦੀ ਇਕ ਲੜੀ ਤੋਂ ਬਾਅਦ ਪੁਜਾਰੀ ਜੋੜੇ ਦੇ ਗਲ ਵਿਚ ਇਕ ਕੱਪੜੇ ਦੀ ਮਾਲ ਪਾਉਂਦਾ ਹੈ ਅਤੇ ਫਿਰ ਲਾੜੀ ਦੇ ਮਾਪੇ ਪ੍ਰਤੀਕ ਰੂਪ ਵਿਚ ਲਾੜੇ ਪੈਰੇ ਧੋਂਦੇ ਹਨ।

- **ਹਸਤ ਮੇਲਾਪਾ**

ਹਸਤ ਮੇਲਾਪਾ ਤੋਂ ਭਾਵ ਹੈ ਹੱਥਾਂ ਦਾ ਮਿਲਾਪ। ਇਸ ਰਸਮ ਵਿਚ ਪੁਜਾਰੀ ਲਾੜੇ ਦੀ ਹਥੇਲੀ ਉਪਰ ਲਾੜੀ ਦੀ ਹਥੇਲੀ ਰੱਖਦਾ ਹੈ ਜੋ ਜੋੜੇ ਦੇ ਵਿਚਕਾਰ ਸਥਾਈ ਰਿਸ਼ਤੇ ਜਾਂ ਏਕਤਾ ਦੀ ਸ਼ੁਰੂਆਤ ਦਾ ਪ੍ਰਤੀਕ ਹੈ। ਇਹ ਰਸਮ ਸ਼ੁੱਭ ਅਤੇ ਸਹੀ ਸਮੇਂ ਤੇ ਕੀਤੀ ਜਾਣੀ ਚਾਹੀਦੀ ਹੈ ਕਿਉਂਕਿ ਇਹ ਰਸਮ ਸਭ ਤੋਂ ਮਹੱਤਵਪੂਰਣ ਮੰਨੀ ਜਾਂਦੀ ਹੈ। ਪੁਜਾਰੀ ਇਸ ਉਮੀਦ ਨਾਲ ਪ੍ਰਾਰਥਨਾ ਕਰਦਾ ਹੈ ਕਿ ਲਾੜਾ ਅਤੇ ਲਾੜੀ ਬਰਾਬਰ ਅਧਿਆਤਮਿਕ ਯੋਗਤਾਵਾਂ ਨਾਲ ਭਾਗੀਦਰਾ ਬਣ ਸਕਣ। ਇਕੋ ਵਰਗੀਆਂ ਚੀਜ਼ਾਂ ਦਾ ਆਨੰਦ ਮਾਣ ਸਕਣ ਅਤੇ ਇਸ ਨੂੰ ਹੱਥਾਂ ਨੂੰ ਇਸ ਤਰ੍ਹਾਂ ਮਿਲਾ ਕੇ ਬਰਾਬਰ ਦੀ ਇਕਸੁਰਤਾ ਅਤੇ ਏਕਤਾ ਬਣ ਸਕੇ।

ਇਸ ਤੋਂ ਬਾਅਦ ਹੋਮ ਦੀ ਰਸਮ ਅਦਾ ਹੁੰਦੀ ਹੈ। ਹੋਮ ਇਕ ਮੰਤਰ ਹੈ ਜਿਸ ਵਿਚ ਅੱਠ ਦਿਸ਼ਾਵਾਂ ਦੇ ਰੱਖਿਅਕਾਂ- ਯਮ, ਨਾਇਰੂਤਾ, ਵਰੁਣ, ਵਾਯੂ, ਕੁਬੇਰ, ਇਸ਼ਨਾ, ਨਾਗਾ ਅਤੇ ਬ੍ਰਹਮਾਨਨ ਨੂੰ ਭੋਜਨ ਅਤੇ ਪੀਣ, ਬਲੀਦਾਨ ਅਤੇ ਪਦਾਰਥਕ ਦੌਲਤ ਦੀ ਇਕ ਲੜੀ ਦੇ ਨਾਲ ਪਵਿੱਤਰ ਅੱਗ ਵਿਚ ਰੱਖਿਆ ਜਾਂਦਾ ਹੈ।

ਹਰੇਕ ਮੰਤਰ ਦਾ ਪਾਠ ਕਰਨ ਤੋਂ ਬਾਅਦ ਪੁਜਾਰੀ ਪਵਿੱਤਰ ਅੱਗ ਵਿਚ ਘਿਓ, ਸੁਪਾਰੀ ਜੌਂ ਦੇ ਦਾਣੇ (ਇਕ ਕਿਸਮ ਦਾ ਅਨਾਜ) ਅਤੇ ਤਿਲ (ਇਕ ਕਿਸਮ ਦਾ ਤੇਲ ਬੀਜ) ਦਾ ਚੜ੍ਹਾਵਾ ਚੜ੍ਹਾਉਂਦਾ ਹੈ। ਹਰ ਮੰਤਰ ਓਮ ਅਰਹਮ ਨਾਲ ਸ਼ੁਰੂ ਹੁੰਦਾ ਹੈ ਅਤੇ ਸ੍ਵਾਹਾ ਨਾਲ ਖਤਮ ਹੁੰਦਾ ਹੈ। ਪੁਜਾਰੀ ਮੰਦਰ ਤੋਂ ਲਿਆਂਦੇ ਗਏ ਪਵਿੱਤਰ ਜਲ (ਨਹਾਵਣ) ਨਾਲ ਜੋੜੇ ਦੇ ਸਿਰਾਂ ਤੇ ਅਭਿਸ਼ੇਕ ਕਰਕੇ ਪਹਿਲਾਂ ਅਭਿਅਕ ਕਰਦਾ ਹੈ, ਫਿਰ ਮੰਤਰਾਂ ਦਾ ਜਾਪ ਕਰਕੇ ਗੋਤਰਾਕਾਰ ਕਰਨ ਤੋਂ ਬਾਅਦ ਵਿਆਹ ਦੀ ਘੋਸ਼ਣਾ ਕੀਤੀ ਜਾਂਦੀ ਹੈ। ਫਿਰ ਪੁਜਾਰੀ ਜੋੜੇ ਨੂੰ ਆਸ਼ੀਰਵਾਦ ਦਿੰਦਾ ਹੈ ਅਤੇ ਉਨ੍ਹਾਂ ਨੂੰ ਚੌਲ, ਫੁੱਲ, ਧੂਪ ਅਤੇ ਮਿਠਾਈਆਂ ਪਵਿੱਤਰ ਅਗਨੀ ਅੱਗੇ ਭੇਂਟ ਕਰਨ ਲਈ ਕਹਿੰਦਾ ਹੈ।

ਸੱਤ ਫੇਰਿਆਂ ਦੀ ਰਸਮ ਵਿਚ, ਜੋੜਾ ਪਵਿੱਤਰ ਅੱਗ ਦੇ ਦੁਆਲੇ ਘੜੀ ਦੀ ਦਿਸ਼ਾ ਵਿਚ ਚੱਕਰ ਲਗਾਉਂਦਾ ਹੈ। ਲਾੜੀ ਪਹਿਲੇ ਛੇ ਚੱਕਰਾਂ ਦੀ ਅਗਵਾਈ ਕਰਦੀ ਹੈ। ਲਾੜੀ ਦਾ ਭਰਾ ਲਾੜੇ ਅਤੇ ਲਾੜੀ ਨੂੰ ਚੌਲਾਂ ਦੇ ਦਾਣੇ ਭੇਟ ਕਰਦਾ ਹੈ ਜੋ ਹਰ ਚੱਕਰ ਤੋਂ ਬਾਅਦ ਪੁਜਾਰੀ ਨੂੰ ਭੇਟ ਕੀਤੇ ਜਾਂਦੇ ਹਨ ਅਤੇ ਹਰ ਪਰਿਕਰਮਾ ਲਈ ਮੰਤਰਾਂ ਦੇ ਜਾਪ ਤੋਂ ਬਾਅਦ ਇਨ੍ਹਾਂ ਨੂੰ ਪਵਿੱਤਰ ਅੱਗ ਨੂੰ ਭੇਟ ਕਰ ਦਿੱਤਾ ਜਾਂਦਾ ਹੈ। ਮੰਤਰਾਂ ਵਿਚ, ਕਰਮਾਂ ਦੇ ਵੱਖੋ-ਵੱਖਰੇ ਹਿਸਿਆਂ ਨੂੰ ਆਤਮਾ ਨਾਲ ਜੋੜਿਆ ਜਾਂਦਾ ਹੈ ਅਤੇ ਉਹਨਾਂ ਦੇ ਪ੍ਰਭਾਵਾਂ ਦਾ ਪਾਠ ਕੀਤਾ ਜਾਂਦਾ ਹੈ। ਜੋੜੇ ਨੂੰ ਯਾਦ ਕਰਵਾਇਆ ਜਾਂਦਾ ਹੈ ਕਿ ਉਹਨਾਂ ਦਾ ਟੀਚਾ ਸਰੀਰਕ ਸੰਬੰਧ ਨਾ ਹੋ ਕੇ ਮੁਕਤੀ ਹੋਣਾ ਚਾਹੀਦਾ ਹੈ।

ਕੰਨਿਆ ਦਾਨ ਵਜੋਂ ਜਾਣੀ ਜਾਂਦੀ ਰਸਮ ਦੇ ਹਿੱਸੇ ਵਿਚ, ਪੁਜਾਰੀ ਲਾੜੀ ਦੇ ਪਿਤਾ ਜਾਂ ਰਿਸ਼ਤੇਦਾਰ ਨੂੰ ਜੌਂ, ਤਿਲ, ਘਾਹ ਦਾ ਇਕ ਛੋਟਾ ਪੌਦਾ ਅਤੇ ਪਾਣੀ ਦੀ ਇਕ ਬੂੰਦ ਭੇਟਾ ਕਰਦਾ ਹੈ ਅਤੇ ਮੰਤਰਾਂ ਦਾ ਜਾਪ ਕਰਦਾ ਹੈ। ਇਸ ਨੂੰ ਲਾੜੀ ਦਾ ਪਿਤਾ ਦੁਹਰਾਉਂਦਾ ਹੈ ਅਤੇ ਆਪਣੀ ਪਿਆਰੀ ਧੀ ਨੂੰ ਲਾੜੇ ਨੂੰ ਸੌਂਪਦਾ ਹੈ। ਲਾੜਾ ਮੰਤਰਾਂ ਦਾ ਜਾਪ ਕਰਦਾ ਹੋਇਆ ਲਾੜੀ ਨੂੰ ਸਵੀਕਾਰਦਾ ਹੈ। ਇਸ ਮੌਕੇ ’ਤੇ ਪੁਜਾਰੀ ਵਿਆਹੁਤਾ ਜੀਵਨ ਨੂੰ ਸਨਮਾਨ ਨਾਲ ਸਾਂਝਾ ਕਰਨ, ਦੋਵਾਂ ਪਰਿਵਾਰਾਂ ਦਾ ਆਦਰ ਕਰਨ, ਪਿਆਰ, ਸਮਾਨਤਾ ਅਤੇ ਵਿਸ਼ਵਾਸ ਨੂੰ ਵਧਾਉਣ, ਆਪਣੇ ਪਰਿਵਾਰਾਂ ਦੀ ਇੱਜ਼ਤ ਬਰਕਰਾਰ ਰੱਖਣ ਲਈ ਵਿਹਾਰ ਕਰਨ, ਕੰਮ, ਅਨੰਦ ਅਤੇ ਅਧਿਆਤਮਿਕ ਤਰੱਕੀ ਲਈ ਨੈਤਿਕ ਜੀਵਨ ਦੀ ਪਾਲਣਾ ਕਰਨ ਵਾਲੇ ਨੈਤਿਕ ਨਿਯਮ ਸਾਂਝੇ ਕਰਦਾ ਹੈ ਜਿਨ੍ਹਾਂ ਨਾਲ ਵਿਆਹ ਵਾਲਾ ਜੋੜਾ ਸਹਿਮਤੀ ਪ੍ਰਗਟ ਕਰਦਾ

ਹੈ। ਇਸ ਮੌਕੇ ’ਤੇ ਜੋੜੇ ਨੂੰ ਪਵਿੱਤਰ ਅੱਗ ਦੀ ਸੱਤਵੀਂ ਪਰਿਕਰਮਾ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ, ਇਸ ਦੀ ਅਗਵਾਈ ਲਾੜਾ ਕਰਦਾ ਹੈ ਅਤੇ ਅਨਾਜ ਭੇਂਟ ਕਰਦਾ ਹੈ। ਇਹ ਪ੍ਰਕਿਰਿਆ ਵਿਆਹ ਦੇ ਬੰਧਨ ’ਤੇ ਮੋਹਰ ਲਗਾਉਂਦੀ ਹੈ।

ਇਸ ਤੋਂ ਬਾਅਦ ਪੁਜਾਰੀ ਲਾੜੇ ਅਤੇ ਲਾੜੀ ਦੇ ਸਿਰਾਂ ’ਤੇ ਥੋੜਾ ਜਿਹਾ ਪਵਿੱਤਰ ਪਾਊਡਰ ਛਿੜਕਦਾ ਹੈ। ਫਿਰ ਲਾੜੀ ਦਾ ਪਿਤਾ ਲਾੜੇ ਨੂੰ ਪਾਣੀ ਅਤੇ ਤਿਲ ਦਿੰਦਾ ਹੈ, ਜਿਸ ਨੂੰ ਲਾੜਾ ਪੁਜਾਰੀ ਨੂੰ ਦਿੰਦਾ ਹੈ ਅਤੇ ਉਹ ਲਾੜੀ ਉੱਤੇ ਇਸ ਨੂੰ ਛਿੜਕਦਾ ਹੈ। ਪੁਜਾਰੀ ਜੋੜੇ ਨੂੰ ਇਹ ਕਹਿੰਦੇ ਹੋਏ ਅਸੀਸ ਦਿੰਦਾ ਹੈ ਕਿ ਤੁਹਾਡਾ ਦੋਵਾਂ ਦਾ ਵਿਆਹ ਹੋ ਗਿਆ ਹੈ ਹੁਣ ਤੁਸੀਂ ਪਿਆਰ, ਅਨੁਭਵ, ਖੁਸ਼ੀ ਅਤੇ ਚੰਗੇ ਆਚਰਣ ਸਭ ਵਿਚ ਬਰਾਬਰ ਹੋ। ਤੁਸੀਂ ਦੋਵੇਂ ਖੁਸ਼ੀ-ਗਮੀ, ਗੁਣ-ਔਗਣਾਂ ਵਿਚ ਸੱਚੇ ਮਿੱਤਰ ਹੋ, ਮੈਂ ਆਸ ਕਰਦਾ ਹਾਂ ਕਿ ਤੁਸੀਂ ਮਨ, ਬਾਣੀ, ਕਰਮ ਅਤੇ ਸਾਰੇ ਚੰਗੇ ਗੁਣਾਂ ਵਿਚ ਬਰਾਬਰ ਹੋ ਜਾਵੋ।

ਹੱਥਾਂ ਨੂੰ ਖੋਲ੍ਹਣ ਦੇ ਨਾਲ ਪੁਜਾਰੀ ਮੰਤਰਾਂ ਦਾ ਜਾਪ ਕਰਦਾ ਹੋਇਆ ਕਹਿੰਦਾ ਹੈ ਕਿ ਤੁਸੀਂ ਆਪਣੇ ਹੁਣ ਆਪਣੇ ਹੱਥਾਂ ਨੂੰ ਖੋਲ੍ਹ ਦਿੱਤਾ ਹੈ ਪਰ ਤੁਹਾਡਾ ਪਿਆਰ ਅਟੁੱਟ ਹੈ। ਲਾੜੀ ਦਾ ਪਿਤਾ ਲਾੜੇ ਨੂੰ ਤੋਹਫਾ ਦਿੰਦਾ ਹੈ। ਫਿਰ ਭਾਈਚਾਰਾ ਜੋੜੇ ਨੂੰ ਅਸ਼ੀਰਵਾਦ ਦੇਣ ਆਉਂਦਾ ਹੈ ਇਸੇ ਤਰ੍ਹਾਂ ਬੁਲਾਏ ਗਏ ਦੇਵੀ-ਦੇਵਤਿਆਂ ਨੂੰ ਉਨ੍ਹਾਂ ਦੇ ਨਿਵਾਸ ਸਥਾਨਾਂ ’ਤੇ ਵਾਪਸ ਜਾਣ ਲਈ ਬੇਨਤੀ ਕੀਤੀ ਜਾਂਦੀ ਹੈ।

ਉਪਰੰਤ ਲਾੜੇ ਅਤੇ ਲਾੜੀ ਨੂੰ ਉਨ੍ਹਾਂ ਦੇ ਰਿਸ਼ਤੇਦਾਰਾਂ ਦੁਆਰਾ ਵਿਦਾਇਗੀ ਦਿੱਤੀ ਜਾਂਦੀ ਹੈ ਅਤੇ ਰਸਤੇ ਵਿਚ ਮੰਦਰ ਦੇ ਦਰਸ਼ਨ ਕਰਕੇ ਲਾੜੇ ਦੇ ਘਰ ਵਾਪਸ ਆ ਜਾਂਦੇ ਹਨ। ਲਾੜਾ-ਲਾੜੀ ਦੇ ਜਾਣ ਤੋਂ ਪਹਿਲਾਂ ਮਹਿਮਾਨਾਂ ਲਈ ਦਾਅਵਤ ਦੇਣ ਦਾ ਰਿਵਾਜ ਹੈ, ਇਸ ਸਮੇਂ ਲੋਕ ਜੋੜੇ ਨੂੰ ਵਧਾਈ ਅਤੇ ਅਸ਼ੀਰਵਾਦ ਦਿੰਦੇ ਹਨ।

### 4.5 ਮ੍ਰਿਤਕ ਸੰਸਕਾਰ

ਭਾਰਤ ਵਿੱਚ, ਵੱਖ-ਵੱਖ ਧਰਮਾਂ ਦੇ ਵੱਖੋ-ਵੱਖਰੇ ਧਾਰਮਿਕ ਵਿਸ਼ਵਾਸ ਹਨ ਅਤੇ ਅੰਤਿਮ-ਸੰਸਕਾਰ ਕ੍ਰਿਆਵਾਂ ਬਾਰੇ ਹਰ ਕਿਸੇ ਦੀਆਂ ਪ੍ਰਾਰਥਨਾਵਾਂ, ਅਭਿਆਸ ਅਤੇ ਰੀਤੀ-ਰਿਵਾਜ ਵੱਖੋ-ਵੱਖਰੇ ਹਨ। ਇਸੇ ਤਰ੍ਹਾਂ ਜੈਨ ਧਰਮ ਵਿੱਚ ਵੀ ਅੰਤਿਮ ਸੰਸਕਾਰ ਦੀਆਂ ਆਪਣੀਆਂ ਰੀਤਾਂ ਅਤੇ ਪਰੰਪਰਾਵਾਂ ਹਨ। ਜੈਨ ਧਰਮ ਦੀਆਂ ਅੰਤਿਮ ਸੰਸਕਾਰ ਦੀਆਂ ਰਸਮਾਂ ਬਹੁਤ ਸਰਲ ਅਤੇ ਸਾਦੀਆਂ ਹਨ। ਇਨ੍ਹਾਂ ਰਸਮਾਂ ਨੂੰ ਅੰਤਯੇਸ਼ਟੀ ਜਾਂ ਅੰਤਿਮ ਸੰਸਕਾਰ ਕਿਹਾ ਜਾਂਦਾ

ਹੈ।ਇਹ ਰਸਮਾਂ ਮੁੱਖ ਤੌਰ 'ਤੇ ਭੌਤਿਕ ਸਰੀਰ ਤੋਂ ਆਤਮਾ ਦੇ ਵਿਦਾ ਹੋਣ ਅਤੇ ਇਸਦੀ ਅਗਲੀ ਅਧਿਆਤਮਿਕ ਯਾਤਰਾ ਵੱਲ ਅਗਵਾਈ ਕਰਨ ਤੇ ਕੇਂਦ੍ਰਿਤ ਹੁੰਦੀਆਂ ਹਨ।

ਜੈਨ ਧਰਮ ਦੇ ਅਨੁਯਾਈ ਮੌਤ ਨੂੰ ਇਕ ਕੁਦਰਤੀ ਪ੍ਰਕਿਰਿਆ ਅਤੇ ਹੋਂਦ ਦੀ ਇਕ ਅਵਸਥਾ ਤੋਂ ਦੂਜੀ ਅਵਸਥਾ ਵਿਚ ਤਬਦੀਲੀ ਵਜੋਂ ਵੇਖਦੇ ਹਨ। ਇਹ ਆਤਮਾ ਲਈ ਅਜੋਕੇ ਜੀਵਨ ਨਾਲ ਜੁੜੇ ਕਰਮਾਂ ਦੇ ਸਮਾਨ ਨੂੰ ਛੱਡ ਕੇ ਮੁਕਤੀ (ਮੋਕਸ਼) ਵੱਲ਼ ਵਧਣ ਦਾ ਮੌਕਾ ਹੈ। ਇਸ ਧਰਮ ਵਿਚ ਮ੍ਰਿਤਕ ਦੀ ਮੌਤ 'ਤੇ ਕੋਈ ਵਿਰਲਾਪ ਨਹੀਂ ਕੀਤਾ ਜਾਂਦਾ ਅਤੇ ਮ੍ਰਿਤਕ ਦੇਹ ਦਾ ਬਿਨਾਂ ਕਿਸੇ ਦੇਰੀ ਦੇ ਸਸਕਾਰ ਕਰ ਦਿੱਤਾ ਜਾਂਦਾ ਹੈ। ਜ਼ਿਕਰਯੋਗ ਹੈ ਸੂਰਜ ਡੁੱਬਣ ਤੋਂ ਬਾਅਦ ਪ੍ਰਾਣੀ ਦਾ ਸੰਸਕਾਰ ਨਹੀਂ ਕੀਤਾ ਜਾਂਦਾ। ਜੈਨ ਧਰਮ ਵਿਚ ਅੰਤਿਮ ਰਸਮਾਂ ਦੀ ਸੰਖੇਪ ਜਾਣਕਾਰੀ ਇਸ ਪ੍ਰਕਾਰ ਹੈ:-

- **ਅੰਤਿਮ ਸੰਸਕਾਰ ਦੀਆਂ ਰਸਮਾਂ ਦੀ ਸ਼ੁਰੂਆਤ**

ਸਰੀਰ ਨੂੰ ਪਰਿਵਾਰਕ ਮੈਂਬਰਾਂ ਜਾਂ ਮਨੋਨੀਤ ਵਿਅਕਤੀਆਂ ਦੁਆਰਾ ਨਹਿਲਾਇਆ ਅਤੇ ਸ਼ੁੱਧ ਕੀਤਾ ਜਾਂਦਾ ਹੈ। ਇਸ ਸਮੇਂ ਸਧਾਰਨ ਚਿੱਟੇ ਰੰਗ ਦੇ ਵਸਤਰ ਪਹਿਨੇ ਜਾਂਦੇ ਹਨ ਜੋ ਕਿ ਸ਼ੁੱਧਤਾ ਅਤੇ ਭੌਤਿਕ ਸੰਪੱਤੀ ਤੋਂ ਨਿਰਲੇਪਤਾ ਦਾ ਪ੍ਰਤੀਕ ਹੁੰਦੇ ਹਨ। ਸਰੀਰ ਨੂੰ ਇਕ ਉੱਚੇ ਫੱਟੇ ਜਾਂ ਸਟਰੈਚਰ ਤੇ ਰੱਖਿਆ ਜਾਂਦਾ ਹੈ, ਜੋ ਕਿ ਆਮ ਤੌਰ 'ਤੇ ਲੱਕੜ ਜਾਂ ਬਾਂਸ ਦਾ ਬਣਿਆ ਹੁੰਦਾ ਹੈ। ਇਸ ਦਾ ਸਿਰ ਉੱਤਰ ਵੱਲ਼ ਕੀਤਾ ਜਾਂਦਾ ਹੈ। ਪਰਿਵਾਰ ਅਤੇ ਦੋਸਤ ਸਨਮਾਨ ਕਰਨ ਲਈ ਆਲੇ-ਦੁਆਲੇ ਇੱਕਠੇ ਹੁੰਦੇ ਹਨ। ਜੈਨ ਭਿਕਸ਼ੂ ਜਾਂ ਪਰਿਵਾਰਕ ਮੈਂਬਰ ਜੈਨ ਗ੍ਰੰਥਾਂ ਤੋਂ ਪ੍ਰਾਰਥਨਾਵਾਂ ਅਤੇ ਸ਼ਾਸਤਰਾਂ ਦਾ ਪਾਠ ਕਰਦੇ ਹਨ, ਜਿਵੇਂ ਕਿ ਤੱਤਵਾਰਥ ਸੂਤਰ ਅਤੇ ਭਕਤਾਮਾਰਾ ਸਤੋਤ੍ਰ। ਇਸ ਦਾ ਮਕਸਦ ਵਿਛੜੀ ਰੂਹ ਨੂੰ ਆਤਮਿਕ ਸ਼ਾਂਤੀ ਅਤੇ ਮਾਰਗਦਰਸ਼ਨ ਪ੍ਰਦਾਨ ਕਰਨਾ ਹੈ। ਪਰਿਵਾਰਕ ਮੈਂਬਰ ਅਤੇ ਹਾਜ਼ਰੀਨ ਲੋਕ ਧਿਆਨ ਦੀ ਕਿਰਿਆ ਕਰਦੇ ਹਨ। ਇਹ ਅਭਿਆਸ ਜੈਨ ਧਰਮ ਵਿਚ ਜ਼ੋਰ ਦਿੱਤੇ ਗਏ ਗੈਰ-ਲਗਾਵ (ਅਪਰਗ੍ਰਹਿ ਦੇ ਸਿਧਾਂਤ) ਨੂੰ ਮਜ਼ਬੂਤ ਕਰਦਾ ਹੈ। ਮ੍ਰਿਤਕ ਦੇ ਤਾਬੂਤ ਦੇ ਨੇੜੇ ਸਵਾਸਤਿਕ ਦੀਵਾ, ਅਗਰਬੱਤੀ ਅਤੇ ਪੂਰਾ ਨਾਰੀਅਲ ਰੱਖਿਆ ਜਾਂਦਾ ਹੈ। ਮ੍ਰਿਤਕ ਦੇ ਪੂਰੇ ਸਰੀਰ 'ਤੇ ਕਪੂਰ, ਘਿਓ ਅਤੇ ਚੰਦਨ ਛਿੜਕਿਆ ਜਾਂਦਾ ਹੈ। ਮ੍ਰਿਤਕ ਦਾ ਪੁੱਤਰ ਪੂਰੇ ਸਰੀਰ 'ਤੇ ਤਿੰਨ ਵਾਰ ਪਾਣੀ ਛਿੜਕਦਾ ਹੈ ਅਤੇ ਚਿਤਾ ਦੇ ਦੁਆਲੇ ਘੁੰਮਦਾ ਹੈ। ਨਮੋਕਾਰ ਮੰਤਰ ਦਾ ਜਾਪ ਕਰਦੇ ਹੋਏ, ਉਹ ਚਿਤਾ ਨੂੰ ਪ੍ਰਕਾਸ਼ਮਾਨ ਕਰਦਾ ਹੈ। ਕਿਸੇ ਪ੍ਰਕਾਰ ਦੇ ਕੁਦਰਤੀ ਫੁੱਲਾਂ ਦੀ ਵਰਤੋਂ ਸੰਬੰਧੀ ਜੈਨ ਧਰਮ ਵਿਚ ਮਨਾਹੀ ਹੈ।

ਸੰਸਕਾਰ ਤੋਂ ਬਾਅਦ ਅਸਥੀਆਂ ਨੂੰ ਇਕੱਠਾ ਕੀਤਾ ਜਾਂਦਾ ਹੈ ਅਤੇ ਦੁੱਧ ਦਾ ਛਿੜਕਾਅ ਕੀਤਾ ਜਾਂਦਾ ਹੈ। ਪਰੰਪਰਾਗਤ ਤੌਰ ਤੇ ਜੈਨੀ ਸਰੀਰ ਦੇ ਨਿਪਟਾਰੇ ਲਈ ਸੰਸਕਾਰ ਨੂੰ ਤਰਜੀਹ ਦਿੰਦੇ ਹਨ। ਸੰਸਕਾਰ ਦੀ ਪ੍ਰਕਿਰਿਆ ਸਧਾਰਨ ਅਤੇ ਵਾਤਾਵਰਣ ਅਨੁਕੂਲ ਤਰੀਕੇ ਨਾਲ ਕੀਤੀ ਜਾਂਦੀ ਹੈ। ਫਾਲਤੂ ਰਸਮਾਂ ਤੋਂ ਪਰਹੇਜ਼ ਕੀਤਾ ਜਾਂਦਾ ਹੈ। ਸੰਸਕਾਰ ਵਾਲੀ ਥਾਂ ਅਜਿਹੀ ਹੁੰਦੀ ਹੈ, ਜਿੱਥੇ ਜੀਵਾਂ ਨੂੰ ਕੋਈ ਨੁਕਸਾਨ ਨਾ ਹੋਵੇ ਅਤੇ ਮ੍ਰਿਤਕ ਦਾ ਵੱਡਾ ਪੁੱਤਰ ਅੰਤਿਮ ਰਸਮਾਂ ਕਰਦਾ ਹੈ। ਕਈ ਜਗ੍ਹਾ ਮ੍ਰਿਤਕ ਨੂੰ ਦਫਨਾਇਆ ਵੀ ਜਾਂਦਾ ਹੈ।

- **ਅੰਤਿਮ ਸੰਸਕਾਰ ਦੌਰਾਨ ਸਮਾਪਤੀ ਦੀਆਂ ਰਸਮਾਂ**

ਅੰਤਿਮ ਸੰਸਕਾਰ ਸਮੇਂ ਸ਼ਾਂਤੀ ਦਾ ਪਾਠ ਕੀਤਾ ਜਾਂਦਾ ਹੈ। ਸੰਸਕਾਰ ਤੋਂ ਬਾਅਦ ਅਸਥੀਆਂ ਨੂੰ ਇਕੱਠਾ ਕਰਕੇ ਕੁਦਰਤੀ ਮਾਹੌਲ, ਜਿਵੇਂ ਕਿ ਨਦੀ ਜਾਂ ਜੰਗਲ ਵਿਚ ਸਰੀਰ ਦੇ ਤੱਤਾਂ ਨੂੰ ਕੁਦਰਤ ਵਿਚ ਵਾਪਸ ਕਰਨ ਦੇ ਵਿਸ਼ਵਾਸ ਅਨੁਸਾਰ ਖਿਲਾਰਿਆ ਜਾਂਦਾ ਹੈ। ਪਰਿਵਾਰ ਅਤੇ ਕਮਿਊਨਟੀ ਦੇ ਮੈਂਬਰ ਪ੍ਰਾਰਥਨਾ ਕਰਨ ਲਈ ਇਕੱਠੇ ਹੋ ਜਾਂਦੇ ਹਨ ਅਤੇ ਜੀਵਨ ਦੀ ਅਸਥਿਰਤਾ ’ਤੇ ਵਿਚਾਰ ਕਰਦੇ ਹਨ ਅਤੇ ਨਾਲ ਹੀ ਦੁਖੀ ਪਰਿਵਾਰ ਨੂੰ ਸੰਵੇਦਨਾ ਅਤੇ ਸਮਰਥਨ ਦਿੰਦੇ ਹਨ।

ਜੈਨੀਆਂ ਲਈ ਦਾਨ ਦੇ ਕੰਮ ਕਰਨਾ ਜਾਂ ਮ੍ਰਿਤਕ ਦੀ ਯਾਦ ਵਿਚ ਹੋਏ ਪੁੰਨ ਦੇ ਕੰਮਾਂ ਵਿਚ ਸ਼ਾਮਲ ਹੋਣਾ ਆਮ ਗੱਲ ਹੈ। ਇਸ ਸੰਬੰਧੀ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਅਜਿਹੀਆਂ ਕਿਰਿਆਵਾਂ ਵਿਛੜੀ ਆਤਮਾ ਦੀ ਅੰਤਿਮ ਯਾਤਰਾ ਵਿਚ ਉਸ ਨੂੰ ਲਾਭ ਪਹੁੰਚਾ ਸਕਦੀਆਂ ਹਨ। ਕੁੱਲ ਮਿਲਾ ਕੇ ਜੈਨ ਧਰਮ ਮੌਤ ਦੇ ਬਾਵਜੂਦ ਵੀ ਬਰਾਬਰੀ ਅਤੇ ਨਿਰਲੇਪਤਾ ਬਣਾਈ ਰੱਖਣ ਦੇ ਮਹੱਤਵ ’ਤੇ ਜ਼ੋਰ ਦਿੰਦਾ ਹੋਇਆ ਇਸ ਨੂੰ ਜੀਵਨ ਦੇ ਚੱਕਰ ਦਾ ਇੱਕ ਕੁਦਰਤੀ ਹਿੱਸਾ ਅਤੇ ਅਧਿਆਤਮਿਕ ਵਿਕਾਸ ਦੇ ਮੌਕੇ ਵਜੋਂ ਵੇਖਦਾ ਹੈ।

### 4.6 ਸਾਰ

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਜੈਨ ਧਰਮ ਅਹਿੰਸਾ ਦੇ ਸਿਧਾਂਤ ਦੀ ਪਾਲਣਾ ਕਰਨ ਵਾਲਾ ਧਰਮ ਹੈ ਜੋ ਆਪਣੇ ਸੰਸਕਾਰਾਂ ਨੂੰ ਸਿੱਧੇ ਅਤੇ ਸਰਲ ਢੰਗ ਨਾਲ ਨਿਭਾਉਂਦਾ ਹੈ। ਇਹ ਧਰਮ ਆਪਣੀਆਂ ਖੁਸ਼ੀ ਅਤੇ ਗਮੀ ਦੀਆਂ ਰਸਮਾਂ ਵਿਚ ਆਪਣੇ ਤੀਰਥੰਕਰਾਂ ਅਤੇ ਸਾਤਿਕਾਰਤ ਅਧਿਆਤਮਕ ਹਸਤੀਆਂ ਨੂੰ ਯਾਦ ਵੀ ਕਰਦਾ ਹੈ ਅਤੇ ਇਨ੍ਹਾਂ ਨੂੰ ਧਾਰਮਿਕ ਕਿਰਿਆਵਾਂ ਰਾਹੀਂ ਆਪਣੇ ਸੰਸਕਾਰਾਂ ਵਿਚ ਸ਼ਾਮਿਲ ਵੀ ਕਰਦਾ ਹੈ। ਭਾਵੇਂ ਇਨ੍ਹਾਂ ਕਿਰਿਆਵਾਂ ਨੂੰ

ਅਸੀਂ ਪ੍ਰਤੀਕ ਰੂਪ ਵੀ ਕਹਿ ਸਕਦੇ ਹਾਂ ਪ੍ਰੰਤੂ ਇਹ ਜੈਨ ਧਰਮ ਦੇ ਅਨੁਯਾਈਆਂ ਦੇ ਆਪਣੇ ਧਰਮ ਪ੍ਰਤੀ ਅਟੁੱਟ ਅਕੀਦੇ ਨੂੰ ਭਲੀ ਭਾਂਤ ਪ੍ਰਗਟ ਕਰਦੇ ਹਨ।

## 4.7 ਪੜ੍ਹਣਯੋਗ ਪੁਸਤਕਾਂ


- ਪ੍ਰਦਯੁਮਨ ਸ਼ਾਹ (ਡਾ.), ਜੈਨ ਧਰਮ ਇਤਿਹਾਸ, ਸਾਹਿਤ ਦਰਸ਼ਨ ਅਤੇ ਸੰਸਕ੍ਰਿਤੀ, ਗ੍ਰੇਸ਼ੀਅਸ਼ ਬੁੱਕਸ, ਪਟਿਆਲਾ, 2016
- ਸਾਗਰਮਲ ਜੈਨ (ਡਾ.), ਜੈਨ ਧਰਮ ਦਰਸ਼ਨ ਔਰ ਸੰਸਕ੍ਰਿਤੀ (ਹਿੰਦੀ), ਪਾਰਸ਼ਵਨਾਥ ਵਿਦਿਆਪੀਠ, ਵਾਰਾਣਸੀ 2006
- ਕਸਤੂਰਚੰਦ ਜੈਨ ਸੁਮਨ (ਡਾ.), ਭਾਰਤੀਯ ਦਿੰਗਬਰ ਜੈਨ ਅਭਿਲੇਖ ਔਰ ਤੀਰਥ ਪਰਿਚਯ (ਹਿੰਦੀ), ਸ੍ਰੀ ਦਿੰਗਬਰ ਜੈਨ ਸਾਹਿਤ ਸੰਸਕ੍ਰਿਤੀ ਸੰਮਤੀ, ਦਿੱਲੀ, 2001
- ਡਾ. ਮੋਹਨਲਾਲ ਮਹਿਤਾ, ਜੈਨ ਧਰਮ ਦਰਸ਼ਨ: ਇਕ ਸਮੀਕਸ਼ਾਤਮਕ ਪਰਿਚਯ (ਹਿੰਦੀ), ਸੇਠ ਮੂਥਾ ਛੰਗਮਲ ਮੈਮੋਰੀਅਲ ਫਾਊਂਡੇਸ਼ਨ ,
- Sagarmal Jain, Jaina Philosophy of Language, Parshwanath Vidyapeeth, Varanasi, 2006
- Arvind Sharma, A Jaina Pespective on the Philosophy of Religion, Motilal Banarasidass Publishers Pvt. Lt. Delhi, 2001
- Nonviolence, Relative Economics and A New Social Order, Vishwa Bharati University Rajasthan, 2008
- Bhagat Singh Hira, Semitic Religious Thought and Sikhism, National Book Shop, Pleasure Garden Market, Chandni Chowk, Delhi, 1992


## 4.8 ਅਭਿਆਸ ਲਈ ਪ੍ਰਸ਼ਨ

### ਵੱਡੇ ਪ੍ਰਸ਼ਨ

1. ਜੈਨ ਮਤ ਦੇ ਜਨਮ ਨਾਲ ਸੰਬੰਧੀ ਸੰਸਕਾਰਾਂ ਦਾ ਵੇਰਵਾ ਦਿਓ।
2. ਜੈਨ ਧਰਮ ਦੇ ਵਿਆਹ ਸੰਸਕਾਰ ਉੱਤੇ ਨੋਟ ਲਿਖੋ।
3. ਜੈਨ ਧਰਮ ਵਿਚ ਮ੍ਰਿਤਕ ਸੰਸਕਾਰ ਸੰਬੰਧੀ ਕੀ ਕੀਤਾ ਜਾਂਦਾ ਹੈ? ਵੇਰਵੇ ਸਹਿਤ ਵਰਣਨ ਕਰੋ।

### ਛੋਟੇ ਪ੍ਰਸ਼ਨ

1. ਜੈਨ ਧਰਮ ਵਿਚ ਬੱਚੇ ਦੇ ਜਨਮ ਤੋਂ ਪਹਿਲਾਂ ਕਿਹੜੀਆਂ-ਕਿਹੜੀਆਂ ਰਸਮਾਂ ਨਿਭਾਈਆਂ ਜਾਂਦੀਆਂ ਜਨ?
2. ਜੈਨ ਮਤ ਵਿਚ ਹਸਤ ਮਿਲਾਪ ਕੀ ਹੈ?

3. ਮੰਡਪ ਪ੍ਰਤੀਸ਼ਠਾ ਤੋਂ ਕੀ ਭਾਵ ਹੈ?
4. ਜੈਨ ਧਰਮ ਦੇ ਧਰਮ ਪ੍ਰਵੇਸ਼ ਸੰਸਕਾਰ ਵਿਚ ਸ਼ਾਮਿਲ ਮੌਜੀ ਬੰਧਨ ਬਾਰੇ ਸੰਖੇਪ ਜਾਣਕਾਰੀ ਦਿਓ?
5. ਜੈਨ ਧਰਮ ਵਿਚ ਮ੍ਰਿਤਕ ਸਰੀਰ ਦੇ ਸੰਸਕਾਰ ਤੋਂ ਪਹਿਲਾਂ ਕਿਹੜੀਆਂ-ਕਿਹੜੀਆਂ ਰਸਮਾਂ ਅਦਾ ਕੀਤੀਆਂ ਜਾਂਦੀਆਂ ਹਨ?

# CORE COURSE (CC): RELIGIOUS STUDIES

**SEMESTER II** **Section - A**

## PAPER I: ਧਰਮ ਸੰਸਕਾਰ (ਜਨਮ, ਧਰਮ-ਪ੍ਰਵੇਸ਼, ਵਿਆਹ ਅਤੇ ਮ੍ਰਿਤਕ ਸੰਸਕਾਰ)

ਬੁੱਧ ਧਰਮ : ਜਨਮ, ਧਰਮ-ਪ੍ਰਵੇਸ਼, ਵਿਆਹ ਅਤੇ ਮ੍ਰਿਤਕ ਸੰਸਕਾਰ

5.0 ਵਿਸ਼ਾ ਪ੍ਰਵੇਸ਼

5.1 ਜਾਣ-ਪਛਾਣ

5.2 ਜਨਮ ਸੰਸਕਾਰ

- 5.2.1. ਗਰਭਮੰਗਲ ਸੰਸਕਾਰ
- 5.2.2. ਗਰਭ ਅਵਸਥਾ ਦੌਰਾਨ
- 5.2.3. ਬੱਚੇ ਦੇ ਜਨਮ ਤੋਂ ਬਾਅਦ
- 5.2.4. ਨਾਮਕਰਨ ਦੀ ਰਸਮ
- 5.2.5. ਸੂਤਰਾਂ ਦਾ ਪਾਠ
- 5.2.6. ਸੰਸਕਾਰ ਵਿਧੀ

5.3.ਧਰਮ ਪ੍ਰਵੇਸ਼ ਸੰਸਕਾਰ

5.4. ਵਿਆਹ ਸੰਸਕਾਰ

- 5.4.1. ਬੋਧੀ ਵਿਆਹ ਸਮਾਰੋਹ

5.5 ਮ੍ਰਿਤਕ ਸੰਸਕਾਰ

- 5.5.1. ਸਮਸਾਰ ਜਾਂ ਸਮਯਸਾਰ
- 5.5.2. ਥਰਵਾੜਾ/ਥੇਰਵਾਦੀ ਬੁੱਧ ਧਰਮ ਵਿਚ ਮੌਤ ਦੀਆਂ ਰਸਮਾਂ

5.6 ਸਾਰ

5.7 ਪੜ੍ਹਣਯੋਗ ਪੁਸਤਕਾਂ

5.8 ਅਭਿਆਸ ਲਈ ਪ੍ਰਸ਼ਨ

**5.0 ਵਿਸ਼ਾ-ਪ੍ਰਵੇਸ਼**

ਪ੍ਰਸਤੁਤ ਯੂਨਿਟ ਭਾਰਤੀ ਸ਼੍ਰਮਣਿਕ ਪਰੰਪਰਾ ਦੇ ਪ੍ਰਮੁੱਖ ਧਰਮ, ਬੁੱਧ ਧਰਮ ਨਾਲ ਸੰਬੰਧਿਤ ਹੈ। ਇਸ ਦਾ ਮੁੱਖ ਉਦੇਸ਼ ਬੁੱਧ ਧਰਮ ਦੇ ਮਹੱਤਵਪੂਰਣ ਸੰਸਕਾਰਾਂ, ਜਿਵੇਂ- ਜਨਮ, ਦੀਖਿਆ, ਵਿਆਹ ਅਤੇ ਮੌਤ ਨਾਲ ਸੰਬੰਧਿਤ ਸੰਸਕਾਰਾਂ ਬਾਰੇ ਵਿਦਿਆਰਥੀਆਂ ਨੂੰ ਜਾਣੂੰ ਕਰਵਾਉਣਾ ਹੈ।

**5.1 ਜਾਣ- ਪਛਾਣ**

ਬੁੱਧ ਧਰਮ ਭਾਰਤ ਦਾ ਇਕ ਪ੍ਰਾਚੀਨ ਧਰਮ ਹੈ ਜੋ ਆਪਣੇ ਉਦਭਵ ਤੋਂ ਬਾਅਦ ਕਾਫੀ ਸਮੇਂ ਤੱਕ ਰਾਜਸੀ ਸਰਪ੍ਰਸਤੀ ਪ੍ਰਾਪਤ ਕਰਨ ਵਾਲਾ ਸੰਸਾਰ ਦੇ ਪ੍ਰਮੁੱਖ ਧਰਮਾਂ ਵਿਚ ਸਾਮਿਲ ਰਿਹਾ। ਮੌਜੂਦਾ ਸਮੇਂ ਭਾਵੇਂ ਆਪਣੇ ਜਨਮ ਸਥਾਨ ਭਾਰਤ ਵਿਚ ਇਸ ਧਰਮ ਦੇ ਅਨੁਯਾਈ ਘੱਟ ਗਿਣਤੀ ਹਨ ਪ੍ਰੰਤੂ ਇਸ ਧਰਮ ਦਾ ਵਿਸ਼ਵ ਧਰਮਾਂ ਵਿਚ ਇਕ ਅਹਿਮ ਸਥਾਨ ਹੈ। ਜੇਕਰ ਅਸੀਂ ਬੁੱਧ ਧਰਮ ਦੇ ਸੰਸਕਾਰਾਂ ਦੀ ਗੱਲ ਕਰੀਏ ਤਾਂ ਬੋਧੀ ਸਾਹਿਤ ਵਿਚ ਸੰਸਕਾਰਾਂ ਬਾਰੇ ਬਹੁਤ ਘੱਟ ਵਰਣਨ ਮਿਲਦਾ ਹੈ। ਇਸਦਾ ਕਾਰਨ ਮਹਾਤਮਾ ਬੁੱਧ ਦੁਆਰਾ ਸੰਸਕਾਰਾਂ ਨੂੰ ਅਹਿਮੀਅਤ ਨਾ ਦੇਣਾ ਅਤੇ ਗ੍ਰਹਿਸਤ ਪ੍ਰਤੀ ਉਦਾਸੀਨ ਰਵੱਈਆ ਅਪਨਾਉਣਾ ਹੋ ਸਕਦਾ ਹੈ। ਪਰੰਤੂ ਇਸ ਦਾ ਭਾਵ ਇਹ ਨਹੀਂ ਕਿ ਵਿਚ ਧਾਰਮਿਕ ਸੰਸਕਾਰ ਬੁੱਧ ਧਰਮ ਦਾ ਅੰਗ ਨਹੀਂ ਹਨ। ਬੋਧੀ ਅਨੁਯਾਈ ਧਾਰਮਿਕ ਸੰਸਕਾਰ ਨਿਭਾ ਸਕਦਾ ਹੈ ਪਰੰਤੂ ਇਸਦੀ ਸ਼ਰਤ ਇਹ ਹੈ ਕਿ ਸੰਸਕਾਰਾਂ ਨੂੰ ਨਿਭਾਉਂਦੇ ਹੋਏ ਬੁੱਧ ਧਰਮ ਦੇ ਸਿਧਾਂਤਾਂ ਦੀ ਅਵੱਗਿਆ ਨਾ ਕੀਤੀ ਜਾਵੇ। ਸੰਸਾਰ ਵਿਚ ਜਿੰਨੇ ਵੀ ਦੇਸ਼ਾਂ ਵਿਚ ਬੁੱਧ ਧਰਮ ਦਾ ਫੈਲਾਅ ਹੈ , ਸਾਰੇ ਦੇਸਾਂ ਵਿਚ ਵੱਖੋ-ਵੱਖਰੇ ਢੰਗ ਨਾਲ ਸੰਸਕਾਰ ਨਿਭਾਏ ਜਾਂਦੇ ਹਨ ਜਿਨ੍ਹਾਂ ਦਾ ਵਰਣਨ ਇਸ ਪ੍ਰਕਾਰ ਹੈ-

**5.2 ਜਨਮ ਸੰਸਕਾਰ**

6. ਭਾਰਤ ਦਾ ਟੋਡਾ ਕਬੀਲਾ ਮ੍ਰਿਤਕ ਸੰਸਕਾਰ ਦੀਆਂ ਰਸਮਾਂ ਕਿਵੇਂ ਅਦਾ ਕਰਦਾ ਹੈ?

## CORE COURSE (CC): RELIGIOUS STUDIES

**SEMESTER II** **Section - A**

**PAPER I: ਧਰਮ ਸੰਸਕਾਰ (ਜਨਮ, ਧਰਮ-ਪ੍ਰਵੇਸ਼, ਵਿਆਹ ਅਤੇ ਮ੍ਰਿਤਕ ਸੰਸਕਾਰ)**

UNIT-ਪਾਰਸੀ ਧਰਮ : ਜਨਮ, ਧਰਮ-ਪ੍ਰਵੇਸ਼, ਵਿਆਹ ਅਤੇ ਮ੍ਰਿਤਕ ਸੰਸਕਾਰ

7.0 ਵਿਸ਼ਾ ਪ੍ਰਵੇਸ਼

7.1 ਜਾਣ-ਪਛਾਣ

7.2 ਜਨਮ ਸੰਬੰਧੀ ਸੰਸਕਾਰ

7.3 ਦੀਖਿਆ ਸੰਸਕਾਰ

7.4 ਵਿਆਹ ਸੰਬੰਧੀ ਸੰਸਕਾਰ

7.5 ਮ੍ਰਿਤਕ ਸੰਸਕਾਰ

7.6 ਸਾਰ

7.7 ਪੜ੍ਹਣਯੋਗ ਪੁਸਤਕਾਂ

7.8 ਅਭਿਆਸ ਲਈ ਪ੍ਰਸ਼ਨ

**7.0 ਵਿਸ਼ਾ ਪ੍ਰਵੇਸ਼-**

ਹੱਥਲੀ ਯੂਨਿਟ ਸੰਸਾਰ ਦੇ ਸਭ ਤੋਂ ਪੁਰਾਤਨ ਧਰਮ ਜ਼ੋਰੋਆਸਟਰੀਅਨ ਭਾਵ ਪਾਰਸੀ ਧਰਮ ਨਾਲ ਸੰਬੰਧਿਤ ਹੈ। ਇਸ ਯੂਨਿਟ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਪਾਰਸੀ ਧਰਮ ਦੇ ਧਰਮ ਸੰਸਕਾਰਾਂ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ। ਇਨ੍ਹਾਂ ਸੰਸਕਾਰਾਂ ਵਿਚ ਮੁੱਖ ਤੌਰ ਤੇ ਜਨਮ, ਦੀਖਿਆ ਭਾਵ ਧਰਮ ਪ੍ਰਵੇਸ਼, ਵਿਆਹ ਅਤੇ ਮ੍ਰਿਤਕ ਸੰਸਾਕਾਰਾਂ ਨੂੰ ਸ਼ਾਮਿਲ ਕੀਤਾ ਗਿਆ ਹੈ।

**7.1 ਜਾਣ-ਪਛਾਣ-**

ਜ਼ੋਰੋਆਸਟਰੀਅਨ ਧਰਮ ਸੰਸਾਰ ਦੇ ਸਭ ਤੋਂ ਪ੍ਰਾਚੀਨ ਅਤੇ ਮਹੱਤਵਪੂਰਣ ਧਰਮਾਂ ਵਿਚੋਂ ਇਕ ਹੈ। ਭਾਰਤ ਵਿਚ ਇਸ ਦੇ ਅਨੁਯਾਈਆਂ ਨੂੰ ਪਾਰਸੀ ਆਖਿਆ ਜਾਂਦਾ ਹੈ। ਇਸ ਪੁਰਾਤਨ ਧਰਮ ਦੇ ਬਾਨੀ ਨੇ ਆਪਣੇ ਅਨੁਯਾਈਆਂ ਨੂੰ ਇਕ ਈਸ਼ਵਰ ਵਿਚ ਵਿਸ਼ਵਾਸ਼ ਰੱਖਣ ਦਾ ਉਪਦੇਸ਼ ਦਿੱਤਾ ਸੀ। ਇਸ ਧਰਮ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਧਾਰਮਿਕ ਜੀਵਨ ਨੂੰ ਨੈਤਿਕ ਮਿਆਰਾਂ ਦੇ ਆਧਾਰ 'ਤੇ ਬਤੀਤ ਕਰਨ ਉੱਤੇ ਜ਼ੋਰ ਦਿੰਦਾ ਹੈ। ਇਸ ਧਰਮ ਦੇ ਪੈਰੋਕਾਰ ਅਜ ਕਲ ਮੁੱਖ ਤੌਰ ਤੇ ਭਾਰਤ ਅਤੇ ਈਰਾਨ ਵਿਚ ਰਹਿੰਦੇ ਹਨ। ਇਸ ਧਰਮ ਦੇ ਮੋਢੀ ਪੈਗੰਬਰ ਜ਼ਰਤੁਸਤ ਸਨ, ਜਿਨ੍ਹਾਂ ਬਾਰੇ ਜਾਣਕਾਰੀ ਇਸ ਧਰਮ ਦੇ ਧਾਰਮਿਕ ਗ੍ਰੰਥ ਅਵੇਸਤਾ ਦੇ ਭਾਗ ਗਥਾਵਾਂ ਤੋਂ ਪ੍ਰਾਪਤ ਹੁੰਦੀ ਹੈ। ਭਾਰਤੀ ਪਾਰਸੀਆਂ ਦੇ ਧਾਰਮਿਕ ਵਿਸ਼ਵਾਸ ਅਤੇ ਸਿਧਾਂਤ ਜ਼ਰਤੁਸਤ ਧਰਮ ਦੇ ਅਨੁਸਾਰ ਹੀ ਹਨ।

ਪਾਰਸੀ ਦੈਵੀ ਇੱਛਾ ਦੀ ਸਰਵਉੱਚਤਾ ਵਿਚ ਸਖਤੀ ਨਾਲ ਵਿਸ਼ਵਾਸ ਕਰਦੇ ਹਨ ਅਤੇ ਸਵੀਕਾਰ ਕਰਦੇ ਹਨ ਕਿ ਉਸਦੀ ਪਰਮ ਇੱਛਾ ਦੇ ਬਿਨਾਂ ਇਕ ਪੱਤਾ ਵੀ ਉੱਡ ਨਹੀਂ ਸਕਦਾ। ਪਾਰਸੀਆਂ ਦਾ ਇਹ ਵੀ ਵਿਸ਼ਵਾਸ ਹੈ ਕਿ ਸੰਸਾਰ ਨੂੰ ਛੇ ਦੌਰਾਂ (ਦਿਨਾਂ) ਵਿਚ ਬਣਾਇਆ ਗਿਆ। ਪ੍ਰਾਚੀਨ ਪਾਰਸੀ ਪਰਿਵਾਰ ਦੂਤਾਂ ਦੀ ਮੰਤਰੀ ਮੰਡਲ ਅਤੇ ਸੰਸਾਰ ਦੇ ਮਾਮਲਿਆਂ ਉੱਤੇ ਉਨ੍ਹਾਂ ਦੀ ਨਿਗਰਾਨੀ ਵਿਚ ਵੀ ਵਿਸ਼ਵਾਸ ਰੱਖਦੇ ਸਨ ਅਤੇ ਇਸ ਲਈ ਉਨ੍ਹਾਂ ਨੂੰ ਵੱਖ-ਵੱਖ ਚਾਰਜ ਅਤੇ ਜ਼ਿਲ੍ਹੇ ਪ੍ਰਾਂਤ ਸੌਂਪੇ ਗਏ। ਉਹ ਅਹੁਰਮਜ਼ਦ ਨੂੰ ਉਨ੍ਹਾਂ ਦੇ ਮੁਖੀ ਵਜੋਂ ਮੰਨਦੇ ਹਨ। ਉਹ ਬਲੀਦਾਨ ਦੇ ਸਿਧਾਂਤ ਨੂੰ ਵੀ ਮੰਨਦੇ ਹਨ। ਇਸ ਤੋਂ ਬਿਨਾਂ ਯਸਨਾ ਦੇ ਕਈ ਰੂਪਾਂ ਜਿਵੇਂ ਕਿ ਜੋਤਿਸ਼ਟੋਮਾ, ਦਰਸ਼ਾ, ਪੂਰਨਿਮਾ-ਇਸ਼ਤੇ, ਦੌਮ, ਚੁਤਰਮਾਸ਼ੀਆ-ਇਸ਼ਤੀ, ਗਊਸ਼ ਉਰਵਾ ਆਦਿ ਨੂੰ ਵੀ ਮੰਨਦੇ ਹਨ। ਇਨ੍ਹਾਂ ਵਿਚ ਭਾਵੇਂ ਕਿ ਮਾਸ ਖਾਣ ਦੀ ਪੂਰੀ ਮਨਾਹੀ ਹੈ ਪਰ ਤੰਦਬਾਰ ਨੂੰ ਮਾਰ ਕੇ ਉਸਦਾ ਮਾਸ ਖਾਧਾ ਜਾਂਦਾ ਹੈ। ਹਿੰਦੂਆਂ ਵਾਂਗ ਪਾਰਸੀ ਗਊ ਦੀ ਘਰੇਲੂ ਅਤੇ ਖੇਤੀਬਾੜੀ ਦੇ ਉਦੇਸ਼ਾਂ ਲਈ ਉਪਯੋਗਤਾ ਦੇ ਕਾਰਨ ਵਿਸ਼ੇਸ਼ ਪੂਜਾ ਕਰਦੇ ਸਨ। ਉਨ੍ਹਾਂ ਵਿਚ ਪਵਿੱਤਰਤਾ ਦਾ ਵੀਚਾਰ ਵੈਦਿਕ ਧਰਮ ਨਾਲੋਂ ਵੀ ਕਿਤੇ ਜ਼ਿਆਦਾ ਹੈ। ਬ੍ਰਾਹਮਣਵਾਦੀ ਸਮਾਜ ਵਾਂਗ ਉਨ੍ਹਾਂ ਨੇ ਮਨੁੱਖੀ ਸਮਾਜ ਨੂੰ ਚਾਰ-ਵਰਗਾਂ ਵਿਚ ਵਰਗੀਕ੍ਰਿਤ ਕੀਤਾ ਜਿਵੇਂ ਕਿ ਹੋਰਿਸ਼ਤਰਨ (ਪੁਜਾਰੀ ਵਰਗ), ਨੂਰੀਸਤਰਨ (ਸਾਰਥੀ ਜਾਂ ਯੋਧੇ), ਸੋਰੀਸਤਰਨ (ਹਰ ਕਿਸਮ ਦੀ ਸੇਵਾ ਕਰਨ ਵਾਲੇ), ਰੋਜ਼ੀਸਤਰਨ ( ਵੱਖ-ਵੱਖ ਕਿੱਤਿਆਂ ਅਤੇ ਖੇਤੀਬਾੜੀ ਕਰਨ ਵਾਲੇ), ਵੈਦਿਕ ਧਰਮ ਦੇ ਪੈਰੋਕਾਰਾਂ ਵਾਂਗ ਉਹ ਵੀ ਸੱਤਵੇਂ ਸਾਲ ਪਵਿੱਤਰ ਧਾਗਾ ਪਹਿਨਦੇ ਜਿਸਨੂੰ ਕੁਸਤੀ ਕਿਹਾ ਜਾਂਦਾ ਹੈ ਅਤੇ ਇਹ ਕਮਰ ਨਾਲ ਬੰਨ੍ਹਿਆਂ ਜਾਂਦਾ ਹੈ। ਇਸ ਧਰਮ ਵਿਚਲੇ ਧਰਮ ਸੰਸਕਾਰਾਂ ਦਾ ਸੰਖੇਪ ਵਰਣਨ ਹੇਠ ਲਿਖੇ ਅਨੁਸਾਰ ਹੈ।

**7.2 ਜਨਮ ਸੰਬੰਧੀ ਸੰਸਕਾਰ**

ਪਾਰਸੀ ਧਰਮ ਵਿੱਚ ਬੱਚੇ ਦੇ ਜਨਮ ਨੂੰ ਬਹੁਤ ਸ਼ੁੱਧ (ਘਟਨਾ) ਮੰਨਿਆ ਜਾਂਦਾ ਹੈ। ਮੁਢਲੇ ਜ਼ੋਰੋਐਸਟਰੀ ਧਰਮੀਆਂ ਦੀਆਂ ਧਾਰਮਿਕ ਰਸਮਾਂ ਬਾਰੇ ਬਹੁਤਾ ਪਤਾ ਨਹੀਂ ਲੱਗ ਸਕਿਆ ਹੈ ਪਰ ਪਾਰਸੀਆਂ ਦੀ ਪਹਿਲਵੀ ਗਾਥਾ ਦੀ ਇਕ ਹਦਾਇਤ ਅਨੁਸਾਰ ਜਦੋਂ ਕੋਈ ਇਸਤਰੀ ਗਰਭਵਤੀ ਹੋ ਜਾਵੇ ਤਾਂ ਘਰ ਵਿਚ ਅਗਨੀ ਨੂੰ ਬਹੁਤ ਧਿਆਨ ਨਾਲ ਬਲਦੀ ਰਖਣਾ ਚਾਹੀਦਾ ਹੈ। ਅਜੋਕੇ ਸਮੇਂ ਦੇ ਪਾਰਸੀ ਪਰਿਵਾਰਾਂ ਵਿਚੋਂ ਬਹੁਤ ਸਾਰੇ ਅਜਿਹੇ ਪਰਿਵਾਰ ਹਨ ਜੋ

ਗਰਭ ਦੇ ਪੰਜਵੇਂ ਜਾਂ ਸੱਤਵੇਂ ਮਹੀਨੇ ਤੋਂ ਘਿਓ ਦਾ ਦੀਵਾ ਬਲਦਾ ਰੱਖਦੇ ਹਨ। ਅਜਿਹਾ ਮੰਨਿਆ ਜਾਂਦਾ ਹੈ ਕਿ ਇਸ ਤਰ੍ਹਾਂ ਕਰਨ ਨਾਲ ਬੁਰੀਆਂ ਰੂਹਾਂ ਘਰ ਤੋਂ ਦੂਰ ਰਹਿੰਦੀਆਂ ਹਨ।

ਕੁਝ ਪਾਰਸੀ ਪਰਿਵਾਰਾਂ ਵਿਚ ਗਰਭ ਦੇ ਸਮੇਂ ਪ੍ਰਾਰਥਨਾਵਾਂ ਅਤੇ ਯਾਸਨਾ ਦਾ ਪਾਠ ਕਰਵਾਇਆ ਜਾਂਦਾ ਹੈ। ਹਰ ਪਰਿਵਾਰ ਗਰਭ ਦੇ ਪੰਜਵੇਂ ਜਾਂ ਸੱਤਵੇਂ ਮਹੀਨੇ ਦੀ ਸਮਾਪਤੀ ਤੇ ਕੁਝ ਰਸਮਾਂ ਜ਼ਰੂਰ ਕਰਦੇ ਹਨ। ਬੱਚੇ ਦੇ ਪੈਦਾ ਹੋਣ ਤੇ ਇਕ ਦੀਵਾ ਜਗਾਇਆ ਜਾਂਦਾ ਹੈ ਤੇ ਇਸ ਨੂੰ ਤਿੰਨ ਦਿਨ ਬਲਦਾ ਰੱਖਿਆ ਜਾਂਦਾ ਹੈ। ਪਾਰਸੀ ਗ੍ਰੰਥਾਂ ਵਿਚ ਇਹ ਗੱਲ ਦਰਜ ਹੈ ਕਿ ਦੀਵਾ ਇਸ ਪ੍ਰਕਾਰ ਰੱਖਿਆ ਜਾਣਾ ਚਾਹੀਦਾ ਹੈ ਕਿ ਇਸ ਦੇ ਅਤੇ ਨਵੇਂ ਜਨਮੇ ਬਾਲ ਦੇ ਵਿਚਕਾਰੋਂ ਕੋਈ ਲੰਘ ਨਾ ਸਕੇ। ਜਣੇਪੇ ਮਗਰੋਂ 40 ਦਿਨ ਤੱਕ ਬੱਚੇ ਦੀ ਮਾਂ ਨੂੰ ਇਕਾਂਤ ਵਿੱਚ ਰੱਖਿਆ ਜਾਂਦਾ ਹੈ। ਇਸ ਸਮੇਂ ਦੌਰਾਨ ਉਸ ਨੂੰ ਲੱਕੜ ਦੇ ਫਰਨੀਚਰ ਅਤੇ ਸੂਤੀ ਕੱਪੜੇ ਨਾਲ ਛੂਹਣ ਤੋਂ ਬਚਣ ਲਈ ਕਿਹਾ ਜਾਂਦਾ ਹੈ। ਇਹ ਪਾਬੰਦੀਆਂ ਸ਼ਾਇਦ ਛੂਤ ਛਾਤ ਦੇ ਰੋਗਾਂ ਤੋਂ ਬਚਣ ਅਤੇ ਪਵਿਤਰਤਾ ਨੂੰ ਕਾਇਮ ਰਖਣ ਦੇ ਦ੍ਰਿਸ਼ਟੀਕੋਣ ਨੂੰ ਮੁੱਖ ਰੱਖ ਕੇ ਲਾਈਆਂ ਜਾਂਦੀਆਂ ਹਨ। 40 ਦਿਨਾਂ ਤੋਂ ਬਾਅਦ ਪਰਿਵਾਰ ਦਾ ਪ੍ਰੋਹਿਤ ਪਵਿਤਰ ਇਸ਼ਨਾਨ ਕਰਾਉਂਦਾ ਹੈ। ਪੁਰਾਣਿਆਂ ਸਮਿਆਂ ਵਿਚ ਮਾਂ ਅਤੇ ਬੱਚੇ ਦੋਹਾਂ ਨੂੰ ਹੀ ਹੋਮ ਜੂਸ ਪਿਆਇਆ ਜਾਂਦਾ ਸੀ ਜਾਂ ਛੁਹਾਇਆ ਜਾਂਦਾ ਸੀ। ਪਰ ਅਜ ਕਲ ਚੀਨੀ ਜਾਂ ਪਤਾਸਿਆਂ ਦੇ ਸ਼ਰਬਤ ਨੂੰ ਸ਼ਗਨ ਦੇ ਤੌਰ 'ਤੇ ਪਿਆਇਆ ਜਾਂਦਾ ਹੈ।

**7.3 ਦੀਖਿਆ ਸੰਸਕਾਰ**-

ਪਾਰਸੀ ਧਰਮ ਵਿਚ ਬੱਚੇ ਦੀ ਦੀਖਿਆ ਦੀ ਰਸਮ ਮਹੱਤਵਪੂਰਨ ਸਥਾਨ ਰੱਖਦੀ ਹੈ। ਇਹ ਰਸਮ ਪੁਰੋਹਿਤ ਦੁਆਰਾ ਕੀਤੀ ਜਾਂਦੀ ਹੈ। ਪਾਰਸੀਆਂ ਦੇ ਦੋ ਬਹੁਤ ਹੀ ਪਵਿੱਤਰ ਚਿੰਨ੍ਹ – ਸਦਰੋ (ਪਵਿੱਤਰ ਚੋਗਾਏ) ਅਤੇ ਪਵਿੱਤਰ ਧਾਗਾ, ਪਾਰਸੀ ਲੜਕੇ ਅਤੇ ਲੜਕੀ ਦੋਵਾਂ ਨੂੰ ਇਹ ਪਵਿੱਤਰ ਚਿੰਨ੍ਹ ਇੱਕ ਵਿਸ਼ੇਸ਼ ਸਮਾਰੋਹ ਵਿੱਚ ਸ਼ੁਰੂਆਤ ਦੇ ਸੰਸਕਾਰ ਵਜੋਂ ਦਿੱਤੇ ਜਾਂਦੇ ਹਨ, ਜੋ ਉਹ ਜੀਵਨ ਲਈ ਪਹਿਨਦੇ ਹਨ। ਅਜਿਹਾ ਮੰਨਿਆ ਜਾਂਦਾ ਹੈ ਕਿ ਇਨ੍ਹਾਂ ਨੂੰ ਪਹਿਨਣ ਨਾਲ ਵਿਅਕਤੀ ਮਾੜੇ ਪ੍ਰਭਾਵਾਂ ਅਤੇ ਬੁਰਾਈਆਂ ਤੋਂ ਬਚਿਆ ਰਹਿੰਦਾ ਹੈ। ਸਫੈਦ ਸੂਤੀ ਕੱਪੜੇ ਦੇ ਨੌਂ ਟੁਕੜਿਆਂ ਤੋਂ ਵਿਸ਼ੇਸ਼ ਆਕਾਰ ਵਾਲੇ ਸਦਰ ਬਣਾਏ ਜਾਂਦੇ ਹਨ। ਇਸ ਵਿਚ 'ਕਿਸਮ-ਏ-ਕਰਫ਼' ਨਾਂ ਦੀ ਜੇਬ ਹੁੰਦੀ ਹੈ। ਪਵਿੱਤਰ ਧਾਗਾ, ਜਿਸ ਨੂੰ 'ਕੁਸ਼ਤੀ' ਕਿਹਾ ਜਾਂਦਾ ਹੈ, ਉੱਨ ਦੇ 72 ਧਾਗਿਆਂ ਨੂੰ ਵੰਡ ਕੇ ਬਣਾਇਆ ਜਾਂਦਾ ਹੈ ਅਤੇ ਕਮਰ ਦੇ ਦੁਆਲੇ ਬੰਨ੍ਹਿਆ ਜਾਂਦਾ ਹੈ, ਜਿਸਦੇ ਅੱਗੇ ਦੋ ਗੰਢਾਂ ਅਤੇ ਦੋ ਗੰਢਾਂ ਪਿੱਛੇ ਬੰਨ੍ਹੀਆਂ ਜਾਂਦੀਆਂ ਹਨ।

ਪਾਰਸੀ ਧਰਮ ਵਿਚ ਬੱਚੇ ਦੀ ਦੀਖਿਆ ਨੂੰ ਨਵਜੋਤ ਕਿਹਾ ਜਾਂਦਾ ਹੈ ਜਦੋਂ ਕਿ ਪੁਰੋਹਿਤ ਨੂੰ ਨਾਬਰ ਅਤੇ ਮਰਾਤਿਬ ਦੋ ਕਿਸਮ ਦੀਆਂ ਰਸਮਾਂ ਰਾਹੀਂ ਸਥਾਪਿਤ ਕੀਤਾ ਜਾਂਦਾ ਹੈ। ਨਵਜੋਤ ਵਿਚ ਬੱਚਾ ਪਵਿੱਤਰ ਕੁੜ੍ਹਤਾ ਅਤੇ ਪੇਟੀ (ਕੁਸ਼ਤੀ) ਪਹਿਨਦਾ ਹੈ ਜੋ ਉਸ ਨੂੰ ਜੀਵਨ ਭਰ ਪਹਿਨਣੇ ਪੈਂਦੇ ਹਨ। ਆਮ ਤੌਰ 'ਤੇ ਦੀਖਿਆ ਪ੍ਰਾਪਤ ਕਰਨ ਦੀ ਉਮਰ ਸੱਤ ਸਾਲ ਹੁੰਦੀ ਹੈ ਅਤੇ ਇਹ ਉਹੋ ਸਮਾਂ ਹੁੰਦਾ ਹੈ ਜਦੋਂ ਬੱਚੇ ਨੂੰ ਵਿਦਿਆ ਦੇਣੀ ਸ਼ੁਰੂ ਕੀਤੀ ਜਾਂਦੀ ਹੈ। ਦੀਖਿਆ ਪੰਦਰ੍ਹਾਂ ਵਰ੍ਹਿਆਂ ਦੀ ਉਮਰ ਤੋਂ ਪਹਿਲਾਂ ਪਹਿਲਾਂ ਜ਼ਰੂਰ ਹੋ ਜਾਣੀ ਚਾਹੀਦੀ ਹੈ। ਕੁਸ਼ਤੀ ਜਾਂ ਪੇਟੀ ਦੁੰਬੇ ਦੀ ਉੱਨ ਦੀ ਬਣੀ ਹੋਈ ਹੁੰਦੀ ਹੈ ਜਿਸ ਨੂੰ ਇਸ ਸੰਬੰਧ ਵਿਚ ਲਿਖੀਆਂ ਗਈਆਂ ਕੁਝ ਨਿਸ਼ਚਿਤ ਮਿਣਤੀਆਂ ਅਨੁਸਾਰ

ਤਿਆਰ ਕੀਤਾ ਜਾਂਦਾ ਹੈ। ਇਹ ਵਿਸ਼ੇਸ਼ ਮਾਪ ਕਈ ਧਾਰਮਿਕ ਲੱਛਣਾਂ ਦੇ ਪ੍ਰਤੀਕ ਸਮਝੇ ਜਾਂਦੇ ਹਨ। ਕੁਸ਼ਤੀ ਨੂੰ ਪੁਰੋਹਿਤ ਸ਼੍ਰੇਣੀ ਦੀ ਇਕ ਇਸਤਰੀ ਦੁਆਰਾ ਬਣਾਇਆ ਜਾਂਦਾ ਹੈ ਪ੍ਰੰਤੂ ਇਕ ਪੁਰਸ਼ ਪੁਰੋਹਿਤ ਦੁਆਰਾ ਕਟਿਆ ਅਤੇ ਸ਼ੁਧ ਕੀਤਾ ਜਾਂਦਾ ਹੈ।

ਕੁਸ਼ਤੀ ਦੇ ਮੂਲ ਰੂਪ ਨੂੰ ਪੂਰਵ ਜ਼ੋਰੋਸਐਸਟਰੀ ਮੰਨਿਆ ਜਾਂਦਾ ਹੈ। ਜ਼ਰੁਤਸਤ ਨੇ ਇਸ ਨੂੰ ਪਰਮਾਤਮਾ ਦੇ ਹੁਕਮ ਦੀ ਪਾਲਣਾ ਦਾ ਚਿੰਨ੍ਹ ਦਸਿਆ ਸੀ ਅਤੇ ਕਿਹਾ ਕਿ ਇਹ ਬੁਰਾਈ ਦੀ ਤਾਕਤ ਦਾ ਵਿਨਾਸ਼ ਕਰਦੀ ਹੈ ਅਤੇ ਪਾਪਾਂ ਲਈ ਸਭ ਦਰਵਾਜ਼ੇ ਬੰਦ ਕਰ ਦਿੰਦੀ ਹੈ। ਸਿਵਾਏ ਕੁਝ ਕੁ ਸਮਿਆਂ ਤੋਂ, ਪਵਿੱਤਰ ਕਮੀਜ਼ ਅਤੇ ਕੁਸ਼ਤੀ ਨੂੰ ਹਰ ਸਮੇਂ ਪਹਿਨਣਾ ਲਾਜ਼ਮੀ ਹੁੰਦਾ ਹੈ। ਬੱਚੇ ਨੂੰ 'ਨਵਜੋਤ'ਦੀ ਰਸਮ ਤੋਂ ਪਹਿਲਾਂ ਕੁਝ ਕੁ ਛੋਟੀਆਂ ਛੋਟੀਆਂ ਪ੍ਰਾਰਥਨਾਵਾਂ ਯਾਦ ਕਰਨੀਆਂ ਪੈਂਦੀਆਂ ਹਨ। ਪਰ ਪੁਰੋਹਿਤ ਦੀ ਦੀਖਿਆ ਦਾ ਕੰਮ ਵਧੇਰੇ ਕਠਿਨ ਅਤੇ ਅਹਿਮ ਹੁੰਦਾ ਹੈ ਕਿਉਂਕਿ ਇਸ ਵਿਚ ਸੁਧਾਈ ਲਈ ਕਈ ਕਰੜੇ ਸਾਧਨ ਵਰਤੇ ਜਾਂਦੇ ਹਨ। ਪਾਰਸੀਆਂ ਵਿਚ ਪੁਰੋਹਿਤ ਦਾ ਪੁੱਤਰ ਹੀ ਆਮ ਤੌਰ 'ਤੇ ਪੁਰੋਹਿਤ ਬਣਨ ਦੇ ਯੋਗ ਸਮਝਿਆ ਜਾਂਦਾ ਹੈ। ਇਸ ਨਿਯਮ ਵਿਚ ਬਹੁਤ ਘੱਟ ਛੋਟਾਂ ਵੇਖਣ ਵਿਚ ਆਈਆਂ ਹਨ। ਪੂਰਨ ਤੌਰ 'ਤੇ ਯੋਗ ਪੁਰੋਹਿਤ ਬਣਨ ਦੀ ਦੀਖਿਆ ਦੇ ਦੋ ਪੱਧਰ ਨਿਸ਼ਚਿਤ ਕੀਤੇ ਗਏ ਹਨ। ਨਾਬਰ (ਕਈ ਵਾਰੀ 'ਨਾਵਰ' ਜਾਂ 'ਨੈਵਰ' ਵੀ ਲਿਖਿਆ ਜਾਂਦਾ ਹੈ) ਅਤੇ 'ਮੁਰਾਤਿਬਾ' ਇਹ ਦੋ ਪੱਧਰ ਪੁਰੋਹਿਤਾਂ ਦੀ ਦੀਖਿਆ ਲਈ ਹਨ। ਦੀਖਿਆ ਦੇ ਪਹਿਲੇ ਦਰਜੇ ਨਾਬਰ ਵਿਚ ਤਿੰਨ ਰੀਤੀਆਂ ਸ਼ਾਮਲ ਹਨ - ਸ਼ੁਧੀ, ਗੀਊਰਾ ਭਾਵ ਛੇ ਦਿਨਾਂ ਤੱਕ ਰਸਮਾਂ ਸਹਿਤ ਯਸਨ ਦਾ ਪਾਠ ਅਤੇ ਅਸਲੀ ਦਿਖਿਆ। ਪੁਰੋਹਿਤ ਬਣਨ ਵਾਲਾ ਉਮੀਦਵਾਰ ਕੋਹੜ ਦਾ ਮਰੀਜ਼ ਨਹੀਂ ਹੋਣਾ ਚਾਹੀਦਾ ਤੇ ਨਾ ਹੀ ਉਸਦੇ ਜਿਸਮ ਉੱਤੇ ਕਿਸੇ ਪ੍ਰਕਾਰ ਦਾ ਕੋਈ ਜ਼ਖਮ ਹੀ ਹੋਣਾ ਚਾਹੀਦਾ ਹੈ। ਉਮੀਦਵਾਰ ਨੂੰ ਉਸਦੇ ਉੱਪਰਲੇ ਬਸਤਰ ਉਤਾਰ ਕੇ ਮੁੱਖ ਪੁਰੋਹਿਤ ਅਤੇ ਹੋਰ ਪੁਰੋਹਿਤਾਂ ਦੀ ਇਕ ਸਭਾ ਦੇ ਸਾਹਮਣੇ ਪੇਸ਼ ਕੀਤਾ ਜਾਂਦਾ ਹੈ। ਛੇ ਦਿਨਾਂ ਤਕ ਉਹ ਕਿਸੇ ਵੀ ਗ਼ੈਰ-ਜ਼ੋਰੋਐਸਟਰੀ ਨਾਲ ਸੰਪਰਕ ਨਹੀਂ ਰਖ ਸਕਦਾ ਅਤੇ ਆਪਣੇ ਆਪ ਨੂੰ ਪੂਰਨ ਤੌਰ 'ਤੇ ਧਾਰਮਿਕ ਫਰਜ਼ਾਂ ਲਈ ਸਮਰਪਿਤ ਕਰ ਦਿੰਦਾ ਹੈ। ਸਤਵੇਂ ਦਿਨ ਉਹ ਚਿੱਟੇ ਬਸਤਰ ਅਚੇ ਸੂਤੀ ਕੁਸ਼ਤੀ (ਪਿਸ਼ੋਰੀ) ਪਹਿਨਦਾ ਹੈ। ਆਪਣੇ ਖੱਬੇ ਹਥ ਵਿਚ ਸ਼ਾਲ ਲੈਂਦਾ ਹੈ। ਇਹ ਸ਼ਾਲ ਉਸ ਦੇ ਪਦ ਉੱਤੇ ਆਰਜ਼ੀ ਤੌਰ 'ਤੇ ਨਿਯੁਕਤ ਹੋਣ ਅਤੇ ਕਰਤੱਵਾਂ ਦਾ ਪਾਲਣ ਕਰਨ ਦਾ ਚਿੰਨ੍ਹ ਹੁੰਦਾ ਹੈ। ਸੱਜੇ ਹੱਥ ਵਿਚ ਪਕੜੀ ਹੋਈ ਗਦਾ ਇਸ ਗਲ ਦਾ ਸੂਚਕ ਹੈ ਕਿ ਉਹ ਸਰੀਰਕ ਅਤੇ ਨੈਤਿਕ ਸਭ ਤਰ੍ਹਾਂ ਦੀਆਂ ਬੁਰਾਈਆਂ ਦਾ ਮੁਕਾਬਲਾ ਕਰਨ ਲਈ ਦ੍ਰਿੜ ਹੈ। ਇਸ ਤੋਂ ਬਾਅਦ ਇਹ ਉਚਿਤ ਸਮਝਿਆ ਜਾਂਦਾ ਹੈ ਕਿ ਪੁਰੋਹਿਤ ਪਦ ਦੇ ਉਮੀਦਵਾਰ ਨੂੰ ਮੁਖ ਪੁਰੋਹਿਤ ਅਤੇ ਉਸਦੇ (ਉਮੀਦਵਾਰ ਦੇ) ਹੋਰ ਦੋਸਤਾਂ ਮਿੱਤਰਾਂ ਦੁਆਰਾ, ਜਿਨ੍ਹਾਂ ਵਿਚ ਇਸਤਰੀ ਪੁਰਸ਼ ਦੋਵੇਂ ਹੁੰਦੇ ਹਨ, ਦੀਖਿਆ ਲਈ ਦਾਰੇ-ਮਿਹਰ, ਅਗਨੀ ਮੰਦਰ ਵਿਚ ਲਿਜਾਇਆ ਜਾਏ। ਮੁੱਖ ਰਸਮਾਂ ਵਿਚ, ਬਣਨ ਵਾਲੇ ਪੁਰੋਹਿਤ ਦੁਆਰਾ ਰਸਮ ਦੀ ਅਦਾਇਗੀ ਦੇ ਨਾਲ-ਨਾਲ ਯਾਸਨਾ ਦਾ ਪਾਠ ਕਰਨਾ ਹੁੰਦਾ ਹੈ। ਇਸ ਨਾਲ ਉਸਦੀ ਧਰਮ ਗ੍ਰੰਥ ਦੇ ਪਾਠ ਉਤੇ ਮੁਹਾਰਤ ਅਤੇ ਆਪਣੇ ਕਰਤੱਵ ਦੀ ਪੂਰਤੀ ਲਈ ਲੋੜੀਂਦੀਆਂ ਸੰਬੰਧਿਤ ਰਸਮਾਂ ਬਾਰੇ ਵਾਕਫੀਅਤ ਦਾ ਪਤਾ ਚਲਦਾ ਹੈ। ਉਸ ਨੂੰ ਇਕ ਬੁਰਕਾ ਵੀ ਪਹਿਨਾਇਆ ਜਾਂਦਾ ਹੈ ਕਿ ਜਿਸ ਨੂੰ ਉਹ ਬਾਅਦ ਵਿਚ ਪਵਿੱਤਰ ਅਗਨੀ ਨੂੰ ਆਪਣੇ

ਸਾਹ ਨਾਲ ਭ੍ਰਸ਼ਟ ਹੋ ਜਾਣ ਤੋਂ ਰੋਕਣ ਲਈ ਵਰਤਦਾ ਹੈ। ਫਿਰ ਮੁੱਖ ਪੁਰੋਹਿਤ ਅੰਤਿਮ ਦੀਖਿਆ ਪ੍ਰਦਾਨ ਕਰਨ ਲਈ ਹੋਰ ਪੁਰੋਹਿਤਾਂ ਅਤੇ ਬਜ਼ੁਰਗਾਂ ਦੀ ਆਗਿਆ ਮੰਗਦਾ ਹੈ। ਹਾਜ਼ਰ ਵਿਅਕਤੀਆਂ ਦੀ ਇਸ ਸੰਬੰਧ ਵਿਚ ਚੁੱਪ ਪਰਵਾਨਗੀ ਦੀ ਸੂਚਕ ਸਮਝੀ ਜਾਂਦੀ ਹੈ। ਮੁੱਖ ਪੁਰੋਹਿਤ ਇਸ ਪਰਵਾਨਗੀ ਦੇ ਪ੍ਰਗਟਾ ਵਜੋਂ ਆਪਣੇ ਦੋਹਾਂ ਹੱਥਾਂ ਨੂੰ ਅੱਗੇ ਵਧਾਉਂਦਾ ਹੋਇਆ ਸਿਰ ਹਿਲਾ ਦਿੰਦਾ ਹੈ। ਅਗਲੇ ਚਾਰ ਦਿਨ ਉਮੀਦਵਾਰ ਨੂੰ ਮੰਦਰ ਵਿਚ ਪਵਿੱਤਰ ਮੰਤ੍ਰਾਂ ਦੇ ਪਾਠ ਕਰਨ ਵਿਚ ਬਿਤਾਉਣੇ ਪੈਂਦੇ ਹਨ। ਉਸ ਨੂੰ ਦਿਨ ਵਿਚ ਕੇਵਲ ਇਕ ਵਾਰ ਹੀ ਭੋਜਨ ਕਰਨਾ ਪੈਂਦਾ ਹੈ। ਚੌਥੇ ਦਿਨ ਉਹ ਅਹੁਰਮਜ਼ਦ ਦੀ ਉਪਮਾ ਵਿਚ ਨਿਯਤ ਮੰਤਰਾਂ ਦਾ ਪਾਠ ਕਰਦਾ ਹੈ ਅਤੇ ਇਸ ਨਾਲ ਉਸ ਦੀ ਦੀਖਿਆ ਮੁਕੰਮਲ ਹੋ ਜਾਂਦੀ ਹੈ। 'ਨਾਬਰ' ਦੀ ਦੀਖਿਆ ਨੂੰ ਸਫਲਤਾ ਪੂਰਵਕ ਸੰਪੂਰਨ ਕਰ ਲੈਣ ਵਾਲੇ ਪੁਰੋਹਿਤ ਨੂੰ 'ਹਰਬਦ' ਅਰਥਾਤ ਅਧਿਆਪਕ ਕਿਹਾ ਜਾਂਦਾ ਹੈ। ਫਿਰ ਉਹ 'ਨਵਜੋਤ' ਅਤੇ ਵਿਹਾਰ ਸੰਬੰਧੀ ਰਸਮਾਂ ਕਰ ਲੈਣ ਦੇ ਸਮਰੱਥ ਹੋ ਜਾਂਦਾ ਹੈ। ਪਰ ਉਸ ਨੂੰ ਯਾਸਨਾ ਵੇਂਦੀਦਾਦ ਜਾਂ ਬਾਜ ਰਸਮਾਂ ਕਰਨ ਦੀ ਆਗਿਆ ਨਹੀਂ ਹੁੰਦੀ। ਇਨ੍ਹਾਂ ਰਸਮਾਂ ਨੂੰ ਕਰ ਸਕਣ ਦੇ ਸਮਰੱਥ ਹੋਣ ਲਈ ਉਸ ਨੂੰ ਉਚੇਰੀ ਦੀਖਿਆ ਲੈਣੀ ਪੈਂਦੀ ਹੈ ਜਿਸ ਨੂੰ 'ਮਰਾਤਿਬ' ਕਿਹਾ ਜਾਂਦਾ ਹੈ, । 'ਨਾਬਰ' ਪੱਧਰ ਦੀ ਦੀਖਿਆ ਇਸ ਸੰਬੰਧ ਵਿਚ ਪਰੀਖਿਆ ਦੀ ਰਸਮ ਹੁੰਦੀ ਹੈ। ਇਸ ਤੋਂ ਉਮੀਦਵਾਰ ਦੀ ਆਪਾ-ਵਾਰਨ, ਸਵਾਰਥ ਰਹਿਤ ਹੋਣ ਅਤੇ ਆਪਾ ਤਿਆਗ ਦੀ ਰੁਚੀ ਅਤੇ ਕਾਬਲੀਅਤ ਦਾ ਪਤਾ ਲਗ ਜਾਂਦਾ ਹੈ, 'ਮਰਾਤਿਬ' ਨਾਮ ਦੀ ਦੂਜੀ ਅਤੇ ਉਚੇਰੀ ਰਸਮ ਲਈ ਦਸ ਦਿਨ ਸ਼ੁਧਤਾ ਦੀਆਂ ਰਸਮਾਂ ਵਿਚੋਂ ਲੰਘਣਾ ਪੈਂਦਾ ਹੈ ਅਤੇ ਇਸ ਸਮੇਂ ਦੇ ਦੌਰਾਨ ਅਵੇਸਤਾ ਦੇ ਕਈ ਮੰਤਰਾਂ ਦਾ ਪਾਠ ਕਰਨਾ ਪੈਂਦਾ ਹੈ। 'ਮਰਾਤਿਬ' ਰਸਮ ਨੂੰ ਸਫਲਤਾ ਨਾਲ ਕਰ ਲੈਣ ਤੋਂ ਬਾਅਦ ਪੁਰੋਹਿਤ ਨੂੰ ਮੋਬੇਦ ਕਿਹਾ ਜਾਂਦਾ ਹੈ।

### 7.4 ਪਾਰਸੀ ਧਰਮ ਵਿਚ ਵਿਆਹ ਸੰਸਕਾਰ

ਪਾਰਸੀ ਧਰਮ ਵਿਚ ਵਿਆਹ ਸੰਸਕਾਰ ਦੀ ਖਾਸ ਮਹੱਤਾ ਹੈ। ਵਿਆਹ ਸਮੇਂ ਜਵਾਨ ਜੋੜਾ ਇਕ ਦੂਜੇ ਵੱਲ ਮੂੰਹ ਕਰ ਕੇ ਬੈਠਦੇ ਹਨ। ਮੌਜੂਦ ਪੁਰੋਹਿਤ ਲਾੜੇ ਅਤੇ ਲਾੜੀ ਵਿਚਕਾਰ ਇਕ ਕੱਪੜੇ ਦਾ ਪਰਦਾ ਕਰਦਾ ਹੈ ਅਤੇ ਲੜਕੀ ਦਾ ਸੱਜਾ ਹੱਥ ਲੜਕੇ ਦੇ ਸੱਜੇ ਹੱਥ ਉਤੇ ਰੱਖ ਕੇ ਦੋਵਾਂ ਹੱਥਾਂ ਨੂੰ ਸੱਤ ਵਾਰੀ ਸੂਤੀ ਧਾਗੇ ਨਾਲ ਬੰਨ੍ਹ ਦਿੰਦਾ ਹੈ। ਪੁਰੋਹਿਤ ਦੁਆਰਾ ਪ੍ਰਾਰਥਨਾਵਾਂ ਕੀਤੀਆਂ ਜਾਂਦੀਆਂ ਹਨ ਅਤੇ ਪੁਰੋਹਿਤ ਦੇ ਸੇਵਾਦਾਰ ਅੱਗ ਵਿਚ ਧੂਪ ਅਤੇ ਚੰਦਨ ਦੀ ਲੱਕੜੀ ਪਾਉਂਦੇ ਹਨ। ਇਸ ਸਮੇਂ ਲਾੜਾ ਅਤੇ ਲਾੜੀ ਦੇ ਵਿਚਕਾਰਲਾ ਕੱਪੜਾ ਹਟਾ ਦਿੱਤਾ ਜਾਂਦਾ ਹੈ। ਲਾੜਾ ਅਤੇ ਲਾੜੀ ਮੁੱਠੀ ਭਰ ਕੱਚੇ ਚੌਲ ਇਕ ਦੂਜੇ ਉੱਤੇ ਸੁੱਟਦੇ ਹਨ। ਇਸ ਕਾਰਜ ਨੂੰ ਖੁਸ਼ਹਾਲੀ ਦੇ ਪ੍ਰਤੀਕ ਵਜੋਂ ਮੰਨਿਆ ਜਾਂਦਾ ਹੈ। ਆਪਣੇ ਮਾਤਾ ਪਿਤਾ ਨੂੰ ਗਲੇ ਲਗਾਉਣ ਤੋਂ ਬਾਅਦ ਨਵਾਂ ਵਿਆਹਿਆ ਜੋੜਾ ਅਗਨੀ ਮੰਦਰ ਵਿਚ ਪਵਿੱਤਰ ਅਗਨੀ ਨੂੰ ਆਪਣੀ ਮੱਥਾ ਟੇਕਣ ਲਈ ਜਾਂਦਾ ਹੈ। ਲਾੜੇ ਦੇ ਘਰ ਜਾਣ ਸਮੇਂ ਦੁਲਹਨ ਚਾਂਦੀ ਦੇ ਇਕ ਫੁਲੱਦਾਨ ਜਿਸ ਵਿਚ ਇਕ ਛੋਟਾ ਬੱਤੀ ਵਾਲਾ ਦੀਵਾ (ਲੈਂਪ) ਹੁੰਦਾ ਹੈ, ਫੜਿਆ ਹੁੰਦਾ ਹੈ। ਘਰ ਦੀ ਦਹਿਲੀਜ਼ ਉੱਤੇ ਉਸ ਦਾ ਪਤੀ ਉਸ ਦਾ ਇੰਤਜ਼ਾਰ ਕਰ ਰਿਹਾ ਹੁੰਦਾ ਹੈ ਅਤੇ ਸਾਰੀ ਰਾਤ ਦੁਹਲਨ ਦੇ ਕਮਰੇ ਵਿਚ ਛੋਟਾ ਬੱਤੀ ਵਾਲਾ ਦੀਵਾ ਜਗਦਾ ਰਹਿੰਦਾ ਹੈ। ਪਾਰਸੀ ਧਰਮ ਵਿਆਹ ਵਿਚ ਪਾਰਸੀ ਪੁਜਾਰੀ ਲਾੜਾ ਅਤੇ ਲਾੜੀ ਨੂੰ ਜੋਰੋਆਸਟ੍ਰੀਅਨ ਰਿਵਾਜ ਜਾਂ

ਪੈਵੰਦ ਨਮ: ਦੇ ਮੁਤਾਬਿਕ ਵਿਆਹ ਦੀਆਂ ਸੋਹਾਂ ਸੁਣਾਉਂਦੇ ਹਨ। ਤਿੰਨ ਵਾਰ ਪੁਜਾਰੀ ਦੇ ਪੁੱਛਣ ਉਤੇ, ਤੀਸਰੀ ਵਾਰ ਕੁੜੀ ਮੁੰਡੇ ਨੂੰ ਜੀਵਨਸਾਥੀ ਦੇ ਰੂਪ ਵਿਚ ਸਵੀਕਾਰ ਕਰਦੀ ਹੈ। ਇਸ ਤੋਂ ਬਾਅਦ ਮੁੰਡਾ ਅਤੇ ਕੁੜੀ ਦੇ ਚਾਰੇ ਪਾਸੇ ਸੱਤ ਵਿਆਹੁਤਾ ਇਸਤਰੀਆਂ ਚਿੱਟੇ ਰੰਗ ਦਾ ਧਾਗਾ ਬੰਨ੍ਹਦੀਆਂ ਹਨ। ਇਸ ਦੌਰਾਨ ਲਾੜਾ-ਲਾੜੀ ਇਕ ਦੂਜੇ ਉੱਤੇ ਚੌਲ ਸਿੱਟਦੇ ਹਨ।

ਪਾਰਸੀ ਵਿਆਹ ਦੀ ਇਕ ਹੋਰ ਰਸਮ ਹੈ- ਹੱਥ ਬੋਰਬਾਨੂ। ਇਸ ਵਿਚ ਲਾੜੀ ਦੀ ਭੈਣ ਲਾੜੇ ਨੂੰ ਵਿਆਹ ਦੇ ਬੰਧਨ ਵਿਚ ਬੰਨਣ ਅਤੇ ਹੱਥ ਧੋਣ ਸਮੇਂ ਉਪਹਾਰ ਦੀ ਮੰਗ ਕਰਦੀ ਹੈ। ਪਾਰਸੀ ਧਰਮ ਵਿਚ ਧਰਮ ਪਰਿਵਰਤਨ ਮਨਜ਼ੂਰ ਨਹੀਂ ਹੈ।

ਪਾਰਸੀ ਭਾਈਚਾਰੇ ਵਿਚ ਪ੍ਰੇਮ ਵਿਆਹ ਆਮ ਹਨ। ਪਰ ਉਹ ਆਪਣੇ ਹੀ ਭਾਈਚਾਰੇ ਵਿਚ ਵਿਆਹ ਕਰਨਾ ਪਸੰਦ ਕਰਦੇ ਹਨ। ਅੰਤਰ ਧਰਮ ਵਿਆਹ ਪਾਰਸੀ ਲੋਕਾਂ ਦੁਆਰਾ ਸਵੀਕਾਰ ਨਹੀਂ ਕੀਤੇ ਜਾਂਦੇ। ਪਾਰਸੀ ਧਰਮ ਤੋਂ ਬਾਹਰ ਔਰਤਾਂ ਨਾਲ ਵਿਆਹ ਕਰਨ ਵਾਲੇ ਮਰਦਾਂ ਦੇ ਬੱਚੇ ਪਾਰਸੀ ਮੰਨੇ ਜਾਂਦੇ ਹਨ, ਪਰ ਉਨ੍ਹਾਂ ਔਰਤਾਂ ਦੇ ਬੱਚਿਆਂ ਨੂੰ ਪਾਰਸੀ ਨਹੀਂ ਮੰਨਿਆ ਜਾਂਦਾ ਜਿਨ੍ਹਾਂ ਨੇ ਧਰਮ ਤੋਂ ਬਾਹਰ ਵਿਆਹ ਕੀਤਾ।

**7.5 ਮੌਤ ਸੰਬੰਧੀ ਸੰਸਕਾਰ**

ਪਾਰਸੀ ਮੌਤ ਨੂੰ ਧਾਰਮਿਕ ਦ੍ਰਿਸ਼ਟੀਕੋਣ ਤੋਂ ਬਹੁਤ ਮਹੱਤਵਪੂਰਨ ਮੰਨਦੇ ਹਨ। ਇਨ੍ਹਾਂ ਦੇ ਅੰਤਿਮ ਸੰਸਕਾਰ ਦੀ ਰਸਮ ਖਾਸ ਅਤੇ ਦੂਜਿਆਂ ਨਾਲੋਂ ਵੱਖਰੀ ਹੈ। ਜਦੋਂ ਕਿਸੇ ਦੀ ਮੌਤ ਦਾ ਸਮਾਂ ਨੇੜੇ ਆਉਂਦਾ ਪ੍ਰਤੀਤ ਹੁੰਦਾ ਹੋਵੇ, ਤਾਂ ਇਕ ਜਾਂ ਦੋ ਪੁਰੋਹਿਤ ਬੁਲਾਏ ਜਾਂਦੇ ਹਨ, ਤਾਂ ਜੋ ਮਰਨ ਵਾਲਾ ਆਪਣੇ ਪਾਪਾਂ ਨੂੰ ਕਬੂਲ ਕਰੇ। ਅਸਲ ਵਿੱਚ ਇਸ ਸਮੇਂ ਪਾਪਾਂ ਦੇ ਇਕਬਾਲ ਦਾ ਪਾਠ 'ਪਤੇਤ' ਕੀਤਾ ਜਾਂਦਾ ਹੈ। ਇਹ ਪਾਠ ਮਰਨ ਵਾਲੇ ਲਈ ਕੀਤਾ ਜਾਂਦਾ ਹੈ। ਜੇਕਰ ਮਰ ਰਿਹਾ ਵਿਅਕਤੀ ਖੁਦ ਇਸ ਪਾਠ ਵਿਚ ਸ਼ਾਮਿਲ ਹੋ ਜਾਂਦਾ ਹੈ ਤਾਂ ਇਸ ਨੂੰ ਧਾਰਮਿਕ ਦ੍ਰਿਸ਼ਟੀ ਤੋਂ ਬਹੁਤ ਮਹੱਤਵਪੂਰਣ ਮੰਨਿਆ ਜਾਂਦਾ ਹੈ। ਪਾਠ ਵਿਚ ਸ਼ਾਮਿਲ ਹੋਣ ਵਾਲੇ ਵਿਅਕਤੀ ਬਾਰੇ ਇਹ ਮੰਨਿਆ ਜਾਂਦਾ ਹੈ ਕਿ ਉਹ ਨਰਕਾਂ ਦਾ ਭਾਗੀਦਾਰ ਨਹੀਂ ਬਣੇਗਾ। ਕਈ ਵਾਰ ਮਰ ਰਹੇ ਵਿਅਕਤੀ ਦੇ ਮੂੰਹ ਵਿਚ ਪਵਿੱਤਰ ਹੋਮ ਜੂਸ ਦੇ ਕੁਝ ਤੁਪਕੇ ਇਸ ਵਿਸ਼ਵਾਸ ਨਾਲ ਪਾਏ ਜਾਂਦੇ ਹਨ ਕਿ ਮ੍ਰਿਤਕ ਨੇ ਆਪਣੇ ਪਾਪਾਂ ਦਾ ਇਕਬਾਲ ਕਰ ਲਿਆ ਹੈ ਤੇ ਅਮਰ ਹੋ ਗਿਆ ਹੈ।

ਪਾਰਸੀ ਧਰਮ ਵਿਚ ਮੁਰਦਾ ਸਰੀਰ ਨੂੰ ਬਹੁਤ ਅਪਵਿੱਤਰ ਸਮਝਿਆ ਜਾਂਦਾ ਹੈ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਉੱਤਰ ਵਲੋਂ ਮੌਤ ਦਾ ਦੈਂਤ ਆ ਕੇ ਹਮਲਾ ਕਰਦਾ ਹੈ। ਕੋਈ ਵੀ ਮੁਰਦੇ ਦੇ ਸਰੀਰ ਨੂੰ ਛੂਹ ਨਹੀਂ ਸਕਦਾ ਕਿਉਂਕਿ ਛੂਹਣ ਵਾਲਾ ਅਪਵਿੱਤਰ ਹੋਇਆ ਮੰਨਿਆ ਜਾਂਦਾ ਹੈ। ਘਰ ਦੇ ਵਿਚ ਲਾਸ਼ ਲਈ ਇਕ ਵੱਖਰੀ ਥਾਂ ਤਿਆਰ ਕੀਤੀ ਜਾਂਦੀ ਹੈ ਜਿਥੇ ਕਿ ਸਸਕਾਰ ਤੋਂ ਪਹਿਲਾਂ ਲਾਸ਼ ਨੂੰ ਰੱਖਿਆ ਜਾਂਦਾ ਹੈ। ਇਹ ਪੁਰਤਾਨ ਪਰੰਪਰਾ ਅੱਜ ਵੀ ਮੁੰਬਈ ਵਿਖੇ ਪਾਰਸੀਆਂ ਦੇ ਘਰਾਂ ਵਿਚ ਪ੍ਰਚਲਿਤ ਹੈ ਜਿਥੇ ਕਿ ਮਾਲਾਬਾਰ ਚੋਟੀ ਦੇ ਉੱਪਰ ਹੈਂਗਿਗ ਪਾਰਕਾਂ ਵਿਚ

ਇਕ ਵੱਖਰੀ ਥਾਂ ਰੱਖੀ ਜਾਂਦੀ ਹੈ। ਪਾਰਸੀ ਲੋਕ ਜਿਵੇਂ ਵਿਆਹ ਦੇ ਸਮਾਗਮਾਂ ਲਈ ਵੱਖਰੇ ਕੱਪੜੇ ਪਹਿਨਦੇ ਹਨ ਉਸੇ ਤਰ੍ਹਾਂ ਮੌਤ ਦੇ ਸੰਸਕਾਰ ਸਮੇਂ ਵੀ ਰਵਾਇਤੀ ਚਿੱਟੇ ਕੱਪੜੇ ਪਹਿਨਦੇ ਹਨ। ਮੁਰਦੇ ਦਾ ਅੰਤਮ ਨਿਪਟਾਰਾ ਕਰਨ ਤੋਂ ਪਹਿਲਾਂ ਇਕ ਖਾਸ ਕਿਸਮ ਦੇ ਕੁੱਤੇ ਨੂੰ ਜਿਸ ਦੀਆਂ ਅੱਖਾਂ ਉਤੇ ਧੱਬੇ ਹੋਣ ਮੁਰਦੇ ਕੋਲ ਲਿਜਾਇਆ ਜਾਂਦਾ ਹੈ ਤਾਂ ਕਿ ਮੌਤ ਦੇ ਦੈਂਤ ਨੂੰ ਕੁੱਤਾ ਡਰਾਵੇ। ਇਸ ਤੋਂ ਸ਼ਾਇਦ ਇਸ ਵਿਸ਼ਵਾਸ ਸੰਬੰਧੀ ਸੰਕੇਤ ਮਿਲਦਾ ਹੈ ਕਿ ਕੁੱਤੇ ਵਿਚ ਮੌਤ ਦੇ ਦੈਂਤ ਨੂੰ ਵੇਖਣ ਦੀ ਸਮਰੱਥਾ ਹੁੰਦੀ ਹੈ। ਜੇਕਰ ਕੁੱਤਾ ਆਸਾਨੀ ਨਾਲ ਨਾ ਮਿਲ ਸਕੇ ਤਾਂ ਮਾਸਖੋਰ ਪੰਛੀ ਜਾਂ ਗਿੱਧ ਦੀ ਨਜ਼ਰ ਹੀ ਇਸ ਮੰਤਵ ਲਈ ਚੰਗੀ ਸਮਝੀ ਜਾਂਦੀ ਹੈ। ਕੁੱਤੇ ਦੀ ਮੁਰਦੇ ਉੱਤੇ ਨਜ਼ਰ ਸੁੱਟ ਲੈਣ ਮਗਰੋਂ ਦੈਂਤ ਮਾਰੂ ਅਗਨੀ ਲਿਆਈ ਜਾਂਦੀ ਹੈ ਤੇ ਪਵਿੱਤਰ 'ਅਵੇਸਤਾ' ਦਾ ਪਾਠ ਕੀਤਾ ਜਾਂਦਾ ਹੈ।

ਪਾਰਸੀ ਮੁਰਦੇ ਨੂੰ ਘਰ ਦੀ ਦੀਵਾਰ ਵਿਚੋਂ ਇੱਕ ਵਿਸ਼ੇਸ਼ ਪਾੜ ਪਾ ਕੇ ਬਾਹਰ ਕੱਢਿਆ ਜਾਂਦਾ ਹੈ ਤਾਂ ਕਿ ਮ੍ਰਿਤਕ ਦੀ ਰੂਹ ਮੁੜ ਘਰ ਵਿਚ ਪ੍ਰਵੇਸ਼ ਨਾ ਕਰ ਸਕੇ। ਪੁਰੋਹਿਤ ਪਾਪਾਂ ਦੀ ਸ਼ੁੱਧਤਾਂ ਅਤੇ ਮ੍ਰਿਤਕ ਦੇ ਵਿਸ਼ਵਾਸ ਦੀ ਪੁਸ਼ਟੀ ਲਈ ਪ੍ਰਾਰਥਨਾ ਕਰਨ ਲਈ ਆਉਂਦੇ ਹਨ। ਕਮਰੇ ਵਿਚ ਅੱਗ ਲਿਆਂਦੀ ਜਾਂਦੀ ਹੈ ਪ੍ਰਾਰਥਨਾਵਾਂ ਸ਼ੁਰੂ ਹੁੰਦੀਆਂ ਹਨ। ਸਰੀਰ ਨੂੰ ਧੋ ਕੇ ਸੁਦਰਾ ਅਤੇ ਕੁਸ਼ਤੀ ਵਿਚ ਪਾ ਦਿੱਤਾ ਜਾਂਦਾ ਹੈ। ਫਿਰ ਰਸਮ ਸ਼ੁਰੂ ਹੁੰਦੀ ਹੈ ਅਤੇ ਸਰੀਰ ਦੇ ਦੁਆਲੇ ਇਕ ਚੱਕਰ ਖਿਚਿਆ ਜਾਂਦਾ ਹੈ ਜਿਸ ਵਿਚ ਸਿਰਫ਼ ਧਾਰਕ ਹੀ ਦਾਖਲ ਹੋ ਸਕਦੇ ਹਨ। ਫਿਰ ਕਬਰਸਤਾਨ ਵੱਲ ਜੋੜਿਆ ਦੇ ਰੂਪ ਵਿਚ ਚਿੱਟੇ ਕੱਪੜੇ ਨਾਲ ਜੁੜੇ ਹੋਏ ਅੱਗੇ ਵਧਦੇ ਹਨ। ਪੁਰੋਹਿਤ ਮਾਤਮੀ ਜਲੂਸ ਤੋਂ 30 ਕਦਮ ਅੱਗੇ ਚਲਦਾ ਹੈ।

ਜ਼ੋਰੋਐਸਟਰੀਆ ਦੀਆਂ ਉੱਘੀਆਂ ਧਾਰਮਿਕ ਰਸਮਾਂ ਵਿਚੋਂ ਮੁਰਦੇ ਦੇ ਨਿਪਟਾਰੇ ਸੰਬੰਧੀ ਰਸਮ ਇਕ ਅਜਿਹੀ ਰਸਮ ਹੈ ਜਿਹੜੀ ਉਨ੍ਹਾਂ ਨੂੰ ਹੋਰ ਧਰਮਾਂ ਦੇ ਅਨੁਯਾਈਆਂ ਤੋਂ ਵਖਰਿਆਉਂਦੀ ਹੈ। ਉਨ੍ਹਾਂ ਦਾ ਇਹ ਵਿਸ਼ਵਾਸ ਹੈ ਕਿ ਧਰਤੀ ਅਤੇ ਪਾਣੀ ਮੁਰਦੇ ਦੀ ਦੇਹ ਨਾਲ ਛੁਹਾ ਕੇ ਭ੍ਰਸ਼ਟ ਨਹੀਂ ਕਰਨੇ ਚਾਹੀਦੇ। ਮਰਦੇ ਦੇ ਨਿਪਟਾਰੇ ਲਈ ਬਣਾਇਆ ਗਿਆ ਸਥਾਨ ਜਿਸ ਨੂੰ ‘ਦੱਖਮਾ’ ਜਾਂ ‘ਚੁਪ ਦਾ ਬੁਰਜ’ ਕਿਹਾ ਜਾਂਦਾ ਹੈ, ਪੱਥਰ ਦੇ ਫਰਸ਼ ਉੱਤੋਂ ਪੱਥਰ ਜਾਂ ਇੱਟਾਂ ਦੀ ਗੋਲ ਕੰਧ ਉਸਾਰ ਕੇ ਬਣਾਇਆ ਜਾਂਦਾ ਹੈ। ਮਰਦਾਂ, ਔਰਤਾਂ ਅਤੇ ਬੱਚਿਆਂ ਲਈ ਵੱਖ-ਵੱਖ ਟੋਏ ਤਿਆਰ ਕੀਤੇ ਹੁੰਦੇ ਹਨ। ਚੁੱਪ ਦੇ ਬੁਰਜ ਦੀ ਉਸਾਰੀ ਸਮੇਂ ਕਈ ਧਾਰਮਿਕ ਰਸਮਾਂ ਅਦਾ ਕੀਤੀਆਂ ਜਾਂਦੀਆਂ ਹਨ। ਜਿਨ੍ਹਾਂ ਥਾਵਾਂ ਤੇ ਪਾਰਸੀਆਂ ਦੀ ਗਿਣਤੀ ਬਹੁਤ ਥੋੜ੍ਹੀ ਹੁੰਦੀ ਹੈ, ਮ੍ਰਿਤਕ ਸਰੀਰਾਂ ਨੂੰ ਸਿੱਕੇ ਦੇ ਬਕਸਿਆਂ ਜਾਂ ਜ਼ਮੀਨ ਹੇਠ ਪੱਥਰ ਦੇ ਟੋਇਆਂ ਵਿਚ ਰਖਕੇ ਮਹਰਬੰਦ ਕੀਤਾ ਜਾਂਦਾ ਹੈ।

ਮ੍ਰਿਤਕ ਸਰੀਰ ‘ਦੱਖਮਾ’ਵਿਚ ਲਿਜਾ ਕੇ ਟੋਏ ਵਿਚ ਰੱਖ ਦਿੱਤਾ ਜਾਂਦਾ ਹੈ। ਜਦੋਂ ਮੁਰਦੇ ਨੂੰ ਉੱਥੇ ਲਿਆਉਣ ਵਾਲੇ ਵਿਅਕਤੀ ਉਥੋਂ ਚਲੇ ਜਾਂਦੇ ਹਨ ਤਾਂ ਕੰਧਾਂ ਉਤੇ ਬੈਠੀਆਂ ਗਿੱਧਾਂ ਆ ਝੁਰਮਟ ਪਾਉਂਦੀਆਂ ਹਨ ਅਤੇ ਥੋੜੇ ਸਮੇਂ ਵਿਚ ਹੀ ਸਾਰਾ ਮਾਸ ਖਾ ਜਾਂਦੀਆਂ ਹਨ। ਕੁਝ ਦਿਨਾਂ ਮਗਰੋਂ ਸੇਵਾਦਾਰ ਬੁਰਜ ਵਿਚ ਫਿਰ ਦਾਖਿਲ ਹੁੰਦੇ ਹਨ ਅਤੇ ਹੱਡੀਆਂ ਦੇ ਸੁਕੇ ਪਿੰਜਰਾਂ ਨੂੰ ਚੁਪ ਬੁਰਜ ਵਿਚਲੇ ਖੂਹ ਵਿਚ ਸੁਟ ਦਿੰਦੇ ਹਨ। ਪਾਰਸੀਆਂ ਮੁਤਾਬਕ ਰੂਹ ਤਿੰਨ ਦਿਨ ਤੱਕ ਘਰ ਦੇ ਦੁਆਲੇ ਚੱਕਰ ਲਾਉਂਦੀ ਰਹਿੰਦੀ ਹੈ ਤੇ ਫਿਰ ਨਿਰਣੇ (judgement) ਲਈ ਉਠ ਜਾਂਦੀ ਹੈ। ਪਾਰਸੀਆਂ

ਦੇ ਅੰਤਿਮ ਸੰਸਕਾਰ ਦੀ ਰਸਮ ਲਗਾਤਾਰ ਚਾਰ ਦਿਨ ਚੱਲਦੀ ਹੈ। ਮੌਤ ਤੋਂ ਬਾਅਦ ਦਸਵੇਂ ਦਿਨ, ਘਰ ਅਤੇ ਅਗਨੀ ਮੰਦਰ ਵਿਚ ਕੁਝ ਪ੍ਰਾਰਥਨਾਵਾਂ ਕੀਤੀਆਂ ਜਾਂਦੀਆਂ ਹਨ। ਇੱਕ ਮਹੀਨੇ ਬਾਅਦ ਫਿਰ ਪ੍ਰਾਰਥਨਾਵਾਂ ਅਤੇ ਪਾਠ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਹਰ ਸਾਲ ਬਰਸੀ ਤੇ ਪਾਠ ਕੀਤਾ ਜਾਂਦਾ ਹੈ।

ਪਾਰਸੀ ਲੋਕਾਂ ਦਾ ਵਿਸ਼ਵਾਸ ਹੈ ਕਿ ਮਰਨ ਵਾਲੇ ਵਿਅਕਤੀਆਂ ਦੀ ਆਤਮਾ ਤਿੰਨ ਦਿਨ ਆਪਣੇ ਮਕਾਨ ਦੇ ਆਲੇ-ਦੁਆਲੇ ਚੱਕਰ ਲਾਉਂਦੀ ਹੈ । ਫਿਰ ਆਪਣੇ ਕਰਮਾਂ ਦੇ ਹਿਸਾਬ ਕਿਤਾਬ ਦੇ ਨਿਰਣੇ ਲਈ ਉੱਡ ਜਾਂਦੀ ਹੈ। ਜੀਵ ਮਰਨ ਮਗਰੋਂ ਆਪਣੇ ਚੰਗੇ ਮੰਦੇ ਵਿਚਾਰ, ਸ਼ਬਦ ਕੀਤੇ ਹੋਏ ਕੰਮਾਂ ਨੂੰ ਆਪਣੇ ਨਾਲ ਲੈ ਜਾਂਦਾ ਹੈ। ਮੌਤ ਤੋਂ ਚੌਥੇ ਦਿਨ ਬਾਅਦ, ਸਵੇਰ ਵੇਲੇ ਇਹ ਆਤਮਾ ਉਸ ਦੀ ਥਾਂ ਤੇ ਪਹੁੰਚ ਜਾਂਦੀ ਹੈ ਜੋ ਨਰਕ ਦੀ ਖਾਈ ਉੱਤੇ ਬਣੇ ਹੋਏ ਪੁਲ ਰਾਹੀਂ ਕਿਸੇ ਅਦ੍ਰਿਸ਼ਟ ਜਗਤ ਨਾਲ ਜੁੜੀ ਹੋਈ ਹੁੰਦੀ ਹੈ। ਇਸ ਪੁਲ ਨੂੰ ਚਿਨਵਤ ਪੁਲ (ਵੱਖ ਕਰਨ ਵਾਲਾ ਪੁਲ) ਕਿਹਾ ਜਾਂਦਾ ਹੈ। ਇਸ ਥਾਂ ਤੇ ਮਨੁੱਖ ਦੇ ਗੁਣਾਂ ਅਤੇ ਔਗੁਣਾਂ ਨੂੰ ਤੋਲਿਆ ਜਾਂਦਾ ਹੈ। ਜੇਕਰ ਗੁਣਾਂ ਦਾ ਪੱਲੜਾ ਭਾਰੀ ਹੋਵੇ, ਤਾਂ ਪੁਲ ਆਪਣੇ ਆਪ ਚੌੜਾ ਹੋ ਜਾਂਦਾ ਹੈ ਅਤੇ ਆਤਮਾ ਨੂੰ ਉਸ ਵਿਚੋਂ ਲੰਘਣ ਵਿਚ ਕੋਈ ਕਠਿਨਾਈ ਪੇਸ਼ ਨਹੀਂ ਆਉਂਦੀ। ਪਰ ਜੇ ਔਗੁਣਾਂ ਦਾ ਪੱਲੜਾ ਭਾਰੀ ਹੋਵੇ ਤਾਂ ਪੁਲ ਉਸਤਰੇ ਦੀ ਧਾਰ ਵਾਂਗ ਤੇਜ਼ ਬਣ ਜਾਂਦਾ ਹੈ ਅਤੇ ਆਤਮਾ ਇਸ ਨੂੰ ਪਾਰ ਕਰਦੀ ਹੋਈ ਕੱਟੀ ਜਾਂਦੀ ਹੈ ਅਤੇ ਹੇਠਲੀ ਖਾਈ ਵਿਚ ਡਿੱਗਦੀ ਹੈ।

ਪਾਰਸੀ ਪੁਨਰ-ਉੱਥਾਨ ਦੇ ਸਿਧਾਂਤ ਵਿਚ ਵੀ ਵਿਸ਼ਵਾਸ ਕਰਦੇ ਹਨ। ਉਨ੍ਹਾਂ ਅਨੁਸਾਰ ਆਖਰੀ ਨਿਰਣੇ ਦੇ ਸਮੇਂ ਸਰੀਰ ਦਾ ਪੁਨਰ-ਉੱਥਾਨ ਵੀ ਹੁੰਦਾ ਹੈ। ਉਹ ਸੰਤੁਲਨ ਦੇ ਵਿਚਾਰ ਵਿਚ ਵੀ ਵਿਸ਼ਵਾਸ ਕਰਦੇ ਹਨ ਜਿਸ ਵਿਚ ਨਿਆਂ ਦੇ ਦਿਨ ਇਕ ਵਿਅਕਤੀ ਦੀਆਂ ਕਾਰਵਾਈਆਂ ਨੂੰ ਤੋਲਿਆ ਜਾਵੇਗਾ ਅਤੇ ਪੁਲ-ਏ-ਚਿਨਾਦ ਨਾਮਕ ਨਰਕ ਦੇ ਪੁਲ ਵਿਚੋਂ ਲੰਘਣਾ ਪਵੇਗਾ। ਉਨ੍ਹਾਂ ਦਾ ਮੰਨਣਾ ਹੈ ਕਿ ਪੁਲ ਤੋਂ ਚੰਗੇ ਲੋਕ ਆਸਾਨੀ ਨਾਲ ਸਵਰਗ ਨੂੰ ਪਾਰ ਕਰ ਜਾਣਗੇ ਪਰ ਦੁਸ਼ਟ ਲੋਕ ਜਲਦੀ ਹੀ ਆਪਣੇ ਪੈਰਾਂ ਤੋਂ ਖੁੰਝ ਜਾਣਗੇ ਅਤੇ ਨਰਕ ਦੀ ਖਾਈ ਵਿਚ ਡਿੱਗ ਜਾਣਗੇ। ਉਹ ਸਵਰਗ, ਨਰਕ, ਆਤਮਾ ਦੀ ਸਦੀਵਤਾ ਦੇ ਸਿਧਾਂਤ ਨੂੰ ਮੰਨਦੇ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਸਵਰਗ ਅਤੇ ਨਰਕ ਦੇ ਸੱਤ ਭਾਗ ਹਨ ।

ਇਹ ਵੀ ਕਿਹਾ ਜਾਂਦਾ ਹੈ ਕਿ ਪਾਰਸੀ ਧਰਮ ਪੁਰਸ਼ ਦੀ ਆਤਮਾ ਸਵਰਗ ਨੂੰ ਜਾਂਦੀ ਹੈ। ਉੱਥੇ ਪਰੀਆਂ ਅਤੇ ਹੂਰਾਂ ਉਸਦਾ ਇੰਤਜ਼ਾਰ ਕਰਦੀਆਂ ਹਨ। ਇਸ ਵਰਣਨ ਨੂੰ ਬਹੁਤ ਹੀ ਆਦਰਸ਼ਕ ਰੂਪ ਦਿੱਤਾ ਗਿਆ ਹੈ। ਇਸ ਨੂੰ ਪਿਆਰਾ ਨਿਵਾਸ, ਵੋਹੂਮਾਨਾਹ, ਸਦੀਵੀ ਪ੍ਰਕਾਸ਼ ਕਿਹਾ ਗਿਆ ਹੈ।

**7.6 ਸਾਰ-**

ਸਾਰ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਪਾਰਸੀ ਧਰਮ / ਜੋਰੋਸਟ੍ਰੀਅਨ ਧਰਮ, ਇਕ ਸਹਿਣਸ਼ੀਲ ਧਰਮ ਹੈ ਅਤੇ ਆਪਣੇ ਵਿਸ਼ਵਾਸ਼ਾਂ ਅਤੇ ਰੀਤੀ-ਰਿਵਾਜਾਂ ਨੂੰ ਕਿਸੇ ਉੱਤੇ ਨਹੀਂ ਥੋਪਦਾ । ਪਾਰਸੀ ਕਿਸੇ ਵੀ ਧਰਮ ਪਰਿਵਰਤਨ ਨੂੰ ਆਪਣੇ ਧਰਮ ਵਿਚ ਸ਼ਾਮਲ ਹੋਣ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰਦੇ ਹਨ। ਉਹ ਆਪਣੇ ਧਰਮ ਅਤੇ ਇਸ

ਦੀਆਂ ਰਸਮਾਂ ਅਤੇ ਮੰਦਰਾਂ ਨੂੰ ਬੰਦ ਰੱਖਣ ਅਤੇ ਦੂਜੇ ਭਾਈਚਾਰੇ ਦੇ ਲੋਕਾਂ ਤੋਂ ਗੁਪਤ ਰੱਖਣ ਵਿਚ ਕਾਮਯਾਬ ਰਹੇ ਹਨ। ਇਸ ਧਰਮ ਬਾਰੇ ਸੰਖੇਪ ਵਰਣਨ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ ਇਹ ਧਰਮ ਬਿਨਾਂ ਸ਼ੱਕ ਇਕ ਈਸ਼ਵਰਵਾਦੀ ਧਰਮ ਹੈ ਹਾਲਾਂਕਿ ਸ਼ੁਰੂ ਵਿਚ ਅਹੁਰ ਮਜ਼ਦ ਅਤੇ ਆਂਗਰਾ ਮੈਨਿਊ ਵਰਗੀਆਂ ਮਾਨਵ ਸ਼ਕਤੀਆਂ ਨਾਲ ਥੋੜਾ ਜੁੜਿਆ ਹੋਇਆ ਇਕ ਦਵੈਤਵਾਦੀ ਸੰਕਲਪ ਦਿਖਾਈ ਦਿੰਦਾ ਹੈ। ਇਹ ਦੋ ਵਿਰੋਧੀ ਜੀਵ ਚੰਗਿਆਈ ਅਤੇ ਬੁਰਾਈ ਨੂੰ ਵੀ ਦਰਸਾਉਂਦਾ ਹੈ। ਇਹ ਦਵੈਤ ਆਖਰਕਾਰ ਉਦੋਂ ਖਤਮ ਹੋ ਜਾਂਦੀ ਹੈ ਜਦੋਂ ਅਹੁਰਮਜ਼ਦ ਬਾਅਦ ਵਿਚ ਸ਼ਕਤੀਆਂ ਉੱਤੇ ਕਬਜ਼ਾ ਕਰ ਲੈਂਦਾ ਹੈ। ਪਾਰਸੀ ਲੋਕ ਅੱਗ ਨੂੰ ਬਹੁਤ ਸਤਿਕਾਰ ਦਿੰਦੇ ਹਨ ਕਿਉਂਕਿ ਇਹ ਇਸਨੂੰ ਪਰਮਾਤਮਾ ਅਤੇ ਉਸਦੀ ਸ਼ਕਤੀ ਦਾ ਸਭ ਤੋਂ ਉੱਚਾ ਪ੍ਰਗਟਾਵਾ ਮੰਨਦੇ ਹਨ। ਇਹ ਉੱਚ ਨੈਤਿਕ ਕਦਰਾਂ-ਕੀਮਤਾਂ ਅਤੇ ਡੂੰਘੇ ਨੈਤਿਕ ਜੀਵਨ ਵਿਚ ਵਿਸ਼ਵਾਸ ਕਰਦੇ ਹਨ। ਉਹ ਸੱਚ ਦੇ ਪ੍ਰੇਮੀ ਹਨ ਅਤੇ ਉਨ੍ਹਾਂ ਦਾ ਨੈਤਿਕ ਫਲਸਫਾ ਵੀਚਾਰ, ਬਚਨ ਅਤੇ ਕਰਮ ਦੇ ਤਿਕੋਣ ਵਿਚ ਚਲਦਾ ਹੈ ਮਤਲਬ ਕਿ ਚੰਗੇ ਵਿਚਾਰ, ਚੰਗਾ ਬੋਲਣਾ ਅਤੇ ਚੰਗੀ ਤਰ੍ਹਾਂ ਕਰਨਾ। ਇਸ ਪ੍ਰਕਾਰ ਪਾਰਸੀ ਧਰਮ ਨੈਤਿਕ ਕਦਰਾਂ ਕੀਮਤਾਂ ਦੀ ਪਾਲਣਾ ਕਰਨ ਵਾਲਾ ਧਰਮ ਹੈ ਜੋ ਨੈਤਿਕਤਾ ਨੂੰ ਮੁੱਖ ਰੱਖ ਕੇ ਆਪਣੇ ਧਰਮ ਸੰਸਕਾਰ ਨਿਭਾਉਂਦਾ ਹੈ।

### 7.7 ਪੜ੍ਹਣਯੋਗ ਪੁਸਤਕਾਂ


1. Bharucha, Perin, The Fire Worshippers, Strand Book Club, 1968
2. Bhicoo. J. Manekshaw, Parsi food and Customs, Penguin Books India, 1996.
3. Dalal, Nergis, Skin Deep, Penguin Book, 2005.
4. Jaydipsinh. K. Dodiya, The Fiction of Rohinton Mistry :Critical Studies(ed), N.D.Prestige Books, 1997
5. Kanga Firdaus, Trying to Grow, N.D.Ravi Dayal publisher, 1990.
6. Kapadia Novy, "He Handicapped as Survivor in Firdaus Kanga's Trying to Grow" :The Post modern Indian English novel: interrogating the 1980s and 1990s (ed), Vinay Kirpal, Bombay: Allied Publishers Ltd, 1996.
7. K.V.Surendran, Business of Living Trying to Grow: Indian Writing Critical Perspectives. Sarup & Sons, 2006.
8. Mehta, Dina, And Some Take a Lover, Rupa & Co, 1991
9. Mistry, Rohinton, Such a Long Journey, London, Faber and Faber Limited, 1991.
10. Qissa e Parsi, The Parsi story-trailer-produced-sep 17,2014.https://www.youtube.com/watch?v=U- T10XKZBA

11. Sharma.N.P, Parsi Culture and Vision, Rohinton Mistry's Such a Long Journey and Firdaus Kanga's Trying to Grow:A Comparative study. N.D.Prestige Books, 1997.
12. Singh, Avadhesh K, Contemporary Indian Fiction in English, New Delhi, Creative Books, 1993.
13. Wadhawan, Vibhuti, Parsi Community and the Challenges of Modernity, A Reading of Rohinton Mistry's Fiction.New Delhi and Sydney, Prestige Books International, 2014.

## 7.8 ਅਭਿਆਸ ਲਈ ਪ੍ਰਸ਼ਨ

### ਵੱਡੇ ਪ੍ਰਸ਼ਨ

1. ਪਾਰਸੀ ਧਰਮ ਦੇ ਜਨਮ ਸੰਸਕਾਰ ਬਾਰੇ ਤੁਸੀਂ ਕੀ ਜਾਣਦੇ ਹੋ?
2. ਪਾਰਸੀ ਧਰਮ ਦੇ ਮ੍ਰਿਤਕ ਸੰਸਕਾਰ ਦਾ ਵਿਸਥਾਰ ਸਹਿਤ ਵਰਣਨ ਕਰੋ।
3. ਪਾਰਸੀ ਧਰਮ ਵਿਚ ਵਿਆਹ ਸੰਬੰਧੀ ਸੰਸਕਾਰਾਂ ਦਾ ਵਰਣਨ ਕਰੋ।
4. ਪਾਰਸੀ ਧਰਮ ਵਿਚ ਦੀਖਿਆ ਸੰਸਕਾਰ ਕੀ ਹੈ?

### ਛੋਟੇ ਪ੍ਰਸ਼ਨ

1. ਪਾਰਸੀ ਧਰਮ ਵਿਚ ਬੱਚੇ ਦੇ ਜਨਮ ਸਮੇਂ ਅਗਨੀ ਅਤੇ ਘਿਓ ਦਾ ਦੀਵਾ ਕਿਉਂ ਬਾਲ ਕੇ ਰੱਖਿਆ ਜਾਂਦਾ ਹੈ?
2. ਪਾਰਸੀ ਦੀਖਿਆ ਸੰਸਕਾਰ ਦੇ ਪਵਿੱਤਰ ਚਿਨ੍ਹਾਂ ਬਾਰੇ ਤੁਸੀ ਕੀ ਜਾਣਦੇ ਹੋ?
3. ਪਾਰਸੀ ਧਰਮ ਦੇ ਦੀਖਿਆ ਸੰਸਕਾਰ ਵਿਚ ਕੁਸ਼ਤੀ ਜਾਂ ਪੇਟੀ ਦਾ ਕੀ ਮਹੱਤਵ ਹੈ?
4. ਵਿਆਹ ਸੰਸਕਾਰ ਵਿਚ 'ਹੱਥ ਬੋਰਬਾਨੂ' ਦੀ ਰਸਮ ਪਾਰਸੀ ਧਰਮ ਨਾਲ ਕਿਵੇਂ ਸੰਬੰਧਿਤ ਹੈ?
5. ਚਿਨਵਤ ਪੁਲ ਬਾਰੇ ਸੰਖੇਪ ਨੋਟ ਲਿਖੋ?

## CORE COURSE (CC): RELIGIOUS STUDIES

**SEMESTER II** **Section - B**

### PAPER I: ਧਰਮ ਸੰਸਕਾਰ (ਜਨਮ, ਧਰਮ-ਪ੍ਰਵੇਸ਼, ਵਿਆਹ ਅਤੇ ਮ੍ਰਿਤਕ ਸੰਸਕਾਰ)

ਯੂਨਿਟ- 8 ਯਹੂਦੀ ਧਰਮ ਸੰਸਕਾਰ: ਜਨਮ, ਧਰਮ-ਪ੍ਰਵੇਸ਼, ਵਿਆਹ ਅਤੇ ਮ੍ਰਿਤਕ ਸੰਸਕਾਰ

8.0 ਵਿਸ਼ਾ ਪ੍ਰਵੇਸ਼

8.1 ਜਾਣ-ਪਛਾਣ

8.2 ਜਨਮ ਸੰਸਕਾਰ

8.2.1 ਬ੍ਰਿਟ ਮਿਲਾਹ (ਸੁੰਨਤ ਦਾ ਇਕਰਾਰ)

8.2.2 ਨਾਮਕਰਨ ਦੀ ਰਸਮ

8.2.3 ਪਿਡਯੋਨ ਹੈਬੇਨ (ਪਹਿਲੇ ਜਨਮੇ ਦਾ ਛੁਟਕਾਰਾ)

8.2.4 ਸਿਮਚੈਟ ਬਾਟ (ਇਕ ਧੀ ਦਾ ਜਸ਼ਨ)

8.2.5 ਆਸ਼ੀਰਵਾਦ ਅਤੇ ਪ੍ਰਾਰਥਨਾਵਾਂ

8.2.6 ਜਸ਼ਨ ਦਾ ਭੋਜਨ

8.3 ਧਰਮ-ਪ੍ਰਵੇਸ਼ ਸੰਸਕਾਰ

8.3.1 ਬਾਰ ਮਿਤਜ਼ਵਾਹ (ਆਜਾਨ/ਹੁਕਮ ਦਾ ਪੁੱਤਰ)

8.3.2 ਬੈੱਟ ਮਿਤਜ਼ਵਾਹ (ਹੁਕਮ ਦੀ ਪੁੱਤਰੀ)

8.4 ਵਿਆਹ ਸੰਸਕਾਰ

8.4.1 ਕੇਤੁਬਾਹ (ਵਿਆਹ ਦਾ ਇਕਰਾਰਨਾਮਾ)

8.4.2 ਬੇਡੇਕੇਨ (ਲਾੜੀ ਦਾ ਪਰਦਾ)

8.4.3 ਚੂਪਾਅ/ਚੂਪਾਹ (ਵਿਆਹ ਦੀ ਛਤਰੀ)

8.3.4 ਸ਼ੇਵਾ ਬ੍ਰਾਚੋਟ (ਸੱਤ ਆਸ਼ੀਰਵਾਦ)

8.4.5 ਮੁੰਦਰੀਆਂ ਦਾ ਆਦਾਨ-ਪ੍ਰਦਾਨ

8.4.6 ਗਲਾਸ ਤੋੜਨਾ:

8.4.6 ਵਿਧਵਾ ਵਿਆਹ ਸੰਬੰਧੀ

8.4.7 ਵਿਆਹ ਤੋਂ ਬਾਹਰ ਜਿਨਸੀ ਸੰਬੰਧਾਂ ਦੀਆਂ ਸਜਾਵਾਂ

8.4.8 ਇਕ ਤੋਂ ਵੱਧ ਵਿਆਹ ਅਤੇ ਸੰਤਾਨ ਦੇ ਹੱਕ ਸੰਬੰਧੀ

8.4.9 ਤਲਾਕ ਸੰਬੰਧੀ

8.5 ਮ੍ਰਿਤਕ ਸੰਸਕਾਰ

8.5.1 ਤਹਰਾਹ (ਸ਼ੁੱਧੀਕਰਨ)

8.5.2 ਸ਼ਮੀਰਾ (ਸਰੀਰ ਦੀ ਰਾਖੀ)

8.5.3 ਕੇਵੁਰਾਹ (ਦਫ਼ਨਾਉਣ)

8.5.4 ਸ਼ਿਵ (ਸੋਗ ਦੇ ਸੱਤ ਦਿਨ)

8.5.5 ਸ਼ਲੋਸ਼ਿਮ (ਸੋਗ ਦੇ ਤੀਹ ਦਿਨ)

8.5.6 ਯਾਹਰਜ਼ੇਤ (ਮੌਤ ਦੀ ਵਰ੍ਹੇਗੰਢ)

8.5.7 ਕਬਰ ਦੇ ਪੱਥਰ ਦਾ ਉਦਘਾਟਨ

8.6 ਸਾਰ

8.7 ਪੜ੍ਹਣਯੋਗ ਪੁਸਤਕਾਂ

8.8 ਅਭਿਆਸ ਲਈ ਪ੍ਰਸ਼ਨ

**8.0 ਵਿਸ਼ਾ ਪ੍ਰਵੇਸ਼**

ਪ੍ਰਸਤੁਤ ਯੂਨਿਟ ਸੰਸਾਰ ਦੇ ਪੁਰਾਤਨ ਧਰਮਾਂ ਵਿਚ ਸ਼ਾਮਿਲ ਯਹੂਦੀ ਧਰਮ ਨਾਲ ਸੰਬੰਧਿਤ ਹੈ। ਇਸ ਦਾ ਦਾ ਉਦੇਸ਼ ਵਿਦਿਆਰਥੀਆਂ ਨੂੰ ਯਹੂਦੀ ਧਰਮ ਦੇ ਵੱਖ-ਵੱਖ ਸੰਸਕਾਰਾਂ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ। ਇਨ੍ਹਾਂ ਸੰਸਕਾਰਾਂ ਵਿਚ ਯਹੂਦੀਆਂ ਦੇ ਜਨਮ, ਧਰਮ ਪ੍ਰਵੇਸ਼, ਵਿਆਹ ਅਤੇ ਮੌਤ ਦੇ ਸੰਸਕਾਰਾਂ ਨੂੰ ਸ਼ਾਮਿਲ ਕੀਤਾ ਗਿਆ ਹੈ।

**8.1 ਜਾਣ-ਪਛਾਣ**

ਯਹੂਦੀ ਧਰਮ ਪੱਛਮੀ ਧਰਮਾਂ ਵਿਚ ਇਕ ਮਹੱਤਵਪੂਰਨ ਸਥਾਨ ਰੱਖਦਾ ਹੈ ਜਿਸ ਨੂੰ ਅਸੀ ਸੰਸਾਰ ਦੇ ਮੁਢਲੇ ਧਰਮਾਂ ਵਿਚ ਸ਼ਾਮਿਲ ਕਰ ਸਕਦੇ ਹਾਂ। ਇਸ ਦੇ ਅਨੁਯਾਈਆਂ ਨੂੰ ਇਸਰਾਇਲੀ (ਇਸਰਾਇਲ ਦੇ ਵੰਸ਼ਜ) ਵੀ ਕਿਹਾ ਜਾਂਦਾ ਹੈ ਜੋ ਇਸ ਸਮੇਂ ਬਹੁਤਾਤ ਗਿਣਤੀ ਵਿਚ ਇਜ਼ਰਾਇਲ ਦੇਸ਼ ਵਿਚ ਆਬਾਦ ਹਨ। ਇਸੇ ਧਰਮ ਵਿਚੋਂ ਹੀ ਈਸਾਈ ਧਰਮ ਅਤੇ ਇਸਲਾਮ ਧਰਮ ਦਾ ਵਿਕਾਸ ਹੋਇਆ ਜਿਸ ਕਾਰਨ ਯਹੂਦੀ ਧਰਮ ਦੇ ਵਡੇਰੇ ਧਾਰਮਿਕ ਪੁਰਖੇ, ਪੈਗੰਬਰ ਅਬਰਾਹਮ ਈਸਾਈ ਧਰਮ ਅਤੇ ਇਸਲਾਮ ਧਰਮ ਦੇ ਵੀ ਸਤਿਕਾਰਯੋਗ ਪੈਗੰਬਰ ਮੰਨੇ ਜਾਂਦੇ ਹਨ ਬੇਸ਼ਕ ਇਹ ਧਰਮ ਸ਼ਿਧਾਂਤਕ ਤੌਰ ’ਤੇ ਇਕ ਦੂਜੇ ਤੋਂ ਭਿੰਨ ਹਨ। ਇਸ ਧਰਮ ਦਾ ਧਰਮ ਗ੍ਰੰਥ ਬਾਈਬਲ ਦਾ ਪੁਰਾਣਾ ਨੇਮ ਹੈ ਜੋ ਈਸਾਈ ਧਰਮ ਦੇ ਧਰਮ ਗ੍ਰੰਥ ਵਿਚ ਬਾਈਬਲ ਦੇ ਨਵੇਂ ਨੇਮ ਨਾਲ ਸ਼ਾਮਿਲ ਕੀਤਾ ਹਾਂਦਾ ਹੈ। ਪੈਗੰਬਰ ਮੂਸਾ ਇਸ ਧਰਮ ਦੇ ਬਾਨੀ ਪੈਗੰਬਰ ਹਨ ਜਿਨ੍ਹਾਂ ਨੇ ਯਹੋਵਾਹ ਪਰਮੇਸ਼ਰ ਦੇ ਹੁਕਮ ਅਨੁਸਾਰ ਇਸਰਾਇਲੀ (ਯਹੂਦੀ) ਕੌਮ ਨੂੰ ਇਕੱਠਾ ਕਰ ਕੇ ਯਹੋਵਾਹ ਪਰਮੇਸ਼ਰ ਦੀਆਂ ਸਿਖਿਆਵਾਂ ਤੋਂ ਜਾਣੂੰ ਕਰਵਾਇਆ ਅਤੇ ਵਾਅਦੇ ਵਾਲੇ ਯਹੂਦੀ ਦੇਸ਼ ਵਿਚ ਵਸਾ ਕੇ ਗੁਲਾਮੀ ਵਾਲੀ ਜਿੰਦਗੀ ਨੂੰ ਖਤਮ ਕੀਤਾ। ਯਹੂਦੀ ਧਰਮ ਦੇ ਅਨੁਯਾਈ ਆਪਣੇ ਜੀਵਨ ਦੇ ਖੁਸੀ ਅਤੇ ਗਮੀ ਨਾਲ ਸੰਬੰਧਿਤ ਸੰਸਕਾਰਾਂ ਨੂੰ ਯਹੋਵਾਹ ਪਰਮੇਸ਼ਰ ਦੇ ਕੀਤੇ ਗਏ ਹੁਕਮ ਅਨੁਸਾਰ ਹੀ ਪੂਰਾ ਕਰਦੇ ਹਨ। ਇਹ ਹੁਕਮ ਬਾਇਬਲ ਦੇ ਪੁਰਾਣੇ ਨੇਮ ਵਿਚ ਦਰਜ ਹਨ ਜੋ ਪੈਗੰਬਰ ਮੂਸਾ ਨੂੰ ਯਹੋਵਾਹ ਪਰਮੇਸ਼ਰ ਦੁਆਰਾ ਪ੍ਰਦਾਨ ਕੀਤੇ ਗਏ।

**8.2 ਜਨਮ ਸੰਸਕਾਰ**

ਯਹੂਦੀ ਧਰਮ ਵਿਚ, ਜਨਮ ਸੰਸਕਾਰ ਨਾਲ ਸੰਬੰਧਿਤ ਮਹੱਤਵਪੂਰਨ ਰਸਮਾਂ ਹਨ ਜੋ ਪਰਮੇਸ਼ੁਰ ਅਤੇ ਯਹੂਦੀ ਲੋਕਾਂ ਵਿਚਕਾਰ ਨੇਮ ਨੂੰ ਦਰਸਾਉਂਦੀਆਂ ਹਨ। ਯਹੂਦੀ ਧਰਮ ਅਨੁਸਾਰ ਇਸ ਧਰਮ ਵਿਚ ਪੈਦਾ ਹੋਣ ਵਾਲਾ ਬੱਚਾ ਯਹੋਵਾਹ ਪਰਮੇਸ਼ਰ ਦੀ ਚੁਣੀ ਹੋਈ ਕੌਮ ਵਿਚ ਪੈਦਾ ਹੋਣ ਵਾਲਾ ਬੱਚਾ ਹੋਣ ਕਾਰਨ ਵਿਸ਼ੇਸ਼ ਮਨੁੱਖ ਮੰਨਿਆ ਜਾਂਦਾ ਹੈ। ਇਸ ਧਰਮ ਦੇ ਜਨਮ ਸੰਸਕਾਰ ਵਿਚ ਸ਼ਾਮਿਲ ਰਸਮਾਂ, ਹਾਲਾਤ ਅਤੇ ਖਿੱਤੇ ਅਨੁਸਾਰ ਵੱਖ-ਵੱਖ ਯਹੂਦੀ ਭਾਈਚਾਰਿਆਂ ਵਿਚ ਵੱਖੋ-ਵੱਖਰੇ ਹੁੰਦੇ ਹਨ। ਇਨ੍ਹਾਂ ਰਸਮਾਂ ਵਿਚ ਸ਼ਾਮਿਲ ਜਨਮ ਸੰਸਕਾਰ ਦੀਆਂ ਪ੍ਰਮੁੱਖ ਰਸਮਾਂ ਇਸ ਪ੍ਰਕਾਰ ਹਨ-

**8.2.1 ਬ੍ਰਿਟ ਮਿਲਾਹ (ਸੁੰਨਤ ਦਾ ਇਕਰਾਰ)**

ਬ੍ਰਿਟ ਮਿਲਾਹ ਯਹੂਦੀ ਧਰਮ ਵਿਚ ਸਭ ਤੋਂ ਮਸ਼ਹੂਰ ਜਨਮ ਰਸਮ ਹੈ। ਇਸ ਵਿਚ ਜਨਮ ਤੋਂ ਬਾਅਦ ਅੱਠਵੇਂ ਦਿਨ ਨਰ ਬੱਚਿਆਂ ਦੀ ਸੁੰਨਤ ਸ਼ਾਮਲ ਹੈ, ਜਿਵੇਂ ਕਿ ਤੌਰਾਤ/ਤੌਰਾਹ (ਉਤਪਤ 17:12) ਵਿਚ ਹੁਕਮ ਦਿੱਤਾ ਗਿਆ ਹੈ। ਬ੍ਰਿਟ ਮਿਲਾਹ ਆਮ ਤੌਰ 'ਤੇ ਪਰਿਵਾਰ ਅਤੇ ਦੋਸਤਾਂ ਦੀ ਮੌਜੂਦਗੀ ਵਿਚ ਇਕ ਮੋਹੇਲ (ਇਕ ਸਿਖਲਾਈ ਪ੍ਰਾਪਤ ਰੀਤੀ ਰਿਵਾਜ) ਦੁਆਰਾ ਕੀਤਾ ਜਾਂਦਾ ਹੈ। ਇਹ ਰਸਮ ਪਰਮੇਸ਼ੁਰ ਅਤੇ ਯਹੂਦੀ ਲੋਕਾਂ ਵਿਚਕਾਰ ਇਕਰਾਰਨਾਮੇ ਦਾ ਪ੍ਰਤੀਕ ਹੈ। ਪੁਰਾਣੇ ਬਾਈਬਲ ਦੇ ਪੁਰਾਣੇ ਨੇਮ ਵਿਚ ਦਰਜ ਪੁਸਤਕ 'ਉਤਪਤ' ਦੇ ਅਨੁਸਾਰ ਸਭ ਤੋਂ ਪਹਿਲੀ ਸੁੰਨਤ, ਯਹੋਵਾਹ ਪਰਮੇਸ਼ੁਰ ਦਾ ਹੁਕਮ ਮੰਨ ਕੇ, ਪੈਗੰਬਰ ਅਬਰਾਹਮ ਦੁਆਰਾ 99 ਸਾਲ ਦੀ ਉਮਰ ਵਿਚ ਕਰਵਾਈ ਗਈ ਸੀ। ਉਸ ਤੋਂ ਬਾਅਦ ਇਹ ਰਸਮ ਅਬਾਰਹਿਮੀ ਧਰਮਾਂ ਦੇ ਅਟੁੱਟ ਅੰਗ ਵਜੋਂ ਸ਼ਾਮਿਲ ਹੈ।

**8.2.2 ਨਾਮਕਰਨ ਦੀ ਰਸਮ**

ਬੱਚੇ ਦਾ ਨਾਮਕਰਨ ਯਹੂਦੀ ਧ੍ਰਮ ਦੀ ਇਕ ਮਹੱਤਵਪੂਰਨ ਪਰੰਪਰਾ ਹੈ ਜੋ ਅਕਸਰ ਮੁੰਡਿਆਂ ਲਈ ਬ੍ਰਿਟ ਮਿਲਾਹ ਸਮਾਰੋਹ ਦੌਰਾਨ ਜਾਂ ਲੜਕੀਆਂ ਲਈ ਇਕ ਵੱਖਰੇ ਸਮਾਰੋਹ ਵਿਚ ਹੁੰਦੀ ਹੈ। ਬੱਚੇ ਨੂੰ ਰਸਮੀ ਤੌਰ 'ਤੇ ਉਸਦਾ ਇਬਰਾਨੀ ਨਾਮ ਦਿੱਤਾ ਜਾਂਦਾ ਹੈ, ਜੋ ਅਕਸਰ ਮ੍ਰਿਤਕ ਰਿਸ਼ਤੇਦਾਰਾਂ ਦੀ ਯਾਦ ਨੂੰ ਦਰਸਾਉਂਦਾ ਹੈ ਅਤੇ ਯਹੂਦੀ ਪਰੰਪਰਾ ਵਿਚ ਮਹੱਤਵਪੂਰਣ ਅਰਥ ਰੱਖਦਾ ਹੈ।

**8.2.3 ਪਿਡਯੋਨ ਹੈਬੇਨ (ਪਹਿਲੇ ਜਨਮੇ ਦਾ ਛੁਟਕਾਰਾ)**

ਇਹ ਰਸਮ ਉਦੋਂ ਕੀਤੀ ਕੀਤੀ ਜਾਂਦੀ ਹੈ ਜੇਕਰ ਜੇਠਾ ਬੱਚਾ ਪੁੱਤਰ ਹੈ। ਯਹੂਦੀ ਕਾਨੂੰਨ ਦੇ ਅਨੁਸਾਰ, ਜੇਠਾ ਬੱਚਾ ਰੱਬ ਦਾ ਹੈ ਅਤੇ ਇਕ ਕੋਹੇਨ (ਪੁਜਾਰੀ ਵਰਗ ਦੇ ਵੰਸ਼ਜ) ਨੂੰ ਪੰਜ ਚਾਂਦੀ ਦੇ ਸਿੱਕਿਆਂ ਦੀ ਅਦਾਇਗੀ ਨੂੰ ਸ਼ਾਮਲ ਕਰਨ ਵਾਲੀ ਰਸਮ ਦੁਆਰਾ ਛੁਡਾਇਆ ਜਾਣਾ ਚਾਹੀਦਾ ਹੈ। ਇਹ ਰਸਮ ਆਮ ਤੌਰ 'ਤੇ ਉਦੋਂ ਨਿਭਾਈ ਜਾਂਦੀ ਹੈ ਜਦੋਂ ਬੱਚਾ 30 ਦਿਨਾਂ ਦਾ ਹੁੰਦਾ ਹੈ।

**8.2.4 ਸਿਮਚੈਟ ਬਾਟ (ਇਕ ਧੀ ਦਾ ਜਸ਼ਨ)**

ਕੁਝ ਯਹੂਦੀ ਭਾਈਚਾਰਿਆਂ ਵਿਚ, ਖਾਸ ਤੌਰ 'ਤੇ ਵਧੇਰੇ ਉਦਾਰਵਾਦੀ ਜਾਂ ਸਮਾਨਤਾਵਾਦੀ ਵਿਸ਼ਵਾਸਾਂ ਵਾਲੇ, ਸਿਮਚੈਟ ਬਾਟ (ਸ਼ਾਬਦਿਕ ਤੌਰ 'ਤੇ "ਧੀ ਦੀ ਖੁਸ਼ੀ") ਨਾਮਕ ਇਕ ਸਮਾਰੋਹ ਦਾ ਆਯੋਜਨ ਕੀਤਾ ਜਾਂਦਾ ਹੈ। ਇਸ ਰਸਮ ਵਿਚ ਪਾਠ, ਆਸ਼ੀਰਵਾਦ ਅਤੇ ਬੱਚੇ ਦਾ ਰਸਮੀ ਨਾਮਕਰਨ ਵੀ ਸ਼ਾਮਲ ਹੁੰਦਾ ਹੈ।

**8.2.5 ਆਸ਼ੀਰਵਾਦ ਅਤੇ ਪ੍ਰਾਰਥਨਾਵਾਂ**

ਜਨਮ ਪ੍ਰਕਿਰਿਆ ਦੇ ਦੌਰਾਨ ਅਤੇ ਬੱਚੇ ਦੇ ਜੀਵਨ ਦੇ ਸ਼ੁਰੂਆਤੀ ਦਿਨਾਂ ਦੌਰਾਨ, ਯਹੂਦੀ ਪਰਿਵਾਰ ਅਕਸਰ ਵੱਖ-ਵੱਖ ਆਸ਼ੀਰਵਾਦ ਅਤੇ ਪ੍ਰਾਰਥਨਾਵਾਂ ਦਾ ਪਾਠ ਕਰਦੇ ਹਨ। ਇਹਨਾਂ ਵਿਚ ਮਾਂ ਅਤੇ ਬੱਚੇ ਦੀ ਸਿਹਤ ਅਤੇ ਤੰਦਰੁਸਤੀ ਲਈ ਪ੍ਰਾਰਥਨਾਵਾਂ, ਪ੍ਰਮਾਤਮਾ ਪ੍ਰਤੀ ਸ਼ੁਕਰਗੁਜ਼ਾਰੀ ਦੇ ਪ੍ਰਗਟਾਵੇ, ਅਤੇ ਬੱਚੇ ਦੇ ਭਵਿੱਖ ਲਈ ਪ੍ਰਾਰਥਨਾਵਾਂ ਸ਼ਾਮਲ ਹੁੰਦੀਆਂ ਹਨ।

**8.2.6 ਜਸ਼ਨ ਦਾ ਭੋਜਨ**

ਜਨਮ ਅਤੇ ਕਿਸੇ ਵੀ ਸੰਬੰਧਿਤ ਰਸਮਾਂ ਦੇ ਬਾਅਦ, ਪਰਿਵਾਰਾਂ ਲਈ ਜਸ਼ਨ ਦੇ ਭੋਜਨ ਦੀ ਮੇਜ਼ਬਾਨੀ ਕਰਨਾ ਆਮ ਗੱਲ ਹੈ, ਜਿਸਨੂੰ ਸਿਉਦਾਤ ਮਿਜ਼ਵਾਹ (ਧਾਰਮਿਕ ਜ਼ਿੰਮੇਵਾਰੀ ਦਾ ਭੋਜਨ) ਕਿਹਾ ਜਾਂਦਾ ਹੈ। ਇਹ ਭੋਜਨ ਪਰਿਵਾਰ ਅਤੇ ਦੋਸਤਾਂ ਨੂੰ ਇਕੱਠੇ ਆਉਣ, ਅਸ਼ੀਰਵਾਦ ਸਾਂਝਾ ਕਰਨ ਅਤੇ ਪਰਿਵਾਰ ਵਿਚ ਨਵੇਂ ਜੋੜਨ ਵਿਚ ਅਨੰਦ ਲੈਣ ਦਾ ਮੌਕਾ ਪ੍ਰਦਾਨ ਕਰਦੇ ਹਨ।

ਇਹ ਰਸਮਾਂ ਨਾ ਸਿਰਫ਼ ਨਵੇਂ ਜੀਵਨ ਦੀ ਖੁਸ਼ੀ ਦਾ ਪ੍ਰਤੀਕ ਹਨ ਸਗੋਂ ਯਹੂਦੀ ਪਰਿਵਾਰ ਅਤੇ ਵਿਆਪਕ ਯਹੂਦੀ ਭਾਈਚਾਰੇ ਦੇ ਅੰਦਰ ਵਿਸ਼ਵਾਸ, ਪਰੰਪਰਾ ਅਤੇ ਭਾਈਚਾਰੇ ਦੇ ਬੰਧਨ ਨੂੰ ਮਜ਼ਬੂਤ ਕਰਨ ਲਈ ਵੀ ਕੰਮ ਕਰਦੀਆਂ ਹਨ।

**8.3 ਧਰਮ ਪ੍ਰਵੇਸ਼ ਸੰਸਕਾਰ**

ਧਰਮ ਪ੍ਰਵੇਸ਼ ਸੰਬੰਧੀ ਯਹੂਦੀ ਧਰਮ ਕੌਮੀ ਨਸਲ ਵਾਲੇ ਸਿਧਾਂਤ ਦਾ ਧਾਰਨੀ ਹੈ ਭਾਵ ਕਿ ਇਸ ਧਰਮ ਵਿਚ ਧਰਮ ਪ੍ਰਵੇਸ਼ ਜਨਮ ਅਧਾਰ 'ਤੇ ਹੀ ਮਿਲਦਾ ਹੈ। ਇਸਰਾਇਲੀ ਕੌਮ ਵਿਚ ਜਨਮ ਲੈਣ ਵਾਲਾ ਬੱਚਾ ਹੀ ਯਹੂਦੀ ਧਰਮ ਵਿਚ ਸ਼ਾਮਿਲ ਹੋ ਸਕਦਾ ਹੈ, ਦੂਸਰੀ ਕੌਮ ਦਾ ਮਨੁੱਖ ਨਹੀਂ ਕਿਉਂਕਿ ਯਹੂਦੀ ਧਰਮ ਗ੍ਰੰਥ ਅਨੁਸਾਰ ਇਸਰਾਇਲੀ ਕੌਮ ਪਰਮੇਸ਼ੁਰ ਦੀ ਚੁਣੀ ਹੋਈ ਕੌਮ ਹੈ ਅਤੇ ਇਹੀ ਕੌਮ ਹੀ ਪਰਮੇਸ਼ੁਰ ਦੀ ਵਿਸ਼ੇਰ ਕਿਰਪਾ ਦੀ ਪਾਤਰ ਹੈ। ਯਹੂਦੀ ਧਰਮ ਵਿਚ ਪੈਦਾ ਹੋਣ ਵਬਾਲੇ ਬੱਚਿਆਂ ਨੂੰ ਵਿਸ਼ੇਸ਼ ਰਸਮਾਂ ਰਾਹੀਂ ਧਾਰਮਿਕ ਤੌਰ 'ਤੇ ਯਹੂਦੀ ਧਰਮ ਵਿਚ ਪ੍ਰਵੇਸ਼ ਕਰਵਾਇਆ ਜਾਂਦਾ ਹੈ।

ਇਸ ਧਰਮ ਵਿਚ ਲੜਕਿਆਂ ਦੇ ਧਰਮ ਪ੍ਰਵੇਸ਼ ਸਮਾਰੋਹ ਨੂੰ ਬਾਰ ਮਿਤਜ਼ਵਾਹ ਕਿਹਾ ਜਾਂਦਾ ਹੈ, ਅਤੇ ਕੁੜੀਆਂ ਲਈ, ਇਸ ਨੂੰ ਬੈਟ ਮਿਤਜ਼ਵਾਹ ਕਿਹਾ ਜਾਂਦਾ ਹੈ। ਇਹ ਰਸਮਾਂ ਯਹੂਦੀ ਭਾਈਚਾਰੇ ਦੇ ਅੰਦਰ ਇਕ ਯਹੂਦੀ ਬੱਚੇ ਦੀ ਬਾਲਗਤਾ ਵਿਚ ਤਬਲਦੀਲੀ ਨੂੰ ਦਰਸਾਉਂਦੀਆਂ ਹਨ ਅਤੇ ਆਮ ਤੌਰ ਤੇ ਬੱਚੇ ਦੇ 13 ਸਾਲ ਦੀ ਉਮਰ ਤੱਕ ਪਹੁੰਚਣ ਤੇ ਕੀਤੀਆਂ ਜਾਂਦੀਆਂ ਹਨ।

### 8.3.1 ਬਾਰ ਮਿਤਜ਼ਵਾਹ (ਆਜਾਨ/ਹੁਕਮ ਦਾ ਪੁੱਤਰ)

ਯਹੂਦੀ ਧਰਮ ਦੇ ਲੜਕਿਆਂ ਲਈ, ਬਾਰ ਮਿਤਜ਼ਵਾਹ ਸਮਾਰੋਹ ਯਹੂਦੀ ਕਾਨੂੰਨ ਦੀ ਪਾਲਣਾ ਕਰਨ ਅਤੇ ਯਹੂਦੀ ਪਰੰਪਰਾ ਦੇ ਸੰਦਰਭ ਵਿਚ ਵੱਖ-ਵੱਖ ਕਾਰਜਾਂ ਦੀ ਜ਼ਿੰਮੇਵਾਰੀ ਨੂੰ ਦਰਸਾਉਂਦਾ ਮਹੱਤਵਪੂਰਨ ਮੀਲ ਪੱਥਰ ਹੈ। ਬਾਰ ਮਿਤਜ਼ਵਾਹ ਸਮਾਰੋਹ ਦੀ ਖਾਸ ਗੱਲ ਇਹ ਹੈ ਕਿ ਜਦੋਂ ਨੌਜਵਾਨ ਨੂੰ ਪ੍ਰਾਰਥਨਾ ਸਥਾਨ ਦੀ ਸੇਵਾ ਦੌਰਾਨ ਹਫਤਾਵਾਰੀ ਤੋਰਾਹ ਭਾਗ (ਪਾਰਸ਼ਾਹ) ਤੋਂ ਅਸੀਸਾਂ ਦਾ ਪਾਠ ਕਰਨ ਅਤੇ ਪੜ੍ਹਣ ਲਈ ਜਾਣਾ ਪੈਂਦਾ ਹੈ। ਇਹ ਯਹੂਦੀ ਧਾਰਮਿਕ ਜੀਵਨ ਅਤੇ ਭਾਈਚਾਰੇ ਵਿਚ ਪੂਰੀ ਤਰ੍ਹਾਂ ਨਾਲ ਹਿੱਸਾ ਲੈਣ ਦੀ ਉਸਦੀ ਤਿਆਰੀ ਨੂੰ ਦਰਸਾਉਂਦਾ ਹੈ।

### 8.3.2 ਬੈੱਟ ਮਿਤਜ਼ਵਾਹ (ਹੁਕਮ ਦੀ ਪੁੱਤਰੀ)

ਲੜਕੀਆਂ ਲਈ, ਬੈਟ ਮਿਤਜ਼ਵਾਹ ਦੀ ਰਸਮ ਯਹੂਦੀ ਭਾਈਚਾਰੇ ਦੀ ਬਾਲਗਤਾ ਵਿਚ ਦਾਖਲੇ ਨੂੰ ਦਰਸਾਉਂਦੀ ਹੈ। ਹਾਲਾਂਕਿ ਪਰੰਪਰਾਵਾਂ ਵੱਖੋ-ਵੱਖਰੀਆਂ ਹੋ ਸਕਦੀਆਂ ਹਨ, ਬੈਟ ਮਿਤਜ਼ਵਾਹ ਦੇ ਜਸ਼ਨਾਂ ਵਿਚ ਅਕਸਰ ਕੁੜੀ ਨੂੰ ਸਿਨਾਗੌਗ ਸੇਵਾ ਦੌਰਾਨ ਤੋਰਾਹ ਤੋਂ ਪੜ੍ਹਨਾ, ਪ੍ਰਾਰਥਨਾਵਾਂ ਦੀ ਅਗਵਾਈ ਕਰਨਾ ਅਤੇ ਇਕ ਡੇਵਰ

ਤੋਰਾ ਇਕ ਟਿੱਪਣੀ ਜਾਂ ਭਾਸ਼ਣ ਦੇਣਾ ਸ਼ਾਮਲ ਹੁੰਦਾ ਹੈ। ਬੈਟ ਮਿਤਜ਼ਵਾਹ ਸਮਾਰੋਹ ਕੁੜੀ ਦੇ ਯਹੂਦੀ ਪਰੰਪਰਾ ਦੇ ਗਿਆਨ ਦੀ ਅਤੇ ਯਹੂਦੀ ਜੀਵਨ ਜਿਉਣ ਲਈ ਉਸਦੀ ਵਚਨਬੱਧਤਾ ਦੀ ਪੁਸ਼ਟੀ ਕਰਦਾ ਹੈ।

ਬਾਰ ਮਿਤਜ਼ਵਾਹ ਅਤੇ ਬੈਟ ਮਿਤਜ਼ਵਾਹ ਦੋਵੇਂ ਸਮਾਰੋਹ ਅਕਸਰ ਤਿਉਹਾਰਾਂ ਦੇ ਭੋਜਨ ਜਾਂ ਰਿਸੈਪਸ਼ਨ ਸਮੇਤ ਆਮ ਤੌਰ 'ਤੇ ਪਰਿਵਾਰ ਅਤੇ ਦੋਸਤਾਂ ਦੇ ਅਨੰਦਮਈ ਇਕੱਠਾਂ ਨਾਲ ਮਨਾਏ ਜਾਂਦੇ ਹਨ। ਸਮਾਰੋਹ ਦੇ ਧਾਰਮਿਕ ਪਹਿਲੂਆਂ ਤੋਂ ਇਲਾਵਾ, ਨੌਜਵਾਨ ਵਿਅਕਤੀ ਅਤੇ ਉਨ੍ਹਾਂ ਦੇ ਅਜ਼ੀਜ਼ਾਂ ਲਈ ਤਿਉਹਾਰ ਨੂੰ ਸਾਰਥਕ ਬਣਾਉਣ ਲਈ ਪਰਿਵਾਰ ਸੱਭਿਆਚਾਰਕ ਰੀਤੀ-ਰਿਵਾਜਾਂ ਅਤੇ ਨੂੰ ਸ਼ਾਮਲ ਕਰ ਸਕਦੇ ਹਨ।

ਇਥੇ ਇਹ ਗੱਲ ਵਰਣਨਯੋਗ ਹੈ ਕਿ ਬਾਰ ਅਤੇ ਬੈਟ ਮਿਤਜ਼ਵਾਹ ਸਮਾਰੋਹ ਬਹੁਤ ਸਾਰੇ ਯਹੂਦੀ ਭਾਈਚਾਰਿਆਂ ਵਿਚ ਆਮ ਹਨ, ਪਰ ਸਰਵ ਵਿਆਪਕ ਨਹੀਂ। ਹੋ ਸਕਦਾ ਹੈ ਕਿ ਕੁਝ ਯਹੂਦੀ ਸੰਪਰਦਾਵਾਂ ਵਿਚ ਵੱਖ-ਵੱਖ ਸ਼ੁਰੂਆਤੀ ਸੰਸਕਾਰ ਹੋ ਸਕਦੇ ਹਨ। ਇਸ ਤੋਂ ਇਲਾਵਾ, ਇਹਨਾਂ ਸਮਾਰੋਹਾਂ 'ਤੇ ਵਿਅਕਤੀਗਤ, ਪਰਿਵਾਰਕ ਵਿਸ਼ਵਾਸਾਂ ਅਤੇ ਅਭਿਆਸਾਂ ਦੇ ਅਧਾਰ 'ਤੇ ਵੱਖਰਾ ਹੋ ਸਕਦਾ ਹੈ।

**8.4 ਵਿਆਹ ਸੰਸਕਾਰ**

ਯਹੂਦੀ ਲੋਕ ਗ੍ਰਹਿਸਤੀ ਜੀਵਨ ਵਿਚ ਵਿਸ਼ਵਾਸ ਰੱਖਦੇਹਨ। ਇਸ ਧਰਮ ਦੇ ਅਨੁਯਾਈਆਂ ਦੁਆਰਾ ਨ ਦੀ ਰਿਸ਼ਤੇਦਾਰੀ ਵਿਚ ਵਿਆਹ ਕੀਤਾ ਜਾਂਦਾ ਹੈ ਅਤੇ ਵਿਆਹ ਸਮੇਂ ਦਾਜ ਅਤੇ ਦਾਨ ਦੀ ਪ੍ਰਥਾ ਵੀ ਪ੍ਰਚਲਿੱਤ ਹੈ। ਖ਼ੂਨ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਉਹ ਲੋਕ ਆਪਣੇ ਕਬੀਲੇ ਵਿਚ ਹੀ ਵਿਆਹ ਕਰਦੇ ਹਨ। ਬਾਕੀ ਧਰਮਾਂ ਦੀ ਤਰਾਂ ਇਸ ਧਰਮ ਵਿਚ ਵੀ ਵਿਆਹ ਦੀ ਰਸਮ ਇਕ ਪਵਿੱਤਰ ਅਤੇ ਖੁਸ਼ੀ ਦਾ ਮੌਕਾ ਹੈ ਜਿਸ ਵਿਚ ਕਈ ਰਸਮਾਂ ਅਤੇ ਪਰੰਪਰਾਵਾਂ ਸ਼ਾਮਲ ਹਨ। ਹਾਲਾਂਕਿ ਵੱਖ-ਵੱਖ ਯਹੂਦੀ ਭਾਈਚਾਰਿਆਂ ਵਿਚ ਖਾਸ ਰੀਤੀ-ਰਿਵਾਜ ਵੱਖੋ-ਵੱਖਰੇ ਹੋ ਸਕਦੇ ਹਨ ਪਰੰਤੂ ਧਰਮ ਦੇ ਮੁੱਖ ਸਿਧਾਂਤਕ ਤੱਤ ਆਮ ਤੌਰ 'ਤੇ ਸਮੁੱਚੇ ਯਹੂਦੀ ਵਿਆਹ ਦੀਆਂ ਰਸਮਾਂ ਵਿਚ ਪਾਏ ਜਾਂਦੇ ਹਨ ਜੋ ਇਸ ਪ੍ਰਕਾਰ ਹਨ-

**8.4.1 ਕੇਤੁਬਾਹ (ਵਿਆਹ ਦਾ ਇਕਰਾਰਨਾਮਾ)**

ਕੇਤੁਬਾਹ ਇਕ ਲਿਖਤੀ ਵਿਆਹ ਦਾ ਇਕਰਾਰਨਾਮਾ ਹੈ ਜੋ ਕਿ ਲਾੜੀ ਪ੍ਰਤੀ ਲਾੜੇ ਦੀਆਂ ਜ਼ਿੰਮੇਵਾਰੀਆਂ ਨੂੰ ਦਰਸਾਉਂਦਾ ਹੈ, ਜਿਵੇਂ ਕਿ ਭੋਜਨ, ਕੱਪੜੇ ਅਤੇ ਵਿਆਹੁਤਾ ਰਿਸ਼ਤੇ ਆਦਿ ਪ੍ਰਦਾਨ ਕਰਨਾ। ਇਹ ਇਕ ਦੂਜੇ ਪ੍ਰਤੀ ਜੋੜੇ

ਦੀ ਵਚਨਬੱਧਤਾ ਦੀ ਘੋਸ਼ਣਾ ਵਜੋਂ ਵੀ ਕੰਮ ਕਰਦਾ ਹੈ। ਦੋ ਯਹੂਦੀ ਮਰਦ ਗਵਾਹਾਂ ਦੀ ਅਗਵਾਈ ਵਿਚ ਲਾੜੇ ਦੁਆਰਾ ਕੇਤੁਬਾ 'ਤੇ ਦਸਤਖਤ ਕੀਤੇ ਜਾਂਦੇ ਹਨ ਅਤੇ ਵਿਆਹ ਦੀ ਰਸਮ ਸਮੇਂ ਲਾੜੀ ਨੂੰ ਭੇਂਟ ਕੀਤਾ ਜਾਂਦਾ ਹੈ।

**8.4.2 ਬੇਡੇਕੇਨ (ਲਾੜੀ ਦਾ ਪਰਦਾ)**

ਵਿਆਹ ਦੀ ਰਸਮ ਸ਼ੁਰੂ ਹੋਣ ਤੋਂ ਪਹਿਲਾਂ ਲਾੜਾ, ਲਾੜੀ ਨੂੰ ਬੇਡੇਕੇਨ ਵਜੋਂ ਜਾਣੀ ਜਾਂਦੀ ਪਰੰਪਰਾ ਅਨੁਸਾਰ ਪਰਦਾ ਪਾਉਂਦਾ ਹੈ। ਇਹ ਰਿਵਾਜ ਬਾਈਬਲ ਵਿਚਲੀ ਜੈਕਬ ਦੀ ਕਹਾਣੀ ਤੋਂ ਲਿਆ ਗਿਆ ਹੈ, ਜਿਸ ਨੇ ਵਿਆਹ ਕਰਨ ਤੋਂ ਪਹਿਲਾਂ ਆਪਣੀ ਲਾੜੀ ਰੇਚਲ ਨੂੰ ਪਰਦਾ ਕੀਤਾ ਸੀ। ਪਰਦਾ ਲਾੜੀ ਦੀ ਨਿਮਰਤਾ ਅਤੇ ਉਸ ਦੀ ਅੰਦਰੂਨੀ ਸੁੰਦਰਤਾ ਲਈ ਉਸ ਨਾਲ ਵਿਆਹ ਕਰਨ ਲਈ ਲਾੜੇ ਦੀ ਵਚਨਬੱਧਤਾ ਦਾ ਪ੍ਰਤੀਕ ਹੈ।

**8.4.3 ਚੂਪਾਅ/ਚੂਪਾਹ (ਵਿਆਹ ਦੀ ਛਤਰੀ)**

ਚੂਪਾਅ ਜਾਂ ਚੂਪਾਹ ਇਕ ਛਤਰੀ ਹੈ ਜਿਸ ਦੇ ਹੇਠਾਂ ਵਿਆਹ ਦੀ ਰਸਮ ਹੁੰਦੀ ਹੈ। ਇਹ ਨਵੇਂ ਘਰ ਨੂੰ ਦਰਸਾਉਂਦਾ ਹੈ ਜੋ ਜੋੜਾ ਇਕੱਠੇ ਬਣਾਏਗਾ ਅਤੇ ਵਿਆਹ ਦੇ ਦੌਰਾਨ ਪਰਮੇਸ਼ੁਰ ਦੀ ਮੌਜੂਦਗੀ ਨੂੰ ਦਰਸਾਉਂਦਾ ਹੈ। ਚੂਪਾਅ ਜਾਂ ਚੂਪਾਹ ਆਮ ਤੌਰ 'ਤੇ ਚਾਰ ਖੰਭਿਆਂ ਦੁਆਰਾ ਫੜਿਆ ਜਾਂਦਾ ਹੈ ਅਤੇ ਇਸ ਨੂੰ ਫੁੱਲਾਂ, ਫੈਬਰਿਕ ਜਾਂ ਹੋਰ ਅਰਥਪੂਰਨ ਗਹਿਣਿਆਂ ਨਾਲ ਸਜਾਇਆ ਜਾ ਸਕਦਾ ਹੈ।

**8.4.4 ਸ਼ੇਵਾ ਬ੍ਰਾਚੋਟ (ਸੱਤ ਆਸ਼ੀਰਵਾਦ)**

ਵਿਆਹ ਦੀ ਰਸਮ ਦੇ ਦੌਰਾਨ, ਵਾਈਨ ਦੇ ਇਕ ਕੱਪ ਉੱਤੇ ਸੱਤ ਆਸ਼ੀਰਵਾਦ (ਸ਼ੇਵਾ ਬ੍ਰਾਚੋਟ) ਦਾ ਪਾਠ ਕੀਤਾ ਜਾਂਦਾ ਹੈ। ਇਹ ਬਰਕਤਾਂ, ਜੋ ਪ੍ਰਮਾਤਮਾ ਦੀ ਉਸਤਤ ਕਰਦੀਆਂ ਹਨ ਅਤੇ ਵਿਆਹ ਦੀ ਖੁਸ਼ੀ ਦਾ ਜਸ਼ਨ ਮਨਾਉਂਦੀਆਂ ਹਨ, ਰਵਾਇਤੀ ਤੌਰ 'ਤੇ ਕਿਸੇ ਰੱਬੀ ਜਾਂ ਕਿਸੇ ਹੋਰ ਅਧਿਕਾਰੀ ਦੁਆਰਾ ਪੜ੍ਹੀਆਂ ਜਾਂਦੀਆਂ ਹਨ। ਆਸ਼ੀਰਵਾਦ ਤੋਂ ਬਾਅਦ, ਲਾੜਾ ਅਤੇ ਲਾੜੀ ਸ਼ਰਾਬ ਦੇ ਪਿਆਲੇ ਵਿੱਚੋਂ ਸ਼ਰਾਬ ਪੀਂਦੇ ਹਨ।

**8.4.5 ਮੁੰਦਰੀਆਂ ਦਾ ਆਦਾਨ-ਪ੍ਰਦਾਨ**

ਲਾੜਾ ਅਤੇ ਲਾੜਾ ਇਕ ਦੂਜੇ ਲਈ ਆਪਣੀ ਵਚਨਬੱਧਤਾ ਅਤੇ ਪਿਆਰ ਦੇ ਪ੍ਰਤੀਕ ਵਜੋਂ ਮੁੰਦਰੀਆਂ ਦਾ ਆਦਾਨ-ਪ੍ਰਦਾਨ ਕਰਦੇ ਹਨ। ਯਹੂਦੀ ਪਰੰਪਰਾ ਵਿਚ, ਮੁੰਦਰੀ ਆਮ ਤੌਰ 'ਤੇ ਬਿਨਾਂ ਕਿਸੇ ਰਤਨ ਜਾਂ ਉੱਕਰੀ ਦੇ

ਇਕ ਸਾਦੇ ਸੋਨੇ ਦੀ ਪੱਟੀ ਹੁੰਦੀ ਹੈ। ਲਾੜਾ ਇਕ ਰਵਾਇਤੀ ਇਬਰਾਨੀ ਵਾਕਾਂਸ਼ ਦਾ ਪਾਠ ਕਰਦੇ ਹੋਏ ਲਾੜੀ ਦੀ ਉਂਗਲੀ 'ਤੇ ਮੁੰਦਰੀ ਰੱਖਦਾ ਹੈ, ਜਿਸਦਾ ਅਕਸਰ ਅਨੁਵਾਦ ਕੀਤਾ ਜਾਂਦਾ ਹੈ "ਵੇਖੋ, ਤੁਸੀਂ ਮੂਸਾ ਅਤੇ ਇਜ਼ਰਾਈਲ ਦੇ ਕਾਨੂੰਨ ਅਨੁਸਾਰ ਇਸ ਅੰਗੂਠੀ ਨਾਲ ਮੇਰੇ ਲਈ ਪਵਿੱਤਰ ਹੋ।"

**8.4.6 ਗਲਾਸ ਤੋੜਨਾ**

ਵਿਆਹ ਦੀ ਰਸਮ ਦੀ ਸਮਾਪਤੀ 'ਤੇ, ਲਾੜੇ ਦੁਆਰਾ ਆਪਣੇ ਸੱਜੇ ਪੈਰ ਨਾਲ ਸ਼ੀਸ਼ੇ ਨੂੰ ਪੈਰਾਂ ਹੇਠ ਰੱਖ ਕੇ ਤੋੜਨ ਦਾ ਰਿਵਾਜ ਹੈ। ਇਹ ਐਕਟ ਯਰੂਸ਼ਲਮ ਵਿਚ ਮੰਦਰ ਦੇ ਵਿਨਾਸ਼ ਦਾ ਪ੍ਰਤੀਕ ਹੈ ਅਤੇ ਜੀਵਨ ਦੀ ਕਮਜ਼ੋਰੀ ਦੀ ਯਾਦ ਦਿਵਾਉਂਦਾ ਹੈ। ਇਹ ਸਮਾਰੋਹ ਦੇ ਅੰਤ ਅਤੇ ਜਸ਼ਨ ਦੀ ਸ਼ੁਰੂਆਤ ਦਾ ਸੰਕੇਤ ਵੀ ਦਿੰਦਾ ਹੈ।

ਇਸ ਪ੍ਰਕਾਰ ਉਪਰੋਕਤ ਰਸਮਾਂ ਯਹੂਦੀ ਧਰਮ ਦੇ ਹਰ ਵਿਆਰ ਵਿਚ ਆਮ ਤੌਰ ’ਤੇ ਨਿਭਾਈਆਂ ਜਾਂਦੀਆਂ ਹਨ ਭਾਵੇਂ ਹਾਲਾਤਾਂ ਅਨੁਸਾਰ ਇਨ੍ਹਾਂ ਵਿਚ ਥੋੜ੍ਹੇ ਬਹੁਤ ਬਦਲਾਅ ਵੀ ਹੋ ਜਾਂਦੇ ਹਨ।

ਵਿਆਹ ਦੀਆਂ ਰਸਮਾਂ ਤੋਂ ਇਲਾਵਾ ਵਿਆਹ ਨਾਲ ਸੰਬੰਧਿਤ ਕੁਝ ਯਹੂਦੀ ਨਿਯਮ ਵੀ ਹਨ ਜੋ ਵਿਆਹ ਤੋਂ ਬਾਅਦ ਵਾਲੇ ਜੀਵਨ ਨਾਲ ਸੰਬੰਧਿਤ ਹਨ-

**8.4.6 ਵਿਧਵਾ ਵਿਆਹ ਸੰਬੰਧੀ**

ਯਹੂਦੀ ਧਰਮ ਵਿਧਵਾ ਵਿਆਹ ਤੋਂ ਇਨਕਾਰੀ ਨਹੀਂ ਹੈ। ਇਸ ਧਰਮ ਅਨੁਸਾਰ ਜੇਕਰ ਔਰਤ ਦਾ ਪਤੀ ਗੁਜ਼ਰ ਜਾਵੇ ਤਾਂ ਉਹ ਆਪਣੇ ਪਤੀ ਦੇ ਭਰਾ ਨਾਲ ਵਿਆਹ ਕਰਵਾ ਸਕਦੀ ਹੈ। ਇਸ ਸੰਬੰਧੀ ਪੁਰਾਣੇ ਨੇਮ ਵਿਚ ਬਾਕਾਇਦਾ ਨਿਯਮ ਵੀ ਹਨ ਜੋ ਇਸ ਪ੍ਰਕਾਰ ਹਨ- “ਜੇ ਦੋ ਭਰਾ ਇਕੱਠੇ ਰਹਿੰਦੇ ਹੋਣ ਅਤੇ ਉਨ੍ਹਾਂ ਵਿੱਚੋਂ ਇਕ ਜਾਣਾ ਬੇਔਲਾਦਾ ਮਰ ਜਾਵੇ, ਤਾਂ ਮਰੇ ਹੋਏ ਭਰਾ ਦੀ ਪਤਨੀ ਪਰਿਵਾਰ ਤੋਂ ਬਾਹਰ ਕਿਸੇ ਅਜਨਬੀ ਨਾਲ ਨਹੀਂ ਵਿਆਹੀ ਜਾਣੀ ਚਾਹੀਦੀ। ਉਸਦੇ ਪਤੀ ਦੇ ਭਰਾ ਨੂੰ ਉਸ ਨਾਲ ਸ਼ਾਦੀ ਕਰਕੇ ਉਸ ਨਾਲ ਜਿਨਸੀ ਸੰਬੰਧ ਬਨਾਉਣੇ ਚਾਹੀਦੇ ਹਨ। ਉਸ ਦੀ ਉਸ ਵੱਲ ਇਕ ਦਿਉਰ ਦੀ ਜੁੰਮੇਵਾਰੀ ਹੋਣੀ ਚਾਹੀਦੀ ਹੈ। ਫ਼ੇਰ ਜਦੋਂ ਉਹ ਆਪਣੇ ਪਹਿਲੇ ਬੱਚੇ ਨੂੰ ਜਨਮ ਦੇਵੇਗੀ, ਉਹ ਬੱਚਾ ਮਰੇ ਹੋਏ ਆਦਮੀ ਦਾ ਨਾਂ ਉਚੇਰਾ ਕਰੇਗਾ। ਫ਼ੇਰ ਮਰੇ ਹੋਏ ਭਰਾ ਦਾ ਨਾਮ ਇਸਰਾਏਲ ਵਿੱਚੋਂ ਮਿਟਾਇਆ ਨਹੀਂ ਜਾਵੇਗਾ। ਜੇ ਕੋਈ ਬੰਦਾ ਆਪਣੇ ਭਰਾ ਦੀ ਵਿਧਵਾ ਨਾਲ ਸ਼ਾਦੀ ਨਾ ਕਰਾਉਣਾ ਚਾਹੇ ਤਾਂ ਭਰਾ ਦੀ ਪਤਨੀ ਨੂੰ ਕਸਬੇ ਦੀ ਸਭਾ ਵਾਲੀ ਥਾਂ ਉੱਤੇ ਆਗੂਆਂ ਪਾਸ ਜਾਣਾ ਚਾਹੀਦਾ ਹੈ। ਉਸਦੇ ਭਰਾ ਦੀ ਪਤਨੀ ਨੂੰ

ਆਗੂਆਂ ਨੂੰ ਇਹ ਆਖਣਾ ਚਾਹੀਦਾ ਹੈ, 'ਮੇਰੇ ਪਤੀ ਦਾ ਭਰਾ ਇਸਰਾਇਲ ਵਿਚ ਆਪਣੇ ਭਰਾ ਦਾ ਨਾਂ ਜਿਉਂਦਾ ਨਹੀਂ ਰੱਖਣਾ ਚਾਹੁੰਦਾ। ਉਹ ਮੇਰੇ ਪ੍ਰਤੀ ਆਪਣੇ ਪਤੀ ਦੇ ਭਰਾ ਵਾਲੇ ਫ਼ਰਜ਼ ਨਹੀਂ ਨਿਭਾਉਣਾ ਚਾਹੁੰਦਾ।" 8ਤਾਂ ਫ਼ੇਰ ਸ਼ਹਿਰ ਦੇ ਆਗੂਆਂ ਨੂੰ ਚਾਹੀਦਾ ਹੈ ਕਿ ਉਸ ਬੰਦੇ ਨੂੰ ਬੁਲਾਉਣ ਅਤੇ ਉਸ ਨਾਲ ਗੱਲ ਕਰਨ। ਜੇ ਉਹ ਬੰਦਾ ਜ਼ਿੱਦੀ ਹੈ ਤੇ ਆਖਦਾ ਹੈ, 'ਮੈਂ ਉਸ ਨਾਲ ਸ਼ਾਦੀ ਨਹੀਂ ਕਰਨਾ ਚਾਹੁੰਦਾ', ਤਾਂ ਉਸਦੇ ਭਰਾ ਦੀ ਪਤਨੀ ਨੂੰ ਆਗੂਆਂ ਦੇ ਸਾਮ੍ਹਣੇ ਉਸਦੇ ਕੋਲ ਆਉਣਾ ਚਾਹੀਦਾ ਹੈ। ਉਸਨੂੰ ਉਸਦੇ ਪੈਰੋਂ ਜੁੱਤੀ ਲਾਹ ਦੇਣੀ ਚਾਹੀਦੀ ਹੈ। ਫ਼ੇਰ ਉਸ ਨੂੰ ਚਾਹੀਦਾ ਹੈ ਕਿ ਉਸ ਦੇ ਮੂੰਹ ਉੱਤੇ ਥੁੱਕ ਦੇਵੇ। ਉਸ ਨੂੰ ਇਹ ਆਖਣਾ ਚਾਹੀਦਾ ਹੈ, 'ਇਹ ਸਲੂਕ ਉਸ ਬੰਦੇ ਨਾਲ ਕੀਤਾ ਜਾ ਰਿਹਾ ਹੈ ਜਿਹੜਾ ਆਪਣੇ ਭਰਾ ਦੇ ਪਰਿਵਾਰ ਵਿਚ ਵਾਧਾ ਨਹੀਂ ਕਰਨਾ ਚਾਹੁੰਦਾ!' ਫ਼ੇਰ ਉਸ ਭਰਾ ਦਾ ਪਰਿਵਾਰ ਇਸਰਾਇਲ ਦੇ ਅਜਿਹੇ ਪਰਿਵਾਰ ਵਜੋਂ ਜਾਣਿਆ ਜਾਵੇਗਾ 'ਜਿਸ ਪਰਿਵਾਰ ਦੇ ਬੰਦੇ ਦੀ ਜੁੱਤੀ ਉੱਤਰ ਗਈ ਸੀ।'

**8.4.7 ਵਿਆਹ ਤੋਂ ਬਾਹਰ ਜਿਨਸੀ ਸੰਬੰਧਾਂ ਦੀਆਂ ਸਜਾਵਾਂ**

ਆਪਣੇ ਜੀਵਨ ਸਾਥੀ ਤੋਂ ਇਲਾਵਾ ਵਿਆਹ ਤੋਂ ਬਾਹਰ ਜਾ ਕੇ ਕਿਸੇ ਦੂਸਰੇ ਨਾਲ ਬਣਾਏ ਗਏ ਜਿਸਮਾਨੀ ਸੰਬੰਧਾਂ ਨੂੰ ਯਹੂਦੀ ਧਰਮ ਪ੍ਰਵਾਨ ਨਹੀਂ ਕਰਦਾ। ਇਸ ਧਰਮ ਅਨੁਸਾਰ ਜੀਵਨ ਸਾਥੀ ਤੋਂ ਇਲਾਵਾ ਜਾਂ ਵਿਆਹ ਤੋਂ ਬਿਨਾਂ ਬਣਾਏ ਗਏ ਜਿਸਮਾਨੀ ਰਿਸ਼ਤੇ ਪਾਪਾ ਮੰਨੇ ਜਾਂਦੇ ਹਨ। ਇਸ ਸੰਬੰਧ ਵਿਚ ਪੁਰਾਣੇ ਨੇਮ ਵਿਚ ਦਰਜ ਹੈ- "ਜੇ ਕੋਈ ਬੰਦਾ ਕਿਸੇ ਹੋਰ ਦੀ ਪਤਨੀ ਨਾਲ ਜਿਨਸੀ ਸੰਬੰਧ ਰੱਖਦਾ ਫ਼ੜਿਆ ਜਾਂਦਾ ਹੈ ਤਾਂ ਉਨ੍ਹਾਂ ਦੋਹਾਂ ਨੂੰ ਮਰਨਾ ਚਾਹੀਦਾ ਹੈ—ਉਸ ਔਰਤ ਅਤੇ ਉਸ ਮਰਦ ਨੂੰ ਜਿਸਨੇ ਉਸਦੇ ਨਾਲ ਜਿਨਸੀ ਸੰਬੰਧ ਰੱਖੇ। ਤੁਹਾਨੂੰ ਚਾਹੀਦਾ ਹੈ ਕਿ ਇਸ ਬਦੀ ਨੂੰ ਇਸਰਾਇਲ ਵਿੱਚੋਂ ਦੂਰ ਕਰ ਦਿਓ।

ਵਿਆਹੇ ਹੋਏ ਬੰਦੇ ਦੁਆਰਾ ਕਿਸੇ ਕੁਆਰੀ ਕੁੜੀ ਨਾਲ ਬਣਾਏ ਗਏ ਜਿਸਮਾਨੀ ਰਿਸ਼ਤਿਆਂ ਲਈ ਪੁਰਾਣੇ ਨੇਮ ਵਿਚ ਸਖਤ ਸਜਾਵਾਂ ਹਨ। ਇਸ ਸੰਬੰਧ ਵਿਚ ਪੁਰਾਣੇ ਨੇਮ ਵਿਚ ਦਰਜ ਯਹੂਦੀ ਨਿਯਮ ਇਸ ਪ੍ਰਕਾਰ ਹਨ- "ਹੋ ਸਕਦਾ ਹੈ ਕਿ ਕੋਈ ਆਦਮੀ ਕਿਸੇ ਹੋਰ ਆਦਮੀ ਨਾਲ ਮੰਗੀ ਹੋਈ ਕੁਆਰੀ ਕੁੜੀ ਨੂੰ ਮਿਲੇ ਉਹ ਉਸ ਨਾਲ ਜਿਨਸੀ ਸੰਬੰਧ ਕਾਇਮ ਕਰੇ। ਜੇ ਅਜਿਹੀ ਗੱਲ ਸ਼ਹਿਰ ਵਿਚ ਵਾਪਰੇ, ਤਾਂ ਤੁਹਾਨੂੰ ਚਾਹੀਦਾ ਹੈ ਕਿ ਦੋਹਾਂ ਨੂੰ ਸ਼ਹਿਰ ਦੇ ਦਰਵਾਜ਼ੇ ਨੇੜੇ ਜਨਤਕ ਥਾਂ ਤੇ ਲੈ ਆਓ ਅਤੇ ਉਨ੍ਹਾਂ ਨੂੰ ਪੱਥਰਾਂ ਨਾਲ ਮਾਰ ਦਿਓ। ਤੁਹਾਨੂੰ ਆਦਮੀ ਨੂੰ ਮਾਰਨਾ ਚਾਹੀਦਾ ਹੈ ਕਿਉਂ ਕਿ ਉਸਨੇ ਕਿਸੇ ਹੋਰ ਦੀ ਪਤਨੀ ਨਾਲ ਜਿਨਸੀ ਪਾਪ ਕੀਤਾ। ਅਤੇ ਤੁਹਾਨੂੰ ਉਸ ਕੁੜੀ ਨੂੰ ਮਾਰ

ਦੇਣਾ ਚਾਹੀਦਾ ਹੈ ਕਿਉਂਕਿ ਉਸਨੇ ਸ਼ਹਿਰ ਵਿਚ ਹੁੰਦਿਆਂ ਸਹਾਇਤਾ ਲਈ ਪੁਕਾਰ ਨਹੀਂ ਕੀਤੀ। ਤੁਹਾਨੂੰ ਆਪਣੇ ਲੋਕਾਂ ਵਿੱਚੋਂ ਇਸ ਬਦੀ ਨੂੰ ਦੂਰ ਕਰ ਦੇਣਾ ਚਾਹੀਦਾ ਹੈ।

ਯਹੂਦੀ ਨਿਯਮ ਅਨੈਤਿਕ ਸੰਬੰਧਾਂ ਲਈ ਗਲਤੀ ਕਰਨ ਵਾਲੇ ਨੂੰ ਹੀ ਸਜ਼ਾ ਦੇਣ ਦੇ ਹਾਮੀ ਹਨ, ਨਿਰਦੋਸ਼ ਨੂੰ ਸਜ਼ਾ ਦੇਣਾ ਯਹੂਦੀ ਧਰਮ ਦਾ ਹਿੱਸਾ ਨਹੀਂ। ਪੁਰਾਣੇ ਨੇਮ ਵਿਚ ਇਸ ਨੂੰ ਇਸ ਪ੍ਰਕਾਰ ਦਰਜ ਕੀਤਾ ਗਿਆ ਹੈ- "ਪਰ ਜੇ ਕੋਈ ਆਦਮੀ ਕਿਸੇ ਮੰਗੀ ਹੋਈ ਕੁੜੀ ਨੂੰ ਬਾਹਰ ਖੇਤ ਵਿਚ ਮਿਲਦਾ ਹੈ ਅਤੇ ਉਸ ਨਾਲ ਜ਼ਬਰਦਸਤੀ ਜਿਨਸੀ ਸੰਬੰਧ ਕਾਇਮ ਕਰਦਾ ਹੈ ਤਾਂ ਸਿਰਫ਼ ਆਦਮੀ ਨੂੰ ਹੀ ਮਰਨਾ ਚਾਹੀਦਾ ਹੈ। ਤੁਹਾਨੂੰ ਕੁੜੀ ਨੂੰ ਕੁਝ ਨਹੀਂ ਕਰਨਾ ਚਾਹੀਦਾ ਕਿਉਂ ਜੋ ਉਸਨੇ ਅਜਿਹਾ ਕੁਝ ਨਹੀਂ ਕੀਤਾ ਜਿਸ ਨਾਲ ਉਹ ਮੌਤ ਦੀ ਅਧਿਕਾਰਨ ਹੋਵੇ। ਇਹ ਕਿਸੇ ਬੰਦੇ ਦੇ ਆਪਣੇ ਗੁਆਂਢੀ ਉੱਤੇ ਹਮਲਾ ਕਰਕੇ ਉਸਨੂੰ ਮਾਰਨ ਵਾਂਗ ਹੀ ਹੈ। ਕਿਉਂ ਕਿ ਆਦਮੀ ਨੇ ਮੰਗੀ ਹੋਈ ਕੁੜੀ ਉੱਤੇ ਖੇਤ ਵਿਚ ਹਮਲਾ ਕੀਤਾ। ਹੋ ਸਕਦਾ ਹੈ ਕਿ ਉਸਨੇ ਸਹਾਇਤਾ ਲਈ ਆਵਾਜ਼ਾਂ ਮਾਰੀਆਂ ਹੋਣ ਪਰ ਉੱਥੇ ਉਸਦੀ ਸਹਾਇਤਾ ਕਰਨ ਵਾਲਾ ਕੋਈ ਨਾ ਹੋਵੇ। ਇਸ ਲਈ ਉਸਨੂੰ ਸਜ਼ਾ ਨਹੀਂ ਮਿਲਣੀ ਚਾਹੀਦੀ।"

ਇਸੇ ਪ੍ਰਕਾਰ ਅਜਿਹੇ ਮਾਮਲਿਆਂ ਵਿਚ ਕੁੜੀ ਦੇ ਵਿਆਹਹ ਸੰਬੰਧੀ ਯਹੂਦੀ ਧਰਮ ਦੇ ਪੁਰਾਣੇ ਨੇਮ ਵਿਚ ਦਰਜ ਨਿਯਮ ਇਸ ਪ੍ਰਕਾਰ ਹਨ- "ਹੋ ਸਕਦਾ ਹੈ ਕਿਸੇ ਬੰਦੇ ਨੂੰ ਕੋਈ ਕੁਆਰੀ ਕੁੜੀ ਟੱਕਰੇ ਜਿਹੜੀ ਮੰਗੀ ਹੋਈ ਨਾ ਹੋਵੇ ਅਤੇ ਉਹ ਉਸ ਨਾਲ ਜ਼ਬਰਦਸਤੀ ਜਿਨਸੀ ਸੰਬੰਧ ਕਾਇਮ ਕਰੇ। ਜੇ ਹੋਰ ਲੋਕ ਇਸਨੂੰ ਵਾਪਰਦਿਆਂ ਦੇਖ ਲੈਣ, ਤਾਂ ਉਸਨੂੰ ਕੁੜੀ ਦੇ ਪਿਤਾ ਨੂੰ ਵੀਹ ਓਂਸ ਚਾਂਦੀ ਦੇਣੀ ਚਾਹੀਦੀ ਹੈ। ਅਤੇ ਉਹ ਉਸ ਦੀ ਪਤਨੀ ਬਣ ਜਾਵੇਗੀ। ਕਿਉਂ ਕਿ ਉਸਨੇ ਉਸਦਾ ਨਿਰਾਦਰ ਕੀਤਾ, ਉਹ ਉਸਨੂੰ ਆਪਣੀ ਸਾਰੀ ਉਮਰ ਤਲਾਕ ਨਹੀਂ ਦੇ ਸਕਦਾ।"

### 8.4.8 ਇਕ ਤੋਂ ਵੱਧ ਵਿਆਹ ਅਤੇ ਸੰਤਾਨ ਦੇ ਹੱਕ ਸੰਬੰਧੀ

ਇਕ ਵਿਆਹ ਤੋਂ ਵੱਧ ਵਿਆਹ ਦੀ ਸਹਿਮਤੀ ਸੰਬੰਧੀ ਯਹੂਦੀ ਪਰੰਪਰਾ ਵਿਚ ਅਨੇਕਾਂ ਥਾਵਾਂ 'ਤੇ ਸੰਕੇਤ ਪ੍ਰਾਪਤ ਹੁੰਦੇ ਹਨ। ਪੈਗੰਬਰ ਅਬਰਾਹਮ ਦੇ ਇਕ ਤੋਂ ਵੱਧ ਵਿਆਹਾਂ ਦਾ ਵੇਰਵਾ ਪੁਰਾਣੇ ਨੇਮ ਵਿਚ ਪ੍ਰਾਪਤ ਹੋ ਜਾਂਦਾ ਹੈ। ਯਹੂਦੀ ਗ੍ਰੰਥ ਵਿਚ ਇਸ ਧਰਮ ਦੇ ਅਨੁਯਾਈ ਦੁਆਰਾ ਇਕ ਤੋਂ ਵੱਧ ਵਿਆਹ ਅਤੇ ਇਸ ਵਿਆਹ ਤੋਂ ਹੋਣ ਵਾਲੀ ਸੰਤਾਨ ਦੇ ਹੱਕ ਸੰਬੰਧੀ ਨਿਯਮ ਇਸ ਪ੍ਰਕਾਰ ਮਿਲਦੇ ਹਨ- "ਹੋ ਸਕਦਾ ਹੈ ਕਿਸੇ ਆਦਮੀ ਦੀਆਂ ਦੋ ਪਤਨੀਆਂ ਹੋਣ ਅਤੇ ਉਹ ਇਕ ਪਤਨੀ ਨੂੰ ਦੂਜੀ ਨਾਲੋਂ ਵਧੇਰੇ ਪਿਆਰ ਕਰਦਾ ਹੋਵੇ। ਦੋਹਾਂ ਪਤਨੀਆਂ ਦੇ ਉਸ ਤੋਂ ਬੱਚੇ ਵੀ ਹੋਣ। ਹੋ

ਸਕਦਾ ਹੈ ਪਹਿਲਾ ਬੱਚਾ ਉਸ ਪਤਨੀ ਦਾ ਹੋਵੇ ਜਿਸਨੂੰ ਉਹ ਪਿਆਰ ਨਹੀਂ ਕਰਦਾ। ਜਦੋਂ ਉਹ ਬੰਦਾ ਆਪਣੀ ਜ਼ਾਇਦਾਦ ਆਪਣੇ ਬੱਚਿਆਂ ਵਿਚ ਵੰਡੇਗਾ, ਉਹ ਆਪਣੀ ਪਤਨੀ ਦੇ ਪੁੱਤਰ, ਜਿਸਨੂੰ ਉਹ ਪਿਆਰ ਕਰਦਾ, ਉਹ ਚੀਜ਼ਾਂ ਨਹੀਂ ਦੇ ਸਕਦਾ ਜਿਹੜੀਆਂ ਉਸਦੀ, ਦੂਸਰੀ ਪਤਨੀ ਦੇ ਪਲੇਠੇ ਪੁੱਤਰ ਨੂੰ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ ਜਿਸਨੂੰ ਉਹ ਪਿਆਰ ਨਹੀਂ ਕਰਦਾ। ਉਸ ਨੂੰ ਆਪਣੀ ਪਤਨੀ ਦੇ ਪਲੇਠੇ ਪੁੱਤਰ ਨੂੰ ਪਰਵਾਨ ਕਰ ਲੈਣਾ ਚਾਹੀਦਾ, ਜਿਸਨੂੰ - ਉਹ ਪਿਆਰ ਨਹੀਂ ਕਰਦਾ ਅਤੇ ਉਸਨੂੰ ਆਪਣੀਆਂ ਸਾਰੀਆਂ । ਚੀਜ਼ਾਂ ਦਾ ਦੂਹਰਾ ਹਿੱਸਾ ਦੇਣਾ ਚਾਹੀਦਾ ਹੈ ਕਿਉਂ ਕਿ ਉਹ ਉਸਦਾ ਪਲੇਠਾ ਹੈ ਅਤੇ ਪਲੇਠੇ ਦੇ ਹੱਕ ਸਿਰਫ਼ ਉਸ ਇਕੱਲੇ ਦੇ ਹਨ।"

**8.4.9 ਤਲਾਕ ਸੰਬੰਧੀ**

ਤਲਾਕ ਸੰਬੰਧੀ ਪੁਰਾਣੇ ਨੇਮ ਵਿਚੋਂ ਪ੍ਰਾਪਤ ਹੋਣ ਵਾਲੇ ਯਹੂਦੀ ਨਿਯਮਾਂ ਵਿਚੋਂ ਕੁਝ ਨਿਯਮ ਇਸ ਪ੍ਰਕਾਰ ਹਨ- "ਹੋ ਸਕਦਾ ਹੈ ਕੋਈ ਬੰਦਾ ਕਿਸੇ ਔਰਤ ਨਾਲ ਸ਼ਾਦੀ ਕਰੇ ਅਤੇ ਬਾਦ ਵਿਚ ਉਸਨੂੰ ਉਸਦੇ ਬਾਰੇ ਕਿਸੇ ਅਜਿਹੀ ਗੁਪਤ ਗੱਲ ਦਾ ਪਤਾ ਲੱਗੇ ਜਿਸਨੂੰ ਉਹ ਪਸੰਦ ਨਹੀਂ ਕਰਦਾ। ਜੇ ਉਹ ਬੰਦਾ ਉਸ ਨਾਲ ਪ੍ਰਸੰਨ ਨਹੀਂ ਹੈ ਤਾਂ ਉਸਨੂੰ ਤਲਾਕ ਦੇ ਕਾਗ਼ਜ਼ ਤਿਆਰ ਕਰਕੇ ਉਸਨੂੰ ਦੇਣੇ ਚਾਹੀਦੇ ਹਨ। ਫ਼ੇਰ ਉਸਨੂੰ ਆਪਣੇ ਘਰ ਤੋਂ ਬਾਹਰ ਭੇਜ ਦੇਣਾ ਚਾਹੀਦਾ ਹੈ। ਜਦੋਂ ਉਹ ਉਸਦਾ ਘਰ ਛੱਡ ਜਾਵੇ, ਉਹ ਜਾਕੇ ਕਿਸੇ ਹੋਰ ਆਦਮੀ ਦੀ ਪਤਨੀ ਬਣ ਸਕਦੀ ਹੈ3ਪਰ ਫ਼ਰਜ਼ ਕਰੋ, ਅਗਲਾ ਪਤੀ ਵੀ ਉਸਨੂੰ ਪਸੰਦ ਨਹੀਂ ਕਰਦਾ, ਉਸ ਨੂੰ ਤਲਾਕ ਦੇ ਕਾਗਜ਼ਾਤ ਤਿਆਰ ਕਰਕੇ ਅਤੇ ਉਸਨੂੰ ਦੇ ਦੇਣੇ ਚਾਹੀਦੇ ਹਨ। ਫ਼ੇਰ ਬੰਦੇ ਨੂੰ ਉਸ ਨੂੰ ਆਪਣੇ ਘਰੋਂ ਬਾਹਰ ਭੇਜ ਦੇਣਾ ਚਾਹੀਦਾ ਹੈ। ਜੇ ਉਹ - ਆਦਮੀ ਉਸਨੂੰ ਤਲਾਕ ਦੇ ਦਿੰਦਾ, ਤਾਂ ਹੋ ਸਕਦਾ ਹੈ ਕਿ ਉਸਦਾ ਪਹਿਲਾ ਪਤੀ ਉਸ ਨੂੰ ਫ਼ਿਰ ਤੋਂ ਆਪਣੀ ਪਤਨੀ ਵਜੋਂ ਸਵੀਕਾਰ ਨਾ ਕਰੇ। ਜਾਂ ਜੇ ਨਵਾਂ ਪਤੀ ਮਰ ਜਾਵੇ, ਤਾਂ ਹੋ ਸਕਦਾ ਹੈ ਕਿ ਪਹਿਲਾ ਪਤੀ ਉਸ ਨੂੰ ਦੋਬਾਰਾ ਆਪਣੀ ਪਤਨੀ ਵਜੋਂ ਸਵੀਕਾਰ ਨਾ ਕਰੇ। ਉਹ ਪਲੀਤ ਹੋ ਚੁੱਕੀ ਹੈ, ਤੇ ਜੇ ਉਸਨੇ ਉਸ ਨਾਲ ਫ਼ੇਰ ਵਿਆਹ ਕੀਤਾ, ਉਹ ਕੁਝ ਅਜਿਹਾ ਕਰ ਰਿਹਾ ਹੋਵੇਗਾ ਜਿਸਨੂੰ ਯਹੋਵਾਹ ਨਫ਼ਰਤ ਕਰਦਾ ਹੈ। ਤੁਹਾਨੂੰ ਉਸ ਧਰਤੀ ਨੂੰ ਪਾਪ ਦੀ ਦੋਸ਼ੀ ਨਹੀਂ ਬਨਾਉਣਾ ਚਾਹੀਦਾ, ਜਿਹੜੀ ਯਹੋਵਾਹ, ਤੁਹਾਡਾ ਪਰਮੇਸ਼ੁਰ, ਤੁਹਾਨੂੰ ਦੇ ਰਿਹਾ ਹੈ।"

**8.5 ਮ੍ਰਿਤਕ ਸੰਸਕਾਰ**

ਯਹੂਦੀ ਧਰਮ ਪਰੰਪਰਾ ਵਿਚ ਮੌਤ ਦੇ ਸੰਸਕਾਰ ਨਾਲ ਸੰਬੰਧਿਤ ਅਨੇਕਾਂ ਮਹੱਤਵਪੂਰਨ ਰਸਮਾਂ ਹਨ। ਇਨ੍ਹਾਂ ਰਸਮਾਂ ਦਾ ਉਦੇਸ਼ ਮ੍ਰਿਤਕ ਦਾ ਸਨਮਾਨ ਕਰਨਾ, ਸੋਗ ਕਰਨ ਵਾਲਿਆਂ ਨੂੰ ਦਿਲਾਸਾ ਦੇਣਾ ਅਤੇ ਮੌਤ ਤੋਂ ਬਾਅਦ ਆਤਮਾ ਦੀ ਯਾਤਰਾ ਬਾਰੇ ਵਿਸ਼ਵਾਸਾਂ ਦੀ ਪੁਸ਼ਟੀ ਹੈ। ਕਿਸੇ ਵਿਅਕਤੀ ਦੀ ਮੌਤ ਤੋਂ ਬਾਅਦ ਯਹੂਦੀ ਧਰਮ ਵਿਚ ਹੇਠ ਲਿਖੇ ਨਿਯਮਾਂ ਜਾਂ ਰਸਮਾਂ ਦੀ ਪਾਲਣਾ ਕੀਤੀ ਜਾਂਦੀ ਹੈ-

**8.5.1 ਤਹਰਾਹ (ਸ਼ੁੱਧੀਕਰਨ)**

ਮੌਤ ਤੋਂ ਬਾਅਦ, ਸਰੀਰ ਨੂੰ ਵਲੰਟੀਅਰਾਂ ਦੇ ਇਕ ਸਮੂਹ ਦੁਆਰਾ ਨਹਲਾਇਆ ਜਾਂਦਾ ਹੈ ਅਤੇ ਰਸਮੀ ਤੌਰ 'ਤੇ ਸ਼ੁੱਧ ਕੀਤਾ ਜਾਂਦਾ ਹੈ ਜਿਸਨੂੰ ਸ਼ੇਵਰਾ ਕਦੀਸ਼ਾ (ਪਵਿੱਤਰ ਸਮਾਜ) ਵਜੋਂ ਜਾਣਿਆ ਜਾਂਦਾ ਹੈ। ਇਸ ਪ੍ਰਕਿਰਿਆ ਦੌਰਾਨ ਸਰੀਰ ਨੂੰ ਮਾਣ ਅਤੇ ਸਤਿਕਾਰ ਨਾਲ ਪੇਸ਼ ਕੀਤਾ ਜਾਂਦਾ ਹੈ। ਸਾਰੇ ਗਹਿਣੇ ਅਤੇ ਸਰੀਰਿਕ ਤਰਲ ਪਦਾਰਥ ਹਟਾ ਦਿੱਤੇ ਜਾਂਦੇ ਹਨ। ਫਿਰ ਸਰੀਰ ਨੂੰ ਸਧਾਰਨ ਚਿੱਟੇ ਕਫ਼ਨ ਵਿਚ ਲਪੇਟਿਆ ਜਾਂਦਾ ਹੈ।

**8.5.2 ਸ਼ਮੀਰਾ (ਸਰੀਰ ਦੀ ਰਾਖੀ)**

ਅੰਤਿਮ ਸੰਸਕਾਰ ਤੋਂ ਪਹਿਲਾਂ, ਪਰਿਵਾਰਕ ਮੈਂਬਰਾਂ ਜਾਂ ਸਮਾਜ ਦੇ ਮੈਂਬਰਾਂ ਲਈ ਲਾਸ਼ ਦੇ ਨਾਲ ਰਹਿਣ, ਭਜਨ ਪਾਠ ਕਰਨ ਅਤੇ ਮ੍ਰਿਤਕ ਨੂੰ ਦਿਲਾਸਾ ਦੇਣ ਦਾ ਰਿਵਾਜ ਹੈ।

**8.5.3 ਕੇਵੁਰਾਹ (ਦਫ਼ਨਾਉਣ)**

ਯਹੂਦੀ ਕਾਨੂੰਨ ਮਰੇ ਹੋਏ ਵਿਅਕਤੀ ਨੂੰ ਤੁਰੰਤ ਦਫ਼ਨਾਉਣ 'ਤੇ ਜ਼ੋਰ ਦਿੰਦਾ ਹੈ, ਤਰਜੀਹੀ ਤੌਰ 'ਤੇ ਮੌਤ ਦੇ 24 ਘੰਟਿਆਂ ਦੇ ਅੰਦਰ। ਜੇ ਸੰਭਵ ਹੋਵੇ ਤਾਂ ਸਰੀਰ ਨੂੰ ਬਿਨਾਂ ਤਾਬੂਤ ਦੇ ਜ਼ਮੀਨ ਵਿਚ ਰੱਖਿਆ ਜਾਂਦਾ ਹੈ, ਜਿਹੜਾ ਕਿ ਧਰਤੀ ਉੱਤੇ ਵਾਪਸ ਆਉਣ ਦੇ ਪ੍ਰਤੀਕ ਵਜੋਂ ਮੰਨਿਆ ਜਾਂਦਾ ਹੈ ਜਿਸ ਤੋਂ ਮਨੁੱਖਤਾ ਦੀ ਸਿਰਜਣਾ ਕੀਤੀ ਗਈ ਸੀ।

**8.5.4 ਸ਼ਿਵ (ਸੋਗ ਦੇ ਸੱਤ ਦਿਨ)**

ਦਫ਼ਨਾਉਣ ਤੋਂ ਬਾਅਦ, ਨਜ਼ਦੀਕੀ ਪਰਿਵਾਰ ਆਮ ਤੌਰ 'ਤੇ ਸ਼ਿਵ ਵਜੋਂ ਜਾਣੇ ਜਾਂਦੇ ਸੋਗ ਨੂੰ ਮਨਾਉਂਦਾ ਹੈ, ਜੋ ਸੱਤ ਦਿਨਾਂ ਤੱਕ ਰਹਿੰਦਾ ਹੈ। ਇਸ ਸਮੇਂ ਦੌਰਾਨ, ਸੋਗ ਵਾਲੇ ਘਰ ਜਾਂ ਮ੍ਰਿਤਕ ਦੇ ਘਰ ਨਜ਼ਦੀਕੀ ਪਰਿਵਾਰ ਅਤੇ ਰਿਸ਼ਤੇਦਾਰ ਰਹਿੰਦੇ ਹਨ, ਜਿੱਥੇ ਉਹ ਸ਼ਰਧਾਂਜਲੀ ਅਤੇ ਸਹਾਇਤਾ ਦੇਣ ਲਈ ਆਉਣ ਵਾਲੇ ਮਹਿਮਾਨਾਂ ਨੂੰ ਦੀ ਸੇਵਾ

ਕਰਦੇ ਹਨ। ਸੋਗ ਕਰਨ ਵਾਲੇ ਕੁਝ ਗਤੀਵਿਧੀਆਂ ਤੋਂ ਪਰਹੇਜ਼ ਕਰਦੇ ਹਨ, ਜਿਵੇਂ- ਕੰਮ, ਅਨੰਦ ਲਈ ਨਹਾਉਣਾ, ਅਤੇ ਚਮੜੇ ਦੇ ਜੁੱਤੇ ਪਹਿਨਣੇ।

**8.5.5 ਸ਼ਲੋਸ਼ਿਮ (ਸੋਗ ਦੇ ਤੀਹ ਦਿਨ)**

ਸ਼ਿਵ ਤੋਂ ਬਾਅਦ, ਸ਼ਲੋਸ਼ਿਮ ਵਜੋਂ ਜਾਣਿਆ ਜਾਂਦਾ ਸੋਗ ਮਨਾਇਆ ਜਾਂਦਾ ਹੈ , ਜੋ 30 ਦਿਨਾਂ ਤੱਕ ਚੱਲਦਾ ਹੈ। ਇਸ ਸਮੇਂ ਦੌਰਾਨ, ਸੋਗ ਕਰਨ ਵਾਲੇ ਹੌਲੀ-ਹੌਲੀ ਆਪਣੀਆਂ ਆਮ ਗਤੀਵਿਧੀਆਂ ਵਿਚ ਵਾਪਸ ਆਉਂਦੇ ਹਨ ਪਰ ਖੁਸ਼ੀ ਦੇ ਸਮਾਗਮਾਂ, ਜਿਵੇਂ ਕਿ ਪਾਰਟੀਆਂ ਜਾਂ ਜਸ਼ਨਾਂ ਵਿਚ ਸ਼ਾਮਲ ਹੋਣ ਤੋਂ ਪਰਹੇਜ਼ ਕਰਦੇ ਹਨ।

**8.5.6 ਯਾਹਰਜ਼ੇਤ (ਮੌਤ ਦੀ ਵਰ੍ਹੇਗੰਢ)**

ਮੌਤ ਦੀ ਵਰ੍ਹੇਗੰਢ, ਜਿਸ ਨੂੰ ਯਾਹਰਜੇਤ ਵਜੋਂ ਜਾਣਿਆ ਜਾਂਦਾ ਹੈ, ਹਰ ਸਾਲ ਇਕ ਯਾਦਗਾਰੀ ਮੋਮਬੱਤੀ ਜਗਾ ਕੇ ਅਤੇ ਕਦੀਸ਼ ਦਾ ਪਾਠ ਕਰਕੇ, ਅਤੇ ਮ੍ਰਿਤਕ ਲਈ ਪ੍ਰਾਰਥਨਾ ਕਰਕੇ ਮਨਾਇਆ ਜਾਂਦਾ ਹੈ। ਪਰਿਵਾਰਕ ਮੈਂਬਰ ਸਿਨਾਗੌਗ ਸੇਵਾਵਾਂ ਵਿਚ ਅਤੇ ਮ੍ਰਿਤਕ ਦੀ ਯਾਦ ਵਿਚ ਚੈਰਿਟੀ ਦੇ ਕੰਮਾਂ ਵਿਚ ਸ਼ਾਮਲ ਹੁੰਦੇ ਹਨ।

**8.5.7 ਕਬਰ ਦੇ ਪੱਥਰ ਦਾ ਉਦਘਾਟਨ**

ਦਫ਼ਨਾਉਣ ਤੋਂ ਲਗਭਗ ਇਕ ਸਾਲ ਬਾਅਦ, ਕਬਰਸਤਾਨ 'ਤੇ ਇਕ ਮਕਬਰਾ ਜਾਂ ਸਮਾਰਕ ਰੱਖਿਆ ਜਾਂਦਾ ਹੈ ਅਤੇ ਸਮਾਰਕ ਨੂੰ ਸਮਰਪਿਤ ਕਰਨ ਲਈ ਇਕ ਰਸਮ ਦਾ ਆਯੋਜਨ ਕੀਤਾ ਜਾਂਦਾ ਹੈ ਜਿਸ ਨੂੰ ਅਨਾਵਰਣ ਵਜੋਂ ਜਾਣਿਆ ਜਾਂਦਾ ਹੈ। ਇਸ ਰਸਮ ਦੌਰਾਨ ਪਰਿਵਾਰ ਅਤੇ ਦੋਸਤ ਪ੍ਰਾਰਥਨਾ ਦਾ ਪਾਠ ਕਰਨ, ਮ੍ਰਿਤਕ ਦੀਆਂ ਯਾਦਾਂ ਸਾਂਝੀਆਂ ਕਰਨ ਲਈ ਇਕੱਠੇ ਹੁੰਦੇ ਹਨ।

ਮ੍ਰਿਤਕ ਸੰਸਕਾਰ ਨਾਲ ਸੰਬੰਧਿਤ ਇਹ ਸਾਰੀਆਂ ਰਸਮਾਂ ਅਤੇ ਰੀਤੀ-ਰਿਵਾਜ ਸੋਗ ਕਰਨ ਵਾਲਿਆਂ ਨੂੰ ਯਹੂਦੀ ਪਰੰਪਰਾ ਦੇ ਅਨੁਸਾਰ ਆਪਣੇ ਅਜ਼ੀਜ਼ਾਂ ਦੀ ਯਾਦ ਦਾ ਸਨਮਾਨ ਕਰਨ ਲਈ ਕੀਤੀਆਂ ਜਾਂਦੀਆਂ ਹਨ।

**8.6 ਸਾਰ**

ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਯਹੂਦੀ ਧਰਮ ਵਿਚ ਆਪਣੇ ਧਾਰਮਿਕ ਗ੍ਰੰਥਾਂ ਦੇ ਨਿਯਮਾਂ ਨੂੰ ਮੁੱਖ ਰੱਖਦੇ ਹੋਏ ਧਾਰਮਿਕ ਸੰਸਕਾਰ ਨਿਭਾਏ ਜਾਂਦੇ ਹਨ। ਇਸ ਧਰਮ ਵਿਚ ਖੁਸ਼ੀ ਅਤੇ ਗਮੀ ਦੇ ਮੌਕਿਆਂ ’ਤੇ ਕੀਤੀਆਂ ਜਾਣ ਵਾਲੀਆਂ ਰਸਮਾਂ, ਪੈਗੰਬਰ ਮੂਸਾ ਨੂੰ ਯਹੋਵਾਰ ਪਰਮੇਸ਼ੁਰ ਦੁਆਰਾ ਕੀਤੇ ਗਏ ਹੁਕਮਾਂ ’ਤੇ ਆਧਾਰਿਤ ਹਨ।

ਹਾਲਾਤ ਅਤੇ ਖਿੱਤੇ ਅਨੁਸਾਰ ਭਾਵੇਂ ਇਨ੍ਹਾਂ ਵਿਚ ਥੋੜ੍ਹਾ ਬਹੁਤ ਬਦਲਾਅ ਹੋ ਸਕਦਾ ਹੈ ਪਰੰਤੂ ਇਨ੍ਹਾਂ ਦੇ ਮੁੱਖ ਸਿਧਾਂਤ ਵਿਚ ਉਲੰਘਣਾ ਦੀ ਗੁੰਜਾਇਸ਼ ਨਹੀਂ ਹੁੰਦੀ।

**8.7 ਪੜ੍ਹਣਯੋਗ ਪੁਸਤਕਾਂ**


- ਤੇਜਿੰਦਰ ਕੌਰ ਧਾਲੀਵਾਲ, ਯਹੂਦੀ ਅਤੇ ਇਸਾਈ ਧਰਮ (ਇਕ ਸੰਖੇਪ ਜਾਣਕਾਰੀ), ਗ੍ਰੇਸ਼ਿਅਸ ਬੁੱਕਸ ਪਟਿਆਲਾ, 2008
- LOUIS FINKELSTEIN, The Beliefs And Practices Of Judaism, Literary Licensing, LLC, USA, 2012.
- Hyam Maccoby, Ritual and Morality: The Ritual Purity System and its Place in Judaism, Cambridge University Press, 1999.
- Mitchell First, Roots and Rituals: Insights into Hebrew, Holidays, and History, Kodesh Press L.L.C., 2019.
- Rev. Dr. Salatiel Sidhu, Holidays and Rituals of Jews and Christians, Author House, 2013.
- The Rituals & Practices of a Jewish Life, Edited by Rabbi Kerry M. Olitzky & Rabbi Daniel Judson, Jewish Lights Publishing, 2002.
- Vanessa L. Ochs, INVENTING JEWISH RITUAL, Jewish Publication Society, 2007.
- GEORGE ROBINSON, ESSENTIAL JUDAISM: A COMPLETE GUIDE TO BELIEFS, CUSTOMS, AND RITUALS, Atria Books, 2001.
- Routledge Handbook of Jewish Ritual and Practice, Edited by Oliver Leaman, ROUTLEDGE HANDBOOKS, UK.
- Rebecca Davidowitz, Jewish Ritual Silver And Other Hebraica, Kessinger Publishing, 2010.
- Vicki L. Weber, Tradition! Celebration and Ritual in Jewish Life, Behrman House Inc., U.S.A, 2000.
- DovBer Pinson, The Jewish Wedding: A Guide to the Rituals and Traditions of the Wedding Ceremony, IYYUN PUBLISHING, 2020.


**8.8 ਅਭਿਆਸ ਲਈ ਪ੍ਰਸ਼ਨ**

ਵੱਡੇ ਪ੍ਰਸ਼ਨ

4. ਜਨਮ ਸੰਸਕਾਰ ਨਾਲ ਸੰਬਿੰਧਤ ਯਹੂਦੀ ਧਰਮ ਦੀਆਂ ਰਸਮਾਂ ਬਾਰੇ ਤੁਸੀਂ ਕੀ ਜਾਣਦੇ ਹੋ?
5. ਵਿਆਹ ਸੰਸਕਾਰ ਸਮੇਂ ਯਹੂਦੀ ਧਰਮ ਵਿਚ ਕਿਹੜੀਆਂ-ਕਿਹੜੀਆਂ ਰਸਮਾਂ ਨਿਭਾਈਆਂ ਜਾਂਦੀਆਂ ਜਨ?
6. ਯਹੂਦੀ ਧਰਮ ਵਿਚ ਮ੍ਰਿਤਕ ਸੰਸਕਾਰ ਦੀਆਂ ਰਸਮਾਂ ਬਾਰੇ ਵਿਸਥਾਰ ਸਹਿਤ ਚਾਨਣਾ ਪਾਓ?

ਛੋਟੇ ਪ੍ਰਸ਼ਨ

1. ਯਹੂਦੀ ਧਰਮ ਵਿਚ ਬ੍ਰਿਟ ਮਿਲਾਹ (ਸੁੰਨਤ ਦਾ ਇਕਰਾਰ) ਰਸਮ ਕਿਵੇਂ ਨਿਭਾਈ ਜਾਂਦੀ ਹੈ?
2. ਬਾਰ ਮਿਤਜ਼ਵਾਹ (ਆਜਾਨ/ਹੁਕਮ ਦਾ ਪੁੱਤਰ ਬਾਰੇ ਤੁਸੀਂ ਕੀ ਜਾਣਦੇ ਹੋ?
3. ਵਿਆਹ ਸੰਸਕਾਰ ਸਮੇਂ ਯਹੂਦੀ ਧਰਮ ਵਿਚ 'ਬੇਡੇਕੇਨ (ਲਾੜੀ ਦਾ ਪਰਦਾ)' ਸੰਬੰਧੀ ਸੰਖੇਪ ਨੋਟ ਲਿਖੋ?
4. ਯਹੂਦੀ ਧਰਮ ਵਿਚ ਤਲਾਕ ਸੰਬੰਧੀ ਕੀ ਨਿਯਮ ਹਨ?
5. ਤਹਰਾਹ (ਸ਼ੁੱਧੀਕਰਨ) ਤੋਂ ਤੁਸੀ ਕੀ ਸਮਝਦੇ ਹੋ?
6. ਕੇਵੂਰਾਹ (ਦਫ਼ਨਾਉਣ) ਤੋਂ ਕੀ ਭਾਵ ਹੈ?

**CORE COURSE (CC): RELIGIOUS STUDIES**

**SEMESTER II** **Section - B**

**PAPER I: ਧਰਮ ਸੰਸਕਾਰ (ਜਨਮ, ਧਰਮ-ਪ੍ਰਵੇਸ਼, ਵਿਆਹ ਅਤੇ ਮ੍ਰਿਤਕ ਸੰਸਕਾਰ)**

ਯੂਨਿਟ- 9 ਈਸਾਈ ਧਰਮ ਸੰਸਕਾਰ: ਜਨਮ, ਧਰਮ ਪ੍ਰਵੇਸ਼, ਵਿਆਹ ਅਤੇ ਮ੍ਰਿਤਕ ਸੰਸਕਾਰ

9.0 ਵਿਸ਼ਾ ਪ੍ਰਵੇਸ਼

9.1 ਜਾਣ-ਪਛਾਣ

9.2 ਜਨਮ ਸੰਸਕਾਰ

9.2.1 ਬਪਤਿਸਮਾ: (Baptism)

9.2.2 ਨਾਮਕਰਨ ਦੀ ਰਸਮ: (Naming Ceremony )

9.2.3 ਸਮਰਪਣ ਸੇਵਾ: (Dedication Service)

9.2.4 ਪ੍ਰਾਰਥਨਾਵਾਂ ਅਤੇ ਅਸੀਸਾਂ: (Prayers and Blessings)

9.2.5 ਜਸ਼ਨ ਅਤੇ ਭਾਈਚਾਰਾ: (Celebration and Community)

9.3 ਧਰਮ-ਪ੍ਰਵੇਸ਼ ਸੰਸਕਾਰ

9.3.1 ਬਪਤਿਸਮਾ: ਵਿਸ਼ਵਾਸ ਦਾ ਦਰਵਾਜ਼ਾ (Baptism: The Gateway to Faith)

9.3.2 ਪੁਸ਼ਟੀ: ਆਤਮਾ ਨੂੰ ਗਲੇ ਲਗਾਉਣਾ (Confirmation: Embracing the Spirit)

9.3.3 ਪਹਿਲਾ ਸੰਚਾਰ: ਯਾਤਰਾ ਲਈ ਪੋਸ਼ਣ (First Communion: Nourishment for the Journey)

9.3.4 ਪ੍ਰਤੀਕਵਾਦ ਅਤੇ ਮਹੱਤਤਾ (Symbolism and Significance)

9.4 ਵਿਆਹ ਸੰਸਕਾਰ

9.4.1 ਵਿਆਹ ਦਾ ਨੇਮ/ਇਕਰਾਰਨਾਮਾ: (The Covenant of Marriage)

9.4.2 ਸੁੱਖਣਾ ਦਾ ਵਟਾਂਦਰਾ: (The Exchange of Vows)

9.4.3 ਰਿੰਗਾਂ ਦਾ ਪ੍ਰਤੀਕ: The Symbolism of Rings

9.4.4 ਯੂਨੀਅਨ ਦਾ ਆਸ਼ੀਰਵਾਦ: (The Blessing of the Union)

9.4.5 ਭਾਈਚਾਰੇ ਵਿਚ ਜਸ਼ਨ: Celebrating in Community

9.4.6 ਈਸਾਈ ਧਰਮ ਵਿਚ ਤਲਾਕ

9.5 ਮ੍ਰਿਤਕ ਸੰਸਕਾਰ

9.5.1 ਅੰਤਿਮ-ਸੰਸਕਾਰ ਸੇਵਾ: ਮ੍ਰਿਤਕਾਂ ਦਾ ਸਨਮਾਨ ਕਰਨਾ (Funeral Service)

9.5.2 ਵਚਨਬੱਧ ਸੇਵਾ: ਧਰਤੀ ਦੇ ਨਿਵਾਸ ਨੂੰ ਅਲਵਿਦਾ (Committal Service: A farewell to Earthy Dwelling)

9.5.3 ਮ੍ਰਿਤਕ ਸਰੀਰ ਦੇ ਨਿਪਟਾਰੇ ਦੀਆਂ ਅੰਤਮ ਰਸਮਾਂ

9.5.4 ਪੁਨਰ-ਉਥਾਨ ਦੀ ਉਮੀਦ: ਮੌਤ ਉੱਤੇ ਜਿੱਤ (Resurrection Hope: Triumph Over Death )

9.5.5 ਰੀਤੀ ਰਿਵਾਜ ਅਤੇ ਯਾਦ ਦੇ ਪ੍ਰਤੀਕ (Rituals and Symbols of Remembrance )

9.6 ਸਾਰ

9.7 ਪੜ੍ਹਣਯੋਗ ਪੁਸਤਕਾਂ

9.8 ਅਭਿਆਸ ਲਈ ਪ੍ਰਸ਼ਨ

## 9.0 ਵਿਸ਼ਾ ਪ੍ਰਵੇਸ਼

ਪ੍ਰਸਤੁਤ ਯੂਨਿਟ ਪੱਛਮੀ ਧਰਮਾਂ ਦੀ ਲੜੀ ਵਿਚ ਸ਼ਾਮਿਲ ਈਸਾਈ ਧਰਮ ਨਾਲ ਸੰਬੰਧਿਤ ਹੈ। ਇਸ ਦਾ ਦਾ ਉਦੇਸ਼ ਵਿਦਿਆਰਥੀਆਂ ਨੂੰ ਈਸਾਈ ਧਰਮ ਦੇ ਵੱਖ-ਵੱਖ ਸੰਸਕਾਰਾਂ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ। ਇਨ੍ਹਾਂ ਸੰਸਕਾਰਾਂ ਵਿਚ ਈਸਾਈ ਦੇ ਜਨਮ, ਧਰਮ ਪ੍ਰਵੇਸ਼, ਵਿਆਹ ਅਤੇ ਮੌਤ ਦੇ ਸੰਸਕਾਰਾਂ ਨੂੰ ਸ਼ਾਮਿਲ ਕੀਤਾ ਗਿਆ ਹੈ।

## 9.1 ਜਾਣ-ਪਛਾਣ

ਈਸਾਈ ਧਰਮ ਗਿਣਤੀ ਪੱਖੋਂ ਸੰਸਾਰ ਦਾ ਸਭ ਤੋਂ ਵੱਡਾ ਧਰਮ ਹੈ ਜਿਸ ਦੇ ਵਿਸ਼ਵ ਦੇ ਵੱਖ-ਵੱਖ ਦੇਸ਼ਾਂ ਵਿਚ ਅਨੇਕਾਂ ਪੈਰੋਕਾਰ ਹਨ। ਅਬਰਹਿਮੀ ਧਰਮਾਂ ਦੀ ਲੜੀ ਵਿਚ ਯਹੂਦੀ ਧਰਮ ਤੋਂ ਬਾਅਦ ਦੂਜਾ ਧਰਮ ਹੈ ਜਿਸ ਦੇ ਬਾਨੀ ਈਸਾ ਮਸੀਹ ਸਨ ਜਿਨ੍ਹਾਂ ਦੇ ਜੀਵਨ ਬਿਰਤਾਂਤ ਦੇ ਵੇਰਵੇ ਬਾਈਬਲ ਦੇ ਨਵੇਂ ਨੇਮ ਵਿਚੋਂ ਪ੍ਰਾਪਤ ਹੁੰਦੇ ਹਨ। ਯਹੂਦੀ ਧਰਮ ਵਾਂਗ ਈਸਾਈ ਧਰਮ ਦੇ ਪੈਰੋਕਾਰ ਵੀ ਪੈਗੰਬਰ ਅਬਰਾਹਮ ਨੂੰ ਆਪਣਾ ਧਾਰਮਿਕ ਵਡੇਰਾ ਮੰਨਦੇ ਹਨ। ਈਸਾਈ ਧਰਮ ਪੈਗੰਬਰ ਅਬਰਾਹਿਮ ਸਮੇਤ ਪੈਗੰਬਰ ਮੂਸਾ ਨੂੰ ਵੀ ਆਪਣਾ ਧਾਰਮਿਕ ਨਬੀ ਮੰਨਦੇ ਹਨ। ਇਸ ਧਰਮ ਦੇ ਪੈਰੋਕਾਰ ਆਪਣੇ ਧਰਮ ਗ੍ਰੰਥ ਬਾਈਬਲ ਵਿਚ ਨਵੇਂ ਨੇਮ ਸਮੇਤ ਪੁਰਾਣੇ ਨੇਮ (ਤੋਰਾਹ) ਨੂੰ ਵੀ ਸ਼ਾਮਿਲ ਕਰਦੇ ਹੋਏ ਇਸ ਦੀ ਲਿਖਤ ਅਤੇ ਨਬੀਆਂ ਤੇ ਆਪਣਾ ਵਿਸ਼ਵਾਸ ਪ੍ਰਗਟ ਕਰਦੇ ਹਨ। ਇਹ ਧਰਮ ਇਕ ਈਸ਼ਵਰਵਾਦੀ ਧਰਮ ਹੈ ਜੋ ਈਸਾ ਮਸੀਹ ਨੂੰ ਪਰਮਾਤਮਾ ਦੇ ਪੁੱਤਰ ਵਜੋਂ ਪ੍ਰਵਾਨ ਕਰਦਾ ਹੋਇਆ ਉਨ੍ਹਾਂ ਦੀ ਸ਼ਹਾਦਤ ਨੂੰ ਧਰਮ ਦਾ ਅਹਿਮ ਅੰਗ ਮੰਨ ਕੇ ਸ਼ਹੀਦੀ ਨੂੰ ਅਥਾਹ ਸਤਿਕਾਰ ਪ੍ਰਦਾਨ ਕਰਦਾ ਹੈ।

ਈਸਾਈ ਧਰਮ ਆਪਣੇ ਜੀਵਨ ਦੇ ਪ੍ਰਮੁੱਖ ਸੰਸਕਾਰਾਂ ਨੂੰ ਆਪਣੇ ਧਰਮ ਗ੍ਰੰਥ ਬਾਈਬਲ ਦੇ ਸਿਧਾਂਤ ਅਨੁਸਾਰ ਨਿਭਾਉਂਦੇ ਹਨ। ਸੰਸਾਰ ਦੇ ਵੱਡੇ ਖਿਤੇੱ ਵਿਚ ਫੈਲਿਆ ਹੋਣ ਕਾਰਨ ਇਸ ਧਰਮ ਦੇ ਸੰਸਕਾਰਾਂ ਵਿਚ ਖੇਤਰੀ ਅਤੇ ਸਮਾਜਿਕ ਹਾਲਾਤਾਂ ਅਨੁਸਾਰ ਕੁਝ ਵਖਰੇਵੇਂ ਵੀ ਵੇਖਣ ਨੂੰ ਮਿਲਦੇ ਹਨ ਪਰੰਤੂ ਮੂਲ ਸਿਧਾਂਤ ਵਿਚ ਇਕਸੁਰਤਾ ਹੈ। ਇਸ ਧਰਮ ਦੇ ਮੁੱਖ ਸੰਸਕਾਰ ਇਸ ਪ੍ਰਕਾਰ ਹਨ-

## 9.2 ਜਨਮ ਸੰਸਕਾਰ

ਇਕ ਬੱਚੇ ਦਾ ਜਨਮ ਬਹੁਤ ਸਾਰੀਆਂ ਸਭਿਆਚਾਰਾਂ ਵਿਚ ਇਕ ਪਵਿੱਤਰ ਅਤੇ ਅਨੰਦਮਈ ਘਟਨਾ ਹੈ, ਜੋ ਅਕਸਰ ਵੱਖ-ਵੱਖ ਰੀਤੀ-ਰਿਵਾਜਾਂ ਅਤੇ ਰਸਮਾਂ ਦੁਆਰਾ ਦਰਸਾਈ ਜਾਂਦੀ ਹੈ। ਈਸਾਈ ਵਿਸ਼ਵਾਸ ਦੇ ਅੰਦਰ, ਇਕ ਨਵੇਂ ਜੀਵਨ ਦੀ ਆਮਦ ਨੂੰ ਸ਼ਰਧਾ, ਧੰਨਵਾਦ ਅਤੇ ਉਮੀਦ ਨਾਲ ਮਨਾਇਆ ਜਾਂਦਾ ਹੈ। ਈਸਾਈ ਜਨਮ ਦੀਆਂ ਰਸਮਾਂ ਸੰਪਰਦਾਵਾਂ ਅਤੇ ਸੱਭਿਆਚਾਰਕ ਸੰਦਰਭਾਂ ਵਿਚ ਵੱਖੋ-ਵੱਖਰੀਆਂ ਹੁੰਦੀਆਂ ਹਨ, ਪਰ ਉਹ ਸਾਰੇ ਵਿਸ਼ਵਾਸ ਭਾਈਚਾਰੇ ਵਿਚ ਨਵਜੰਮੇ ਬੱਚੇ ਦਾ ਸੁਆਗਤ ਕਰਨ ਅਤੇ ਬੱਚੇ ਦੀ ਤੰਦਰੁਸਤੀ ਅਤੇ ਅਧਿਆਤਮਿਕ ਯਾਤਰਾ ਲਈ

ਪ੍ਰਾਰਥਨਾਵਾਂ ਵਿਚ ਸਾਂਝ ਪੇਸ਼ ਕਰਦੇ ਹਨ। ਇਸ ਭਾਗ ਵਿਚ ਅਸੀਂ ਕੁਝ ਮੁੱਖ ਈਸਾਈ ਧਰਮ ਦੇ ਜਨਮ ਸੰਸਕਾਰ ਨਾਲ ਸੰਬੰਧਿਤ ਰੀਤੀ ਰਿਵਾਜਾਂ, ਉਹਨਾਂ ਦੀ ਮਹੱਤਤਾ, ਅਤੇ ਉਹਨਾਂ ਨੂੰ ਦੁਨੀਆਂ ਭਰ ਵਿਚ ਕਿਵੇਂ ਅਭਿਆਸ ਕੀਤਾ ਜਾਂਦਾ ਹੈ, ਦੀ ਪੜਚੋਲ ਕਰਾਂਗੇ। ਇਸ ਦੇ ਮੁੱਖ ਹਿੱਸੇ ਇਸ ਪ੍ਰਕਾਰ ਹਨ-

**9.2.1 ਬਪਤਿਸਮਾ: (Baptism)**

ਈਸਾਈ ਧਰਮ ਵਿਚ ਸਭ ਤੋਂ ਮਹੱਤਵਪੂਰਨ ਜਨਮ ਰਸਮਾਂ ਵਿੱਚੋਂ ਇਕ ਬਪਤਿਸਮਾ ਹੈ। ਬਪਤਿਸਮਾ ਇਕ ਸੰਸਕਾਰ ਹੈ ਜੋ ਜ਼ਿਆਦਾਤਰ ਈਸਾਈ ਸੰਪਰਦਾਵਾਂ ਵਿਚ ਅਭਿਆਸ ਕੀਤਾ ਜਾਂਦਾ ਹੈ। ਇਹ ਪਾਪ ਦੀ ਸਫਾਈ ਅਤੇ ਈਸਾਈ ਧਰਮ ਵਿਚ ਸ਼ੁਰੂਆਤ ਦਾ ਪ੍ਰਤੀਕ ਹੈ। ਬਾਲ ਬਪਤਿਸਮੇ ਵਿਚ, ਬੱਚੇ ਦਾ ਚਰਚ ਦੇ ਭਾਈਚਾਰੇ ਵਿਚ ਸੁਆਗਤ ਕੀਤਾ ਜਾਂਦਾ ਹੈ ਅਤੇ ਮਸੀਹੀਅਤ ਦੇ ਇਕ ਮੈਂਬਰ ਵਜੋਂ ਚਿੰਨ੍ਹਿਤ ਕੀਤਾ ਜਾਂਦਾ ਹੈ। ਇਹ ਸੰਸਕਾਰ ਆਮ ਤੌਰ 'ਤੇ ਇਕ ਪੁਜਾਰੀ ਦੁਆਰਾ ਕੀਤਾ ਜਾਂਦਾ ਹੈ, ਜੋ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦਾ ਨਾਮ ਲੈਂਦੇ ਹੋਏ ਬੱਚੇ ਉੱਪਰ ਪਾਣੀ ਵਿਚ ਛਿੜਕਦਾ ਜਾਂ ਪਾਣੀ ਵਿਚ ਗੋਤੇ ਲਵਾਉਂਦਾ ਹੈ। ਮਾਤਾ-ਪਿਤਾ ਦੁਆਰਾ ਚੁਣੇ ਗਏ ਗੌਡਪੇਰੈਂਟ, ਬਪਤਿਸਮੇ ਦੀ ਰਸਮ ਵਿਚ ਇਕ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹਨ ਅਤੇ ਬੱਚੇ ਦੇ ਅਧਿਆਤਮਿਕ ਵਿਕਾਸ ਵਿਚ ਸਹਾਇਤਾ ਕਰਨ ਦਾ ਵਾਅਦਾ ਕਰਦੇ ਹਨ।

**9.2.2 ਨਾਮਕਰਨ ਦੀ ਰਸਮ: (Naming Ceremony )**

ਬਪਤਿਸਮੇ ਤੋਂ ਇਲਾਵਾ, ਬਹੁਤ ਸਾਰੇ ਈਸਾਈ ਪਰਿਵਾਰ ਆਪਣੇ ਨਵਜੰਮੇ ਬੱਚੇ ਨੂੰ ਅਧਿਕਾਰਤ ਤੌਰ 'ਤੇ ਨਾਮ ਦੇਣ ਲਈ ਨਾਮਕਰਨ ਦੀ ਰਸਮ ਕਰਦੇ ਹਨ। ਮਸੀਹੀ ਪਰੰਪਰਾ ਵਿਚ ਨਾਮ ਮਹੱਤਵਪੂਰਨ ਹਨ ਜੋ ਅਕਸਰ ਬਾਈਬਲ ਦੇ ਅਨੁਸਾਰੀਹੁੰਦੇ ਹਨ ਜਾਂ ਧਾਰਮਿਕ ਅਰਥ ਰੱਖਦੇ ਹਨ। ਨਾਮਕਰਨ ਦੀ ਰਸਮ ਦੌਰਾਨ, ਬੱਚੇ ਦੇ ਭਵਿੱਖ ਲਈ ਪ੍ਰਾਰਥਨਾਵਾਂ ਕੀਤੀਆਂ ਜਾਂਦੀਆਂ ਹਨ। ਪਰਿਵਾਰ ਅਤੇ ਦੋਸਤ ਨਵੇਂ ਜੀਵਨ ਦਾ ਜਸ਼ਨ ਮਨਾਉਣ ਲਈ ਇਕੱਠੇ ਹੁੰਦੇ ਹਨ ਅਤੇ ਅਸ਼ੀਰਵਾਦ ਦਿੰਦੇ ਹਨ। ਕੁਝ ਪਰੰਪਰਾਵਾਂ ਵਿਚ, ਮਾਪੇ ਆਪਣੇ ਬੱਚੇ ਨੂੰ ਇਕ ਸੰਤ ਦਾ ਨਾਮ ਦੇਣ ਦੀ ਚੋਣ ਕਰ ਸਕਦੇ ਹਨ, ਇਕ ਖਾਸ ਸੰਤ ਦਾ ਸਨਮਾਨ ਕਰਦੇ ਹੋਏ ਜਿਸ ਦੇ ਜੀਵਨ ਜਾਂ ਗੁਣਾਂ ਦੀ ਉਹ ਪ੍ਰਸ਼ੰਸਾ ਕਰਦੇ ਹਨ।

**9.2.3 ਸਮਰਪਣ ਸੇਵਾ: (Dedication Service)**

ਕੁਝ ਈਸਾਈ ਸੰਪਰਦਾਵਾਂ ਵਿਚ, ਖਾਸ ਤੌਰ 'ਤੇ ਪ੍ਰੋਟੈਸਟੈਂਟ ਸੰਪਰਦਾ ਦੇ ਅੰਦਰ, ਇਕ ਸਮਰਪਣ ਸੇਵਾ, ਬਾਲ ਬਪਤਿਸਮੇ ਦੇ ਵਿਕਲਪ ਵਜੋਂ ਰੱਖੀ ਜਾਂਦੀ ਹੈ। ਇਕ ਸਮਰਪਣ ਸੇਵਾ ਵਿਚ, ਮਾਪੇ ਆਪਣੇ ਬੱਚੇ ਨੂੰ ਕਲੀਸਿਯਾ ਦੇ ਸਾਮ੍ਹਣੇ ਪੇਸ਼ ਕਰਦੇ ਹਨ ਅਤੇ ਬੱਚੇ ਨੂੰ ਮਸੀਹੀ ਵਿਸ਼ਵਾਸ ਵਿਚ ਪਾਲਣ ਲਈ ਆਪਣੀ ਵਚਨਬੱਧਤਾ ਜ਼ਾਹਰ ਕਰਦੇ ਹਨ। ਕਲੀਸਿਯਾ, ਬਦਲੇ ਵਿਚ, ਬੱਚੇ ਨੂੰ ਅਧਿਆਤਮਿਕ ਤੌਰ 'ਤੇ ਸਮਰਥਨ ਅਤੇ ਪਾਲਣ ਪੋਸ਼ਣ ਕਰਨ ਦਾ ਵਾਅਦਾ ਕਰਦੀ ਹੈ। ਹਾਲਾਂਕਿ ਸਮਰਪਣ ਵਿਚ ਬਪਤਿਸਮੇ ਦੇ ਪਵਿੱਤਰ ਤੱਤ ਸ਼ਾਮਲ ਨਹੀਂ ਹੁੰਦੇ ਹਨ ਪਰ ਇਹ ਆਪਣੇ ਬੱਚੇ

